ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 201 Monday, October 21, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਜਿੱਤਣ ਵਾਲੀ ਪਾਰਟੀ ਨੂੰ ਮਿਲੇਗਾ ਘੱਟ ਵੋਟਰਾਂ ਦਾ ਸਾਥ : ਰਿਪੋਰਟ

ਵ੍ਹਿਟਬੀ, ਓਨਟਾਰੀਓ, 20 ਅਕਤੂਬਰ (ਪੋਸਟ ਬਿਊਰੋ) : ਇਨ੍ਹਾਂ ਚੋਣਾਂ ਵਿੱਚ ਜਿਹੜੀ ਵੱਡੀ ਗੱਲ ਸਾਹਮਣੇ ਆਈ ਹੈ ਉਹ ਵੋਟਰਾਂ ਦਾ ਲਿਬਰਲਾਂ ਤੇ ਕੰਜਰਵੇਟਿਵਾਂ ਕੋਲੋਂ ਦੂਰ ਚਲੇ ਜਾਣਾ ਹੈ। ਅਜੇ ਇਸ ਬਾਰੇ ਕੋਈ ਸਪਸਟ ਰਾਇ ਨਹੀਂ ਬਣ ਸਕੀ ਕਿ ਕਿਹੜੀ ਪਾਰਟੀ ਜਿੱਤੇਗੀ ਤੇ ਕਿਸ ਨੂੰ ਹਾਰ ਦਾ ਮੂੰਹ ਵੇਖਣਾ ਪਵੇਗਾ। ਪਰ ਪੋਲਿੰਗ ਤੋਂ ਸਾਹ-ਮਣੇ ਆਇਆ ਹੈ ਕਿ ਕੈਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਜਿੱਤਣ ਵਾਲੀ ਪਾਰਟੀ ਨੂੰ ਵੀ ਘੱਟ ਵੋਟਰਾਂ ਦਾ ਸਾਥ ਮਿਲੇਗਾ। ਨੈਨੋਜ਼ ਰਿਸਰਚ ਦੇ ਤਾਜ਼ਾ ਸਰਵੇਖਣਾ ਮੁਤਾਬਕ ਕੰਜ਼ਰਵੇਟਿਵਾਂ ਤੇ ਲਿਬਰਲਾਂ ਨੂੰ 31 ਫੀ ਸਦੀ ਵੋਟਰਾਂ ਦਾ ਸਾਥ ਮਿਲਦਾ ਨਜ਼ਰ ਆ ਰਿਹਾ ਹੈ। ਇਸ ਮਾਮਲੇ ਵਿੱਚ ਦੋਵਾਂ ਪਾਰਟੀਆਂ ਵਿਚਾਲੇ ਟਾਈ ਪੈ ਗਈ ਹੈ।



ਇਸ ਦੌਰਾਨ ਐਨਡੀਪੀ ਨੂੰ 19 ਫੀ ਸਦੀ ਦੇ ਨੇੜੇ ਤੇੜੇ ਤੇ ਬਲਾਕ ਕਿਊਬਿਕੁਆ ਨੂੰ 6.2 ਫੀ ਸਦੀ ਵੋਟਰਾਂ ਦਾ ਸਾਥ ਮਿਲਦਾ ਦਰਸਾਇਆ ਗਿਆ ਹੈ।

ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਇਨ੍ਹਾਂ ਦੋਵਾਂ ਵੱਡੀਆਂ ਪਾਰਟੀਆਂ ਨਾਲੋਂ ਟੁੱਟਣ ਤੋਂ ਬਾਅਦ ਵੋਟਰ ਜਾਂ ਤਾਂ ਐਨਡੀਪੀ ਦਾ ਜਾਂ ਗ੍ਰੀਨ ਤੇ ਜਾਂ ਫਿਰ ਬਲਾਕ ਕਿਊਬਿਕੁਆ ਦਾ ਸਾਥ ਦੇਣਗੇ। ਐਂਡਰਿਊ ਸ਼ੀਅਰ ਵੱਲੋਂ ਜਸਟਿਨ ਟਰੂਡੋ ਦੀ ਲਚਕੀਲੀ ਪਹੁੰਚ ਨੂੰ ਸਾਬੋਤਾਜ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਇਹ ਪ੍ਰਚਾਰ ਕੀਤਾ ਕਿ ਟਰੂਡੋ ਦਾ ਲੁਕਵਾਂ ਏਜੰਡਾ ਹੈ ਤੇ ਜੇ ਉਹ ਦੁਬਾਰਾ ਜਿੱਤਦੇ ਹਨ ਤਾਂ ਹਾਰਡ ਡਰੱਗਜ਼ ਨੂੰ ਕਾਨੂੰਨੀ ਜਾਮਾ ਪਹਿਨਾਉਣਗੇ, ਗੁੱਡਜ਼ ਐਂਡ ਸਰਵਿਸਿਜ਼ ਟੈਕਸ ਵਿੱਚ ਵਾਧਾ ਕਰਨਗੇ ਅਤੇ ਘਰਾਂ ਦੀ ਵਿੱਕਰੀ ਉੱਤੇ ਵੱਡਾ ਟੈਕਸ ਲਾਉਣਗੇ।

ਪਰ ਜਦੋਂ ਵ੍ਹਿਟਬੀ ਵਿੱਚ ਹੋਈ ਪ੍ਰੈੱਸ ਕਾਨਫਰੰਸ ਵਿੱਚ ਟਰੂਡੋ ਤੋਂ ਇਨ੍ਹਾਂ ਦਾਅਵਿਆਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਇਨ੍ਹਾਂ ਨੂੰ ਸਿਰੇ ਤੋਂ ਨਕਾਰ ਦਿੱਤਾ। ਉਨ੍ਹਾਂ ਆਖਿਆ ਕਿ ਬੜੀ ਮੰਦਭਾਗੀ ਗੱਲ ਹੈ ਕਿ ਕੰਜ਼ਰਵੇਟਿਵ ਸਾਡੇ ਖਿਲਾਫ ਅਜਿਹੇ ਹਮਲੇ ਕਰ ਰਹੇ ਹਨ ਜਦਕਿ ਉਨ੍ਹਾਂ ਕੋਲ ਦੇਣ ਲਈ ਕੱਖ ਨਹੀਂ ਹੈ ਸਗੋਂ ਉਹ ਕਟੌਤੀਆਂ ਕਰਨ ਵਿੱਚ ਹੀ ਯਕੀਨ ਕਰਦੇ ਹਨ। ਇੱਥੇ ਇਹ ਵੀ ਨਹੀਂ ਆਖਿਆ ਜਾ ਸਕਦਾ ਕਿ ਲਿਬਰਲ ਆਪਣੇ ਵਿਰੋਧੀਆਂ ਦਾ ਅਕਸ ਖਰਾਬ ਨਹੀਂ ਕਰ ਰਹੇ। ਲਿਬਰਲਾਂ ਵੱਲੋਂ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਜੇ ਸ਼ੀਅਰ ਸੱਤਾ ਸਾਂਭਦੇ ਹਨ ਤਾਂ ਉਹ ਅਬਾਰਸ਼ਨ ਸਬੰਧੀ ਬਿੱਲ ਲਿਆਉਣਗੇ।

# ਗਰੀਬੀ ਵਿੱਚ ਰਹਿ ਰਹੇ ਕੈਨੇਡੀਅਨਾਂ ਦਾ ਸਿਆਸਤਦਾਨਾਂ ਤੋਂ ਭਰੋਸਾ ਉਠਿਆ

ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਗਰੀਬੀ ਘਟਣ ਸਬੰਧੀ ਮਿਲ ਰਹੇ ਅੰਕੜਿਆਂ ਦੇ ਬਾਵਜੂਦ ਘੱਟ ਆਮਦਨ ਵਾਲੇ ਕਈ ਕੈਨੇਡੀਅਨ ਖੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਇਨ੍ਹਾਂ ਕੈਨੇਡੀਅਨਾਂ ਨੂੰ ਅਜਿਹਾ ਇਸ ਲਈ ਲੱਗ ਰਿਹਾ ਹੈ ਕਿਉਂਕਿ ਮੁੱਖ ਸਿਆਸੀ ਪਾਰਟੀਆਂ ਸਾਰਾ ਕੁੱਝ ਮੱਧ ਵਰਗ ਲਈ ਕਰਨ ਦੇ ਹੀ ਸਬਜ਼ਬਾਗ ਵਿਖਾ ਰਹੀਆਂ ਹਨ। ਜਿਹੜੇ ਲੋਕ ਬੇਘਰ ਹਨ




ਤੇ ਫਰੀ ਮੀਲ ਪ੍ਰੋਗਰਾਮਾਂ ਉੱਤੇ ਨਿਰਭਰ ਕਰਦੇ ਹਨ ਉਨ੍ਹਾਂ ਦਾ ਸਿਆਸਤਦਾਨਾਂ ਤੋਂ ਭਰੋਸਾ ਉੱਠ ਗਿਆ ਹੈ। ਕੈਵਿਨ ਜੋਨਜ਼ ਦੇ ਮੋਢੇ ਵਿੱਚ ਸੱਟ ਲੱਗੀ ਹੈ ਤੇ ਉਸ ਦਾ ਕਹਿਣਾ ਹੈ ਕਿ ਉਸ ਦਾ ਡਿਸਐਬਿਲਿਟੀ ਚੈੱਕ ਉਸਦੇ ਮਹੀਨਾਵਾਰੀ ਖਰਚੇ ਪੂਰੇ ਨਹੀਂ ਕਰ ਸਕਦਾ। ਉਸ ਦਾ ਇਹ ਵੀ ਮੰਨਣਾ ਹੈ ਕਿ ਆਰਥਿਕ ਹਾਲਾਤ ਵਿੱਚ ਐਨਾ ਨਿਘਾਰ ਪਹਿਲਾਂ ਕਦੇ ਵੇਖਣ ਵਿੱਚ ਨਹੀਂ ਆਇਆ। ...ਬਾਕੀ ਪੰਨਾ 6 'ਤੇ

# ਕਮਿਊਨਿਟੀ ਦੀ ਚੇਤੰਨ ਆਵਾਜ਼ ਹੋਣ ਦਾ ਦਾਅਵਾ-ਰੂਬੀ ਸਹੋਤਾ

**ਪੰਜਾਬੀ ਪੋਸਟ ਵਿਸ਼ੇਸ਼**



ਅੱਜ ਪੈਣ ਜਾ ਰਹੀਆਂ ਵੋਟਾਂ ਵਿੱਚ ਬਰੈਂਪਟਨ ਨੌਰਥ ਰਾਈਡਿੰਗ ਤੋਂ ਲਿਬਰਲ ਉਮੀਦਵਾਰ ਅਤੇ ਵਰਤਮਾਨ ਐਮ ਪੀ ਰੂਬੀ ਸਹੋਤਾ ਦਾ ਦਾਅਵਾ ਹੈ ਕਿ ਉਹ ਕਮਿਊਨਿਟੀ ਦੇ ਮਸਲਿਆਂ ਨੂੰ ਚੰਗੀ ਤਰਾਂ ਸਮਝਦੀ ਹੀ ਨਹੀਂ ਸਗੋਂ ਉਹਨਾਂ ਦੀ ਸਹੀ ਪਲੇਟਫਾਰਮ ਉੱਤੇ ਸੁੱਚਜੇ ਢੰਗ ਨਾਲ ਪੈਰਵਾਈ ਕਰਨ ਦੀ ਵੀ ਹਿੰਮਤ ਰੱਖਦੀ ਹੈ। ਇਸ ਵਾਰ ਉਸਦਾ ਮੁੱਖ ਮੁਕਾਬਲਾ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਰਪਣ ਖੰਨਾ ਨਾਲ ਹੈ ਜਦੋਂ ਕਿ 2015 ਵਿੱਚ ਰੂਬੀ ਨੇ ਕੰਜ਼ਰਵੇਟਿਵ ਪਾਰਟੀ ਦੇ ਤਤਕਾਲੀ ਐਮ ਪੀ ਪਰਮ ਗਿੱਲ ਨੂੰ ਮਿਲੀਆਂ 15,888 ਦੇ ਮੁਕਾਬਲੇ 23,297 ਵੋਟਾਂ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ ਸੀ। ਰੂਬੀ ਦਾ ਮੰਨਣਾ ਹੈ ਕਿ ਕਮਿਊਨਿਟੀ ਵਿੱਚੋਂ ਮਿਲੇ ਹੁੰਗਾਰੇ ਦੇ ਸਨਮੁਖ ਉਹ ਇਸ ਵਾਰ 2015 ਨਾਲੋਂ ਵੀ ਵੱਡੀ ਜਿੱਤ ਹਾਸਲ ਕਰੇਗੀ ਹਾਲਾਂਕਿ ਇਸਦਾ ਅੰਤਮ ਫੈਸਲਾ ਅੱਜ ਵੋਟਰ ਕਰਨਗੇ।

ਕਿੱਤੇ ਵਜੋਂ ਵਕੀਲ ਰੂਬੀ ਸਹੋਤਾ ਨੂੰ ਸਿਆਸਤ ਇੱਕ ਕਿਸਮ ਨਾਲ ਵਿਰਾਸਤ ਵਿੱਚੋਂ ਮਿਲੀ ਹੋਣ ਕਾਰਣ ਉਸ ਕੋਲ ਲੀਡਰਸ਼ਿੱਪ ਦੇ ਕਈ ਸੁਭਾਵਿਕ ਗੁਣ ਹਨ। ਉਸਦੇ ਪਿਤਾ ਹਰਬੰਸ ਸਿੰਘ ਜੰਡਾਲੀ ਲੰਬੇ ਸਮੇਂ ਤੋਂ ਕੈਨੇਡਾ ਦੀ ਸਿੱਖ ਸਿਆਸਤ ਅਤੇ ਸਿੱਖ ਸੰਸਥਾਵਾਂ ਨਾਲ ਨੇੜੇ ਤੋਂ ਜੁੜੇ ਰਹੇ ਹਨ। ਰੂਬੀ ਦੀ ਲੀਡਰਸ਼ਿੱਪ ਦਾ ਇੱਕ ਨਮੂਨਾ ਉਸ ਵੇਲੇ ਕਮਿਊਨਿਟੀ ਨੂੰ ਬਾਖੂਬੀ ਵੇਖਣ ਨੂੰ ਮਿਲਿਆ ਜਦੋਂ ਕੈਨੇਡਾ ਦੇ ਫੈਡਰਲ ਪਬਲਿਕ ਸੇਫਟੀ ਮਹਿਕਮੇ ਨੇ ਆਪਣੀ ਅਤਿਵਾਦ ਬਾਰੇ ਸਾਲਾਨਾ ਰਿਪੋਰਟ ਵਿੱਚ ਸਿੱਖ ਭਾਈਚਾਰੇ ਬਾਰੇ ਇਤਰਾਜ਼ਯੋਗ ਟਿੱਪਣੀਆਂ ਲਿਖ ਦਿੱਤੀਆਂ ਸਨ। ਰੂਬੀ ਨੇ ਇੱਕ ਪਾਸੇ ਸਿੱਖ ਸਰੋਕਾਰਾਂ ਨੂੰ ਚੰਗੇ ਤਰੀਕੇ ਲਿਬਰਲ ਕਾਕਸ ਵਿੱਚ ਉਠਾਇਆ ਤਾਂ ਦੂਜੇ ਪਾਸੇ ਉਸਨੇ ਗਰੇਟਰ ਟੋਰਾਂਟੋ ਏਰੀਆ ਵਿੱਚ ਕਮਿਊਨਿਟੀ ਅੱਗੇ ਹਰ ਪੱਖ ਨੂੰ ਤਰਕ ਨਾਲ ਪੇਸ਼ ਕੀਤਾ। ਸਿੱਖ ਭਾਈਚਾਰੇ ਵੱਲੋਂ ਲਿਬਰਲ ਸਰਕਾਰ ਨੂੰ ਉਠਾਏ ਗਏ ਸੁਆਲਾਂ ਦੇ ਨਾਜ਼ੁਕ ਦੌਰਾਨ ਰੂਬੀ ਨੇ ਦੋਵਾਂ ਧਿਰਾਂ ਦੀ ਤਰਫ਼ ਤੋਂ ਹਾਂ ਪੱਖੀ ਰੋਲ ਅਦਾ ਕੀਤਾ ਸੀ।

ਇੱਕ ਐਮ ਪੀ ਵਜੋਂ ਪਿਛਲੇ ਚਾਰ ਸਾਲਾਂ ਦੌਰਾਨ ਰੂਬੀ ਸਹੋਤਾ ਪਾਰਲੀਮੈਂਟ ਵਿੱਚ ਜੈਨੋਸਾਈਡ ਰੋਕਥਾਮ ਬਾਰੇ ਬਣੇ ਗਰੁੱਪ ਦੀ ਵਾਈਸ ਚੇਅਰਪਰਸਨ, ਆਲ ਪਾਰਟੀ ਸਨੱਅਤੀ ਉੱਦਮ ਦੀ ਕੋ-ਚੇਅਰ ਅਤੇ ਕੈਨੇਡਾ-ਇੰਡੀਆ ਫਰੈਂਡਸ਼ਿੱਪ ਗਰੁੱਪ ਦੀ ਵਾਈਸ ਪ੍ਰੈਜ਼ੀਡੈਂਟ ਹੋਣ ਵਜੋਂ ਰੋਲ ਸਫ਼ਲਤਾ ਨਾਲ ਅਦਾ ਕੀਤੇ ਹਨ। ਉਸਨੇ ਫੈਡਰਲ ਲਿਬਰਲ ਦੀ ਉਂਟੇਰੀਓ ਕਾਕਸ ਦੀ ਚੇਅਰ ਵਜੋਂ ਵੀ ਰੋਲ ਅਦਾ ਕੀਤਾ ਹੈ। ਰੂਬੀ ਨੂੰ ਉਮੀਦ ਹੈ ਕਿ ਉਸ ਦੀ ਪਿਛਲੇ ਚਾਰ ਸਾਲ ਦੀ ਕਾਰਗੁਜ਼ਾਰੀ ਅਤੇ ਲਿਬਰਲ ਪਾਰਟੀ ਦੇ ਪਲੇਟਫਾਰਮ ਦੀ ਮਜ਼ਬੂਤੀ ਨੂੰ ਵੇਖਦੇ ਹੋਏ ਵੋਟਰ ਉਸਨੂੰ ਸੇਵਾ ਦਾ ਮੌਕਾ ਇੱਕ ਵਾਰ ਦੁਬਾਰਾ ਅਵਸਰ ਜਰੂਰ ਦੇਣਗੇ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A, LL.B 416-213-8600

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING 647-784-1213

Law Office of Aman Sharma
Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



BEST FOR DIWALI GIFT

ALL PHOTOS IN 24K GOLD GUARANTEED



FOR WHOLESALE & RETAIL
ALL INQUIRES CALL
TARSEM SINGH 647-206-6109



ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street | BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street | BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



NEW

NATION-WIDE. NO ZONES.
TALK, TEXT & DATA PLANS
$35/MO.

Data everywhere.
No surprise charges anywhere.

chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE

ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ

TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਚਰਚਾ ਹੁੰਦੀ ਪੰਜਾਬੀ ਪਏ ਪੁੱਤ ਮੰਗਣ,
ਜੰਮਦੀ ਧੀ ਤਾਂ ਵਰਤ ਜਾਏ ਸੋਗ ਬੇਲੀ।
ਹਰਿਆਣੇ ਵੱਲ ਵੀ ਹੁੰਦਾ ਹੈ ਨਿੱਤ ਇਹੀ,
ਦਿੱਲੀਓਂ ਪਰੇ ਹੈ ਪੁੱਜ ਗਿਆ ਰੋਗ ਬੇਲੀ।
ਚੀਨ ਵਿੱਚ ਵੀ ਸੁਣੇ ਬਈ ਪੁੱਤ ਖਾਤਰ,
ਪਾਗਲ ਲੱਗ ਪਏ ਹੋਣ ਹਨ ਲੋਗ ਬੇਲੀ।
ਬਾਹਲੇ ਬੱਚਿਆਂ ਦੀ ਸਖਤ ਰੋਕ ਕਾਰਨ,
ਪਾਈ ਜਾਣ ਕਈ ਧੀਆਂ ਦਾ ਭੋਗ ਬੇਲੀ।
ਗੈਂਗਾਂ ਛੋਹ ਲਿਆ ਕੰਮ ਕਿ ਖੂਨ ਸੈਂਪਲ,
ਹਾਂਗ ਕਾਂਗ ਵਿੱਚ ਲੱਗ ਪਏ ਜਾਣ ਬੇਲੀ।
ਓਥੇ ਟੈੱਸਟ ਫਿਰ ਓਥੇ ਹੀ ਮਾਰ ਧੀਆਂ,
ਆਉਂਦੀ ਚੀਨ ਨੂੰ ਪਰਤ ਮਕਾਣ ਬੇਲੀ।

**ਤੀਸ ਮਾਰ ਖਾਂ**

# ਮੁੱਲਾਂਪੁਰ ਦਾਖਾ ਤੋਂ ਅਕਾਲੀ ਉਮੀਦਵਾਰ ਮਨਪ੍ਰੀਤ ਇਆਲੀ ਖ਼ਿਲਾਫ਼ ਰਿਪੋਰਟ ਦਰਜ

## * ਇਆਲੀ ਸਮਰੱਥਕਾਂ ਉੱਤੇ ਸਿੱਧਾ ਪਰਚਾ ਦਰਜ ਕੀਤਾ ਗਿਆ



ਜਗਰਾਉਂ, 20 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇਵਿਧਾਨ ਸਭਾ ਹਲਕਾ ਮੁੱਲਾਂਪੁਰ ਦਾਖਾ ਦੀ ਉੱਪ ਚੋਣ ਦੇ ਲਈ ਅਕਾਲੀ ਉਮੀਦਵਾਰ ਅਤੇ ਸਾਬਕਾ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਦੇ ਖ਼ਿਲਾਫ਼ ਜ਼ਿਲ੍ਹਾ ਲੁਧਿਆਣਾ ਦਿਹਾਤੀ ਪੁਲਿਸ ਨੇ ਰਿਪੋਰਟ ਦਰਜ ਕੀਤੀ ਤੇ ਉਨ੍ਹਾਂ ਦੇ ਸਮਰਥਕਾਂ ਦੇ ਖ਼ਿਲਾਫ਼ ਪਰਚਾ ਦਰਜ ਕੀਤਾ ਹੈ। ਥਾਣਾ ਜੋਧਾਂ ਵਿਖੇ ਮਨਪ੍ਰੀਤ ਸਿੰਘ ਇਆਲੀ ਦੇ ਖ਼ਿਲਾਫ਼ ਪਿੰਡ ਸਰਾਭਾ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਸਣੇ ਵੱਖ-ਵੱਖ ਧਾਰਾਵਾਂ ਦੀ ਰਿਪੋਰਟ ਦਰਜ ਕਰਕੇ ਚੋਣ ਕਮਿਸ਼ਨ ਨੂੰ ਕਾਰਵਾਈ ਲਈ ਲਿਖਿਆ ਗਿਆ ਤੇ ਉਨ੍ਹਾਂ ਦੇ ਸਮਰਥਕਾਂ ਉੱਤੇਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਬਾਰੇ ਪੁਲਿਸ ਨੇ ਚੁੱਪ ਧਾਰੀ ਹੋਈ ਹੈ ਅਤੇ ਪੁਲਿਸ ਅਧਿਕਾਰੀ ਫੋਨ ਨਹੀਂ ਚੁੱਕ ਰਹੇ ।

ਪਤਾ ਲੱਗਾ ਹੈ ਕਿ ਅਕਾਲੀ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਇਸ ਹਲਕੇ ਦੇ ਪਿੰਡ ਸਰਾਭਾ ਵਿਖੇ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੱਲੋਂ ਵੋਟਰਾਂ ਨੂੰ ਧਮਕਾਉਣ ਦੀ ਸੂਚਨਾ ਮਿਲਣ ਉੱਤੇਗਏ ਸਨ ਤੇ ਉਨ੍ਹਾਂ ਨੇ ਵਿਧਾਇਕ ਜ਼ੀਰਾ ਦੀ ਮੌਕੇ ਤੋਂ ਜਾਂਦੀਗੱਡੀ ਦੀ ਵੀਡੀਓ ਤੇ ਫੋਟੋ ਮੀਡੀਆ ਕੋਲ ਪੇਸ਼ ਕੀਤੀ ਸੀ। ਓਥੇ ਪੁੱਜੇ ਐੱਸ ਪੀ ਰਾਜਬੀਰ ਸਿੰਘ ਬੋਪਾਰਾਏ ਨੇ ਕਾਂਗਰਸੀ ਵਿਧਾਇਕ ਜਾਂ ਬਾਹਰਲੇ ਕਿਸੇ ਹੋਰ ਵਿਅਕਤੀ ਦੇ ਪਿੰਡ ਵਿੱਚ ਨਾ ਹੋਣ ਦੀ ਗੱਲ ਕਹੀ ਤੇ ਨਾਲ ਹੀ ਮਨਪ੍ਰੀਤ ਸਿੰਘ ਇਆਲੀ ਦੇ ਖ਼ਿਲਾਫ਼ ਰਿਪੋਰਟ ਦਰਜ ਕਰਨ ਦੇ ਸੰਕੇਤ ਦਿੱਤੇ ਸਨ। ਉਨ੍ਹਾਂ ਕਿਹਾ ਕਿ ਏਥੇ ਅਸੀਂ ਆਏ ਤਾਂ ਸਾਨੂੰ ਬਾਹਰ ਦਾ ਕੋਈ ਬੰਦਾਨਹੀਂ ਮਿਲਿਆ, ਪਰ ਇਆਲੀ ਸਾਹਿਬ ਚਾਲੀ ਗੱਡੀਆਂ ਵਿੱਚ ਡੇਢ ਸੌ ਬੰਦੇ ਲੈ ਕੇ ਘੁੰਮ ਰਹੇ ਹਨ, ਕਾਰਵਾਈ ਇਨ੍ਹਾਂ ਦੇ ਖ਼ਿਲਾਫ਼ ਬਣਦੀ ਹੈ। ਸਥਾਨਕ ਸੂਤਰਾਂ ਅਨੁਸਾਰ ਥਾਣਾ ਜੋਧਾਂ ਵਿਖੇ ਮਨਪ੍ਰੀਤ ਸਿੰਘ ਇਆਲੀ ਦੇ ਖ਼ਿਲਾਫ਼ ਚੋਣ ਜ਼ਾਬਤੇ ਦੀ ਉਲੰਘਣਾ ਦੀ ਰਿਪੋਰਟ ਲਿਖੀ ਗਈ ਤੇ ਉਨ੍ਹਾਂ ਦੇ ਕਈ ਸਮਰਥਕਾਂ ਦੇ ਖ਼ਿਲਾਫ਼ ਚੋਣ ਜ਼ਾਬਤੇ ਅਤੇ ਦਫਾ ਇੱਕ ਸੌ ਚੁਤਾਲੀ ਦੀ ਉਲੰਘਣਾ ਕਰਨ ਦਾ ਕੇਸ ਦਰਜ ਕੀਤਾ ਗਿਆ ਹੈ।

ਦੂਸਰੇ ਪਾਸੇ ਅਕਾਲੀ ਉਮੀਦਵਾਰ ਤੇ ਸਾਬਕਾ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਆਪਣੇ ਬਾਰੇ ਲਿਖੀ ਗਈ ਰਿਪੋਰਟ ਬਾਰੇ ਕਿਹਾ ਕਿ ਉਨ੍ਹਾਂ ਕਈ ਦਿਨ ਪਹਿਲਾਂ ਸੀਨੀਅਰ ਆਗੂਆਂਨਾਲਐੱਸ ਐੱਸ ਪੀ ਅੱਗੇ ਪੇਸ਼ ਹੋ ਕੇ ਆਪਣੇ ਖ਼ਿਲਾਫ਼ ਕੇਸ ਦਰਜ ਕਰਨ ਦੀ ਪੇਸ਼ਕਸ਼ ਕਰ ਕੇ ਕਿਹਾ ਸੀ ਕਿ ਵਰਕਰਾਂ ਉੱਤੇ ਝੂਠੇ ਕੇਸ ਦਰਜ ਨਾ ਕੀਤੇ ਜਾਣ।ਇਆਲੀ ਦੇ ਅਨੁਸਾਰ ਅੱਜ ਇਕੱਲੇ ਉਨ੍ਹਾਂ ਖ਼ਿਲਾਫ਼ ਨਹੀਂ, ਵਰਕਰਾਂ ਉੱਤੇ ਵੀ ਪਰਚੇ ਦਰਜ ਕੀਤੇ ਗਏ ਹਨ ਤੇ ਇਹ ਸਭ ਕਾਂਗਰਸੀ ਉਮੀਦਵਾਰ ਨੂੰ ਜਿਤਾਉਣ ਲਈ ਕੀਤਾ ਜਾ ਰਿਹਾ ਹੈ। ਇਆਲੀ ਅਨੁਸਾਰ ਅੱਜ ਪੁਲਿਸ ਨੇ ਸੈਂਕੜੇ ਵਰਕਰਾਂ ਤੇ ਆਗੂਆਂ ਦੇ ਘਰੀਂ ਛਾਪੇਮਾਰੇ ਅਤੇ ਝੂਠੇ ਕੇਸ ਦਰਜ ਕੀਤੇ ਹਨ ਤੇ ਬਜ਼ੁਰਗਾਂ ਉੱਤੇ ਔਰਤਾਂ ਨਾਲ ਛੇੜਛਾੜ ਅਤੇ ਪਰਾਲ਼ੀ ਸਾੜਨ ਜਾਂ ਨਾਜਾਇਜ਼ ਸ਼ਰਾਬ ਦੇ ਕੇਸ ਦਰਜ ਕੀਤੇ ਹਨ।

# ਗੰਭੀਰ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਪੁਲਿਸ ਨੂੰ ਕਾਰ ’ਚੋਂ ਮਿਲਿਆ




ਇਟੋਬੀਕੋ, 20 ਅਕਤੂਬਰ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਇਟੋਬੀਕੋ ਵਿੱਚ ਪੁਲਿਸ ਨੂੰ ਇੱਕ ਕਾਰ ਵਿੱਚੋਂ ਗੰਭੀਰ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਮਿਲਿਆ ਜਿਸ ਨੂੰ ਕੁੱਟਣ ਮਾਰਨ ਤੋਂ ਬਾਅਦ ਜ਼ਬਰਦਸਤੀ ਕਾਰ ਵਿੱਚ ਬਿਠਾਇਆ ਗਿਆ ਸੀ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਖਬਰ ਮਿਲੀ ਸੀ ਕਿ ਰੈਨਫੋਰਥ ਡਰਾਈਵ ਤੇ ਤਾਬਾਰਡ ਗੇਟ ਇਲਾਕੇ ਵਿੱਚ ਦੁਪਹਿਰੇ 2:00 ਵਜੇ ਦੇ ਨੇੜੇ ਤੇੜੇ ਇੱਕ ਵਿਅਕਤੀ ਨੂੰ ਕੁੱਟਣ ਮਾਰਨ ਤੋਂ ਬਾਅਦ ਜ਼ਬਰਦਸਤੀ ਕਾਰ ਵਿੱਚ ਬਿਠਾਇਆ ਗਿਆ। ਪੁਲਿਸ ਵੱਲੋਂ ਕਾਰ ਦਾ ਪਿੱਛਾ ਕੀਤਾ ਗਿਆ ਤੇ ਕਾਰ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਕਾਰ ਚਾਲਕ ਵੱਲੋਂ ਕਾਰ ਰੋਕੀ ਨਹੀਂ ਗਈ। ਬਾਅਦ ਵਿੱਚ ਉਹ ਕਾਰ ਤੇ ਜ਼ਖ਼ਮੀ ਵਿਅਕਤੀ ਪੁਲਿਸ ਨੂੰ ਮਿਲ ਗਏ।

ਪੀੜਤ ਵਿਅਕਤੀ ਪੁਲਿਸ ਨੂੰ ਕਾਰ ਵਿੱਚ ਹੀ ਮਿਲ ਗਿਆ, ਉਹ ਬੁਰੀ ਤਰ੍ਹਾਂ ਜ਼ਖ਼ਮੀ ਸੀ ਤੇ ਪੈਰਾਮੈਡਿਕਸ ਵੱਲੋਂ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਚਾਰਾਂ ਵਿੱਚੋਂ ਤਿੰਨ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਇੱਕ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ। ਜਿਹੜਾ ਮਸ਼ਕੂਕ ਅਜੇ ਤੱਕ ਕਾਬੂ ਨਹੀਂ ਆਇਆ ਉਹੀ ਹਿੰਸਕ ਦੱਸਿਆ ਜਾ ਰਿਹਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਉਹ ਹਥਿਆਰਬੰਦ ਹੈ ਤੇ ਖਤਰਨਾਕ ਸਿੱਧ ਹੋ ਸਕਦਾ ਹੈ।

# ਏਆਈਜੀ ਆਸ਼ੀਸ਼ ਕਪੂਰ ਵਿਰੁੱਧ ਕੇਸਾਂ ਦੀ ਰਿਪੋਰਟ ਡੀ ਜੀ ਪੀ ਨੇ ਮੰਗ ਲਈ



ਪਟਿਆਲਾ, 20 ਅਕਤੂਬਰ, (ਪੋਸਟ ਬਿਊਰੋ)- ਪਟਿਆਲਾ ਦੀ ਜੇਲ੍ਹ ਵਿੱਚ ਔਰਤ ਨਾਲ ਬਲਾਤਕਾਰ ਅਤੇ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਫਸੇ ਹੋਏ ਏਆਈਜੀ ਵਿਜੀਲੈਂਸ ਆਸ਼ੀਸ਼ ਕਪੂਰ ਦੀ ਗ੍ਰਿਫ਼ਤਾਰੀ ਭਾਵੇਂ ਟਲ਼ ਗਈ ਹੈ, ਪਰ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਇਸ ਅਫਸਰ ਨਾਲ ਸਬੰਧਤ ਕੇਸਾਂ ਦੀ ਜਾਂਚ ਰਿਪੋਰਟ ਮੰਗ ਲਈ ਹੈ। ਇਸ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਉਹ ਅੱਗੇ ਕਾਰਵਾਈ ਦੇ ਹੁਕਮ ਜਾਰੀ ਕਰਨਗੇ।

ਵਰਨਣ ਯੋਗ ਹੈ ਕਿ ਪੰਜਾਬ ਪੁਲਿਸ ਦੀ ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਯੂਨਿਟ (ਓਸੀਸੀਯੂ) ਵੱਲੋਂਇਸ ਏਆਈਜੀ ਉੱਤੇ ਲੱਗੇ ਦੋਸ਼ਾਂ ਦੀ ਜਾਂਚ ਕਰਾਏ ਜਾਣਪਿੱਛੋਂ ਉਸ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ।ਪਤਾ ਲੱਗਾ ਹੈ ਕਿ ਬਲਾਤਕਾਰਅਤੇ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਦੋਸ਼ੀ ਬਣਾਏ ਜਾਣ ਪਿੱਛੋਂ ਆਸ਼ੀਸ਼ ਕਪੂਰ ਨੇ ਪੰਜਾਬ ਦੇ ਮੁੱਖ ਮੰਤਰੀ, ਚੀਫ ਸੈਕਟਰੀ, ਡੀ ਜੀ ਪੀਅਤੇ ਹੋਰ ਅਧਿਕਾਰੀਆਂ ਨੂੰ ਚਿੱਠੀ ਲਿਖ ਕੇ ਸਫ਼ਾਈ ਦਿੱਤੀ ਸੀ ਕਿ ਉਹ ਨਿਰਦੋਸ਼ ਹਨ ਤੇ ਉਨ੍ਹਾਂ ਨੂੰ ਗ਼ਲਤ ਫਸਾਇਆ ਗਿਆ ਹੈ। ਆਸ਼ੀਸ਼ ਕਪੂਰ ਦਾ ਕਹਿਣਾ ਹੈ ਕਿ ਉਸ ਔਰਤ ਦੀ ਸ਼ਿਕਾਇਤ ਉੱਤੇ ਉਨ੍ਹਾਂ ਨੂੰ ਦੋਸ਼ੀ ਬਣਾ ਦਿੱਤਾ ਗਿਆ, ਜਿਸ ਦਾ ਆਪਣਾ ਰਿਕਾਰਡ ਅਪਰਾਧਕ ਹੈ। ਉਸ ਦੇ ਵਿਰੁੱਧ ਕਈ ਕੇਸ ਦਰਜ ਹਨ ਅਤੇ ਕਈ ਕੇਸਾਂ ਵਿੱਚ ਅਦਾਲਤ ਉਸ ਨੂੰ ਸਜ਼ਾ ਸੁਣਾ ਚੁੱਕੀ ਹੈ।ਇਸ ਦੇ ਨਾਲ ਆਸ਼ੀਸ਼ ਕਪੂਰ ਨੇ ਆਪਣੀ ਚਿੱਠੀ ਵਿੱਚ ਓਸੀਸੀਯੂ ਦੇ ਮੁਖੀ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਉੱਤੇ ਦੋਸ਼ ਲਾਇਆ ਹੈ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਉਨ੍ਹਾਂ ਨੂੰ ਇਨ੍ਹਾਂ ਕੇਸਾਂ ਵਿੱਚ ਫਸਾਉਣਾ ਚਾਹੁੰਦੇ ਹਨ, ਇਸ ਲਈ ਕੇਸ ਦੀ ਜਾਂਚ ਕਿਸੇ ਹੋਰ ਅਧਿਕਾਰੀ ਦੇ ਹਵਾਲੇ ਕੀਤੀ ਜਾਵੇ। ਡੀ ਜੀ ਪੀ ਦਿਨਕਰ ਗੁਪਤਾ ਨੇ ਜਾਂਚ ਦੀ ਮੁਕੰਮਲ ਰਿਪੋਰਟ ਤਲਬ ਕਰ ਲਈ ਹੈ।

# ਦੁਨੀਆਂ ਵਿੱਚ ਸਭ ਤੋਂ ਤੇਜ਼ ਚਲਦੀ ਹੈ ਸਹਾਰਾ ਦੀ ਕੀੜੀ

ਪੈਰਿਸ, 20 ਅਕਤੂਬਰ (ਪੋਸਟ ਬਿਊਰੋ)- ਸਹਾਰਾ ਦੀ ‘ਸਿਲਵਰ ਏਂਟ’ ਦੁਨੀਆਂ ਭਰ ਵਿੱਚ ਜਾਣੀਆਂ ਜਾਣ ਵਾਲੀਆਂ 12,000 ਕੀੜੀਆਂ ਦੀ ਨਸਲਾਂ ਵਿੱਚ ਸਭ ਤੋਂ ਤੇਜ਼ ਹੈ। ਇਸ ਦੀ ਰਫਤਾਰ ਇੱਕ ਮੀਟਰ ਪ੍ਰਤੀ ਸੈਂਕਿਡ ਬਣਦੀ ਹੈ। ਦੂਜੇ ਸ਼ਬਦਾਂ ਵਿੱਚ ਦੱਸਿਆ ਜਾਵੇ ਛੇ ਪੈਰਾਂ ਵਾਲੀ ਇਹ ਕੀੜੀ ਪ੍ਰਤੀ ਸੈਂਕਿਡ ਆਪਣੀ ਲੰਬਾਈ ਦਾ 108 ਗੁਣਾ ਹਿਸਾ ਤੈਅ ਕਰ ਸਕਦੀ ਹੈ। ਗਤੀ ਦੇ ਮਾਮਲੇ ਵਿੱਚ ਇਸ ਕੀੜੀ ਤੋਂ ਦੋ ਜੀਵ ਆਗੇ ਹਨ, ਇੱਕ ਤਾਂ ਆਸਟ੍ਰੇਲੀਆਂ ਦੇ ਬੀਟਲ ਨਸਲ ਦਾ ਟਾਈਗਰ ਬੀਟਲ ਅਤੇ ਦੂਸਰਾ ਕੈਲੀਫੋਰਨੀਆਂ ਦਾ ਕੋਸਟਲ ਮਾਇਟ ਹੈ। ਆਪਣੇ ਆਕਾਰ ਅਤੇ ਵਜਨ ਦੇ ਹਿਸਾਬ ਨਾਲ ਇਨ੍ਹਾਂ ਜਾਵਨਵਾਂ ਦੇ ਬਰਾਬਰ ਆਉਣ ਦੇ ਲਈ ਦੁਨੀਆਂ ਦੇ ਸਭ ਤੋਂ ਤੇਜ਼ ਦੌੜਾਕ ਓਸੈਨ ਬੋਲਡ ਨੂੰ 200 ਮੀਟਰ ਪ੍ਰਤੀ ਸੈਂਕੇਡ ਦੀ ਗਤੀ ਨਾਲ ਦੌੜਨਾ ਹੋਵੇਗਾ। ‘ਐਕਸਪੈਰੀਮੈਂਟਲ ਬਾਇਓਲੋਜੀ’ ਨਾਮਕ ਜਨਰਲ ਵਿੱਚ ਖੋਜ ਕਰਤਾ ਨੇ ਦੱਸਿਆ ਕਿ ਸਹਾਰਾ ਦੀ ਇਹ ਕੀੜੀ ਉਸ ਰੇਤ ਵਿੱਚ ਚਲਦੀ ਹੈ ਜਿੱਥੇ ਦਿਨ ਦੇ ਸਮੇਂ ਤਾਪਮਾਨ 60 ਡਿਗਰੀ ਸੈਲਿਸਸ (140 ਡਿਗਰੀ ਫਾਰੇਨਹਾਇਟ) ਤੱਕ ਹੋ ਜਾਂਦਾ ਹੈ। ਜਰਮਨੀ ਦੀ ਯੂਨੀਵਰਸਿਟੀ ਆਫ ਉਲਮ ਅਤੇ ਫ੍ਰੀਬਰਗ ਦੇ ਖੋਜੀਆਂ ਨੇ ਇਸ ਚੀਂਟੀ 'ਤੇ ਅਧਿਆਨ ਕੀਤਾ।

GNR ਹਰਬਲ ਤੇਲ | 647-853-5800
globalnaturalremedies@yahoo.com
Ext. Use Only
Ask For:
• Saffron Oil
• Therapeutic Essential Oils
• Herbal Teas

Pain-Care — Joint Support — $9.99
He-Oil — For Men Only — $19.99
Stress-Care — Feel Relaxed — $9.99
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc
UK TRUCK TRAINING CENTRE
PCC #179958
Registered as a Private Careers College
Forklift $79 Recertification

Automatic & Manual Trucks
1:1 Training
Forklift Training
Reach Truck

Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ ’ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ ’ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੇਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋਂ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਲਈ ਰਜਿਸਟ੍ਰੇਸ਼ਨ ਅੱਜ ਸ਼ੁਰੂ ਨਹੀਂ ਹੋ ਸਕੀ

### *20 ਡਾਲਰ ਫੀਸ ਅੜਿੱਕਾ ਬਣਨ ਨਾਲ ਪ੍ਰਕਿਰਿਆ ਟਾਲੀ ਗਈ *ਕਰਤਾਰਪੁਰ ਲਾਂਘਾ 9 ਨਵੰਬਰ ਨੂੰ ਖੋਲ੍ਹ ਦਿਆਂਗੇ : ਇਮਰਾਨ ਖ਼ਾਨ



ਚੰਡੀਗੜ੍ਹ, 20 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਗੁਰ-ਦੁਆਰਾਕਰਤਾਰਪੁਰ ਸਾਹਿਬ ਜਾਣ ਲਈ ਅੱਜ20 ਅਕਤੂਬਰ ਨੂੰਸ਼ੁਰੂ ਹੋਣ ਵਾਲੀ ਆਨਲਾਈਨ ਰਜਿਸਟ੍ਰੇਸ਼ਨ ਰੋਕ ਦਿਤੀ ਗਈ ਹੈ। ਇਸ ਦਾ ਮੁੱਖ ਕਾਰਨ ਪਾਕਿਸਤਾਨ ਦੇ ਫ਼ਾਈਨਲ ਡਰਾਫ਼ਟ ਉੱਤੇਹਾਲੇ ਤਕ ਸਹਿਮਤੀ ਨਾ ਹੋਣਾ ਦੱਸਿਆ ਗਿਆ ਹੈ। ਪਾਕਿਸਤਾਨ 20 ਡਾਲਰ ਪ੍ਰਤੀ ਸ਼ਰਧਾਲੂ ਵੀਜ਼ਾ ਫ਼ੀਸ ਲੈਣ ਉੱਤੇਹਾਲੇ ਤੱਕ ਅੜਿਆ ਹੋਇਆ ਹੈ, ਜਿਸ ਦਾ ਭਾਰਤ ਵਿਰੋਧ ਕਰ ਰਿਹਾ ਹੈ। ਵਰਨਣ ਯੋਗ ਹੈ ਕਿ ਕਰਤਾਰਪੁਰ ਸਾਹਿਬ ਲਾਂਘੇ ਬਾਰੇਭਾਰਤ-ਪਾਕਿ-ਸਤਾਨ ਅਧਿਕਾਰੀਆਂ ਦੀਆਂ ਤਿੰਨ ਬੈਠਕਾਂ ਹੋ ਚੁੱਕੀਆਂ ਹਨ। ਆਖਰੀ ਬੈਠਕ ਵਿੱਚ ਪਾਕਿਸਤਾਨ ਨੇ ਪ੍ਰਤੀ ਸ਼ਰਧਾਲੂ 20 ਡਾਲਰ ਫ਼ੀਸ ਦੱਸੀ ਤਾਂ ਭਾਰਤੀ ਅਧਿਕਾਰੀਆਂ ਨੇ ਇਸ ਦਾ ਵਿਰੋਧ ਕੀਤਾ ਅਤੇ ਕਿਹਾਸੀ ਕਿ ਇਹ ਲਾਂਘਾ ਸਿੱਖ ਧਰਮ ਦੇ ਮੋਢੀਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਚੱਲਣਾ ਹੈ। ਦੁਨੀਆ ਦੇ ਕਿਸੇ ਦੇਸ਼ ਵਿੱਚ ਧਾਰਮਿਕ ਲਾਂਘੇ ਦੀ ਐਂਟਰੀ ਫੀਸ ਲੈਣ ਦੀ ਰਿਵਾਇਤਨਹੀਂਅਤੇ ਏਥੇ ਵੀ ਨਹੀਂ ਚਾਹੀਦੀ, ਪਰ ਪਾਕਿਸਤਾਨ ਨੇ ਇਹਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਅੱਜ ਐਲਾਨ ਕੀਤਾ ਹੈ ਕਿ ਬੇਸਬਰੀ ਨਾਲ ਉਡੀਕੇ ਜਾ ਰਹੇ ਕਰਤਾਰਪੁਰ ਲਾਂਘੇ ਨੂੰ ਉਨ੍ਹਾਂ ਦਾ ਦੇਸ਼ 9 ਨਵੰਬਰ ਨੂੰ ਖੋਲ੍ਹ ਦੇਵੇਗਾ। ਇਮਰਾਨ ਖ਼ਾਨ ਨੇ ਫ਼ੇਸਬੁਕ ਉੱਤੇ ਲਿਖਿਆ ਹੈ ਕਿ 'ਪਾਕਿਸਤਾਨ ਦੁਨੀਆ ਭਰ ਦੇ ਸਿੱਖਾਂ ਲਈ ਅਪਣੇ ਦਰਵਾਜ਼ੇ ਖੋਲ੍ਹਣ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਕਰਤਾਰਪੁਰ ਦੇ ਪ੍ਰਾਜੈਕਟ ਉੱਤੇਉਸਾਰੀ ਦੇ ਕੰਮ ਆਖ਼ਰੀ ਪੜਾਅ ਵਿਚ ਪਹੁੰਚ ਗਏ ਹਨ। 9 ਨਵੰਬਰ 2019 ਨੂੰ ਕਰਤਾਰਪੁਰ ਲਾਂਘਾ ਲੋਕਾਂ ਲਈ ਖੋਲ੍ਹ ਦਿਤਾ ਜਾਵੇਗਾ।' ਇਸ ਤਰ੍ਹਾਂ ਇਮਰਾਨ ਖ਼ਾਨ ਨੇ ਇਹ ਭਰਮ ਦੂਰ ਕਰ ਦਿੱਤਾ ਹੈ ਕਿ 12 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ ਲਾਂਘਾ ਖੁੱਲ੍ਹੇਗਾ ਜਾਂ ਨਹੀਂ। ਉਨ੍ਹਾਂ ਕਿਹਾ, 'ਦੁਨੀਆ ਭਰ ਦੇ ਸਭ ਤੋਂ ਵੱਡੇ ਗੁਰਦੁਆਰੇ ਵਿਚ ਭਾਰਤ ਤੇ ਸੰਸਾਰ ਦੇ ਹੋਰ ਹਿੱਸਿਆਂ ਤੋਂ ਸਿੱਖ ਆਉਣਗੇ। ਇਹ ਸਿੱਖਾਂ ਲਈ ਵੱਡਾ ਧਾਰਮਿਕ ਕੇਂਦਰ ਬਣ ਜਾਵੇਗਾ ਤੇ ਇਸ ਨਾਲ ਅਰਥਵਿਵਸਥਾ ਨੂੰ ਲਾਭ ਹੋਵੇਗਾ। ਦੇਸ਼ ਲਈ ਵਿਦੇਸ਼ੀ ਕਰੰਸੀ ਪੈਦਾ ਹੋਵੇਗੀ ਅਤੇ ਯਾਤਰਾ ਤੇ ਹੋਰ ਖੇਤਰਾਂ ਵਿਚ ਨੌਕਰੀਆਂ ਨਿਕਲਗੀਆਂ।' ਉਨ੍ਹਾਂ ਕਿਹਾ, 'ਪਾਕਿਸਤਾਨ ਵਿੱਚ ਧਾਰਮਿਕ ਸੈਰ-ਸਪਾਟਾ ਵਧ ਰਿਹਾ ਹੈ। ਪਹਿਲਾਂ ਬੁੱਧ ਭਿਕਸ਼ੂ ਧਾਰਮਿਕ ਰੀਤੀ ਰਿਵਾਜਾਂ ਲਈ ਆਏ ਸਨ ਤੇ ਫਿਰ ਕਰਤਾਰਪੁਰ ਲਾਂਘਾ ਖੋਲ੍ਹਿਆ ਜਾਣਾ ਹੈ।' ਇਮਰਾਨ ਖਾਨਤੋਂ ਪਹਿਲਾਂ ਦਸ ਅਕਤੂਬਰ ਨੂੰ ਪਾਕਿ-ਸਤਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫ਼ੈਸਲ ਨੇ ਇਹ ਕਹਿ ਕੇ ਉਦਘਾਟਨ ਦੀ ਤਰੀਕ ਬਾਰੇ ਭਰਮ ਪੈਦਾ ਕਰ ਦਿਤਾ ਸੀ ਕਿ ਕੋਈ ਤਰੀਕ ਤੈਅ ਹੀਨਹੀਂ ਕੀਤੀ ਗਈ।

ਗੁਰਦਵਾਰਾ ਕਰਤਾਰਪੁਰ ਸਾਹਿਬ ਦੇ ਖੁਲ੍ਹੇ ਦਰਸ਼ਨਾਂ ਲਈ ਭਾਰਤ-ਪਾਕਿ-ਸਤਾਨ ਵਿਚਾਲੇ ਡੇਰਾ ਬਾਬਾ ਨਾਨਕ ਵਿਖੇ ਲਾਂਘਾ ਬਣ ਚੱਲਿਆ ਹੈ, ਜਿੱਥੋਂਸੰਗਤ 8 ਨਵੰਬਰ ਤੋਂ ਦਰਸ਼ਨਾਂ ਲਈ ਜਾ ਸਕਦੀ ਹੈ, ਪਰਇਸ ਸੰਗਤ ਨੂੰ ਪਾਕਿਸਤਾਨ ਸਰਕਾਰ ਦੀ ਵੈੱਬਸਾਈਟ ਤੋਂ ਰਜਿਸਟ੍ਰੇਸ਼ਨ ਕਰਵਾ ਕੇ ਅਤੇ ਵੀਜ਼ਾ ਫ਼ੀਸ ਭਰ ਕੇ ਜਾਣਾ ਪਵੇਗਾ।ਇਹ ਰਜਿਸਟ੍ਰੇਸ਼ਨ ਅੱਜ ਸ਼ੁਰੂ ਹੋਣੀ ਸੀ, ਪਰ ਰਜਿਸਟ੍ਰੇਸ਼ਨ ਵੈੱਬਸਾਈਟ ਅੱਜ ਸ਼ੁਰੂ ਨਹੀਂਹੋ ਸਕੀ। ਪਾਕਿਸਤਾਨ ਨੇ ਸ਼ੁਰੂਆਤ ਵਜੋਂ 20 ਅਮਰੀਕੀ ਡਾਲਰ ਰਜਿਸਟ੍ਰੇਸ਼ਨ ਫੀਸ ਰੱਖੀ ਹੈ, ਜੋ ਭਾਰਤੀ ਕਰੰਸੀ ਅਨੁਸਾਰਕਰੀਬ 1500 ਰੁਪਏ ਬਣਦੇ ਹਨ। ਇਕ ਦਿਨ ਵਿਚ ਗੁਰਦਵਾਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪੰਜ ਹਜ਼ਾਰ ਸਿੱਖ ਸ਼ਰਧਾਲੂ ਜਾ ਸਕਣਗੇ। ਇਨ੍ਹਾਂ ਯਾਤਰੀਆਂ ਨੂੰ ਇਕੋ ਦਿਨ ਦਾ ਪਰਮਿਟ ਮਿਲੇਗਾ, ਜਿਸ ਦੀ ਪਾਸਪੋਰਟ ਉਤੇ ਸਟੈਂਪ ਨਹੀਂਲਾਈ ਜਾਵੇਗੀ।ਗੁਰਪੁਰਬ ਮੌਕੇ ਉੱਤੇ ਸ਼ਰਧਾਲੂਆਂ ਦੀ ਗਿਣਤੀ ਦਸ ਹਜ਼ਾਰ ਤਕ ਹੋ ਸਕਦੀ ਹੈ।ਲਾਂਘੇ ਦੇ ਉਦਘਾਟਨ ਦੀ 8 ਨਵੰਬਰ ਦੀ ਤਰੀਕ ਮਿਥੀ ਗਈ ਹੈ।

# ਭਾਰਤੀ ਫ਼ੌਜ ਨੇ ਪਾਕਿ ਕੰਟਰੋਲ ਵਿਚਲੇ ਖੇਤਰ ਦੇ ਅੱਤਵਾਦੀ ਕੈਂਪਾਂ ਉੱਤੇ ਤੋਪਾਂ ਦੇ ਗੋਲ਼ੇ ਦਾਗੇ

### * 4 ਅੱਤਵਾਦੀ ਅੱਡੇ ਤਬਾਹ, 4-5 ਪਾਕਿਸਤਾਨੀ ਫੌਜੀ ਮਰੇ * ਪਾਕਿ ਫੌਜ ਨੇ ਕਿਹਾ: 9 ਭਾਰਤੀ ਫ਼ੌਜੀ ਅਸੀਂ ਮਾਰੇ



ਤੰਗਧਾਰ (ਜੰਮੂ-ਕਸ਼ਮੀਰ), 20 ਅਕਤੂਬਰ, (ਪੋਸਟ ਬਿਊਰੋ)- ਭਾਰਤੀ ਫ਼ੌਜ ਨੇ ਜੰਮੂ-ਕਸ਼ਮੀਰ ਦੇ ਤੰਗਧਾਰ ਸੈਕਟਰ ਵਿੱਚ ਅੱਜਮਕਬੂਜ਼ਾ ਕਸ਼ਮੀਰ (ਪੀਓ ਕੇ) ਵਿੱਚਬਣੇ ਹੋਏਅੱਤਵਾਦੀ ਕੈਂਪਾਂ ਉੱਤੇਹਮਲਾ ਕੀਤਾ ਤੇ ਪਾਕਿ-ਸਤਾਨ ਦੀਆਂ ਹਰਕਤਾਂ ਦਾ ਜਵਾਬ ਦੇ ਕੇ ਉਸ ਦਾ ਚੋਖਾ ਨੁਕਸਾਨ ਕੀਤਾ ਹੈ। ਨਿਊਜ਼ ਏਜੰਸੀ ਮੁਤਾਬਕ ਪਾਕਿਸਤਾਨੀਫੌਜ ਇਸ ਅੱਤਵਾਦੀ ਕੈਂਪ ਵਿਚਲੇ ਅੱਤਵਾਦੀਆਂ ਨੂੰ ਭਾਰਤੀ ਖੇਤਰ ਵਿੱਚ ਘੁਸਪੈਠ ਕਰਾਉਣ ਦੀ ਤਿਆਰੀ ਵਿੱਚ ਸੀ, ਜਿਸ ਦਾ ਪਤਾ ਲੱਗਾ ਤਾਂ ਫ਼ੌਜ ਨੇ ਅਗੇਤਾ ਹਮਲਾ ਕਰ ਦਿੱਤਾ ਹੈ, ਜਿਸ ਵਿੱਚ 4 ਅੱਤਵਾਦੀ ਲਾਂਚ ਪੈਡ ਤਬਾਹ ਹੋ ਗਏ ਤੇ ਚਾਰ ਤੋਂ ਪੰਜ ਪਾਕਿਸਤਾਨੀ ਜਵਾਨਾਂ ਤੇ 22 ਅੱਤਵਾਦੀਆਂ ਦੇ ਮਾਰੇ ਜਾਣ ਦੀ ਸੂਚਨਾ ਹੈ। ਫ਼ੌਜ ਨੇ ਅੱਤਵਾਦੀ ਕੈਂਪਾ ਤਬਾਹ ਕਰਨ ਲਈ ਆਰਟਿਲਰੀ ਗੰਨ (ਤੋਪ) ਦੀ ਵਰਤੋਂ ਕੀਤੀ ਹੈ। ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਖ਼ਬਰ ਆਈ ਸੀ ਕਿ ਪਾਕਿਸਤਾਨੀ ਫੌਜ ਨੇ ਪੀਓਕੇ ਵਿੱਚ ਅੱਤਵਾਦੀਆਂ ਲਈ ਕੈਂਪ ਬਣਾਏ ਹਨ ਤੇਇਨ੍ਹਾਂ ਕੈਂਪਾਂ ਵਿਚਲੇ 500 ਦੇ ਕਰੀਬ ਅੱਤਵਾਦੀ ਕੰਟਰੋਲ ਰੇਖਾ (ਐੱਲ ਓਸੀ) ਤੋਂ ਘੁਸਪੈਠ ਕਰਨ ਵਾਲੇ ਹਨ।

ਦੂਸਰੇ ਪਾਸੇ ਅੱਜ ਭਾਰਤੀ ਫ਼ੌਜ ਦੀ ਕਾਰਵਾਈ ਤੋਂ ਬਾਅਦ ਪਾਕਿਸਤਾਨ ਨੇ ਦਾਅਵਾ ਕੀਤਾ ਕਿ ਉਸ ਦੀ ਫੌਜ ਵੱਲੋਂ ਕੀਤੀ ਫਾਇਰਿੰਗ ਵਿੱਚ ਭਾਰਤੀ ਫ਼ੌਜ ਦੇ 9 ਜਵਾਨ ਮਾਰੇ ਗਏ ਹਨ, ਪਰ ਇਹ ਉਸ ਨੇ ਮੰਨ ਲਿਆ ਕਿ ਭਾਰਤ ਦੀ ਫ਼ੌਜੀ ਕਾਰਵਾਈ ਵਿੱਚ ਉਸ ਦਾ ਇਕ ਜਵਾਨ ਅਤੇ ਤਿੰਨ ਨਾਗਰਿਕ ਮਾਰੇ ਗਏ ਹਨ। ਉਂਜ ਰਿਪੋਰਟਾਂਪਾਕਿਸਤਾਨ ਵੱਲਵੱਡੀ ਗਿਣਤੀ ਵਿੱਚ ਮੌਤਾਂ ਹੋਣ ਦੀਆਂ ਹਨ। ਪਾਕਿ ਫ਼ੌਜ ਦੇ ਬੁਲਾਰੇ ਆਸਿਫ਼ ਗਫ਼ੂਰ ਨੇ ਅੱਜ ਇੱਕ ਟਵੀਟ ਕੀਤਾ ਹੈ ਕਿ ਅਸੀਂ ਭਾਰਤ ਦੇ ਦੋ ਬੰਕਰ ਤਬਾਹ ਕਰ ਦਿੱਤੇ ਹਨ। ਉਸ ਨੇ ਕਿਹਾ ਕਿ ਭਾਰਤੀ ਫ਼ੌਜ ਨੇ ਜੂਰਾ, ਸ਼ਾਹਕੋਟ ਅਤੇ ਨੌਸ਼ਹਿਰਾ ਸੈਕਟਰ ਵਿੱਚ ਸੀਜ਼ਫਾਇਰ ਤੋੜੀ ਸੀ, ਜਿਸ ਵਿਚ ਪਾਕਿਸਤਾਨੀ ਫ਼ੌਜ ਦਾ ਇਕ ਜਵਾਨ ਅਤੇ ਤਿੰਨ ਨਾਗਰਿਕ ਮਾਰੇ ਗਏ।

## ਭਾਜਪਾ ਉਮੀਦਵਾਰ ਨੇ ਕਿਹਾ: ਜਿਹੜਾ ਮਰਜ਼ੀ ਬਟਨ ਅਜ਼ਮਾ ਲਈਂ, ਵੋਟ ਪੈਣੀ ਭਾਜਪਾ ਨੂੰ



ਨਵੀਂ ਦਿੱਲੀ, 20 ਅਕਤੂਬਰ, (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਦੀਆਂ ਆਮ ਚੋਣਾਂ ਲਈ ਵੋਟਾਂ ਤੋਂ ਇਕ ਦਿਨ ਪਹਿਲਾਂ ਹਲਕਾ ਅਸੰਧ ਤੋਂ ਭਾਜਪਾ ਉਮੀਦਵਾਰ ਬਖਸ਼ੀਸ਼ ਸਿੰਘ ਵਿਰਕ ਦੀ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਉਹ ਕਹਿ ਰਹੇ ਹਨ ਕਿ ਕੋਈ ਵੀ ਬਟਨ ਦੱਬ ਦਿਓ, ਵੋਟ ਕਮਲ ਨੂੰ ਹੀ ਪਵੇਗੀ।

ਇਸ ਵੀਡੀਓ ਦੇ ਵਾਇਰਲ ਹੋਣ ਨਾਲ ਹਰਿਆਣੇ ਵਿੱਚ ਵਿਵਾਦ ਪੈਦਾ ਹੋ ਗਿਆ ਹੈ।ਅਸੰਧ ਵਿਖੇ ਇਕ ਚੋਣ ਰੈਲੀ ਬਾਰੇ ਦੱਸੀ ਜਾਂਦੀ ਇਸ ਵੀਡੀਓ ਵਿੱਚ ਬਖ਼ਸ਼ੀਸ਼ ਸਿੰਘ ਵਿਰਕ ਲੋਕਾਂ ਨੂੰ ਧਮਕਾ ਕੇ ਕਹਿ ਰਹੇ ਹਨ, 'ਕਿਸੇ ਬਟਨ ਨੂੰਦਬਾ ਲਿਓ, ਵੋਟ ਕਮਲ ਨੂੰ ਹੀ ਪਵੇਗੀ।' ਨਾਲ ਇਹ ਵੀ ਕਹਿ ਰਹੇ ਹਨ, 'ਤੁਸੀਂ ਜਿਸ ਨੂੰ ਵੀ ਵੋਟ ਪਾਓਗੇ ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ ਕਿਸ ਨੂੰ ਵੋਟ ਪਾਈ ਹੈ। ਮੋਦੀ ਅਤੇ ਮਨੋਹਰ ਲਾਲ ਦੀਆਂ ਨਜ਼ਰਾਂ ਬਹੁਤ ਤੇਜ਼ ਹਨ। ਤੁਸੀਂ ਵੋਟ ਕਿਸੇ ਨੂੰ ਵੀ ਪਾਓ, ਮਿਲੇਗੀ ਕਮਲ ਨੂੰ। ਅਸੀਂ ਮਸ਼ੀਨਾਂ ਦੇ ਪੁਰਜੇ ਸੈੱਟ ਕਰ ਦਿੱਤੇ ਹਨ।' ਭਾਜਪਾ ਉਮੀਦਵਾਰ ਦੀ ਗੱਲ ਸੁਣ ਕੇ ਲੋਕ ਤਾੜੀਆਂ ਵਜਾ ਰਹੇ ਹਨ। ਦੂਸਰੇ ਪਾਸੇ ਇਸ ਵੀਡੀਓ ਨੂੰ ਭਾਜਪਾ ਉਮੀਦਵਾਰ ਬਖਸ਼ੀਸ਼ ਸਿੰਘ ਵਿਰਕ ਨੇ ਗ਼ਲਤ ਦੱਸਿਆ ਤੇ ਕਿਹਾ ਕਿ ਇਸ ਵੀਡੀਓ ਨਾਲ ਛੇੜਛਾੜ ਕੀਤੀ ਗਈ ਹੈ। ਉਧਰ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਭੁਪਿੰਦਰ ਸਿੰਘ ਹੁੱਡਾ ਦੇ ਬੇਟੇ ਅਤੇ ਰੋਹਤਕ ਤੋਂ ਸਾਬਕਾ ਪਾਰਲੀਮੈਂਟ ਮੈਂਬਰ ਦੀਪੇਂਦਰ ਹੁੱਡਾ ਨੇ ਇਸ ਬਾਰੇ ਟਵੀਟ ਕਰ ਕੇ ਭਾਜਪਾਬਾਰੇ ਲਿਖਿਆ ਹੈ ਕਿ 'ਇਹ ਘਮੰਡ ਹੀ ਇਨ੍ਹਾਂ ਨੂੰ ਲੈ ਡੁੱਬੇਗਾ।'

## ਮਿੱਡ-ਡੇ-ਮੀਲ ਵਾਲੇ ਭਾਂਡੇ ਅੱਗੇ ਤੋਂ ਵਿਦਿਆਰਥੀ ਨਹੀਂ ਧੋਣਗੇ

ਐਸ ਏ ਐਸ ਨਗਰ, 20 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਮਿਲਦੇ ਦੁਪਹਿਰ ਦੇ ਖਾਣੇ (ਮਿੱਡ-ਡੇ-ਮੀਲ) ਦੇ ਬਰਤਨ ਅੱਗੇ ਤੋਂ ਵਿਦਿਆਰਥੀ ਨਹੀਂ ਧੋਣਗੇ।

ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਆਇਆ ਕਿ ਦੁਪਹਿਰ ਦੇ ਖਾਣੇ ਪਿੱਛੋਂ ਵਿਦਿਆਰਥੀ ਖੁਦ ਬਰਤਨ ਧੋਂਦੇ ਹਨ, ਜੋ ਜਾਇਜ਼ ਨਹੀਂ ਹੈ ਤਾਂ ਵਿਭਾਗ ਦੇ ਇਸ ਦੀ ਨਿਖੇਧੀ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਕੋਈ ਵੀ ਵਿਦਿਆਰਥੀ ਜੂਠੇ ਭਾਂਡੇ ਨਹੀਂ ਧੋਣਗੇ। ਡੀ ਜੀ ਐਸ ਈ ਦਫਤਰ ਅਤੇ ਮਿੱਡ-ਡੇ-ਮੀਲ ਕਮੇਟੀ ਵੱਲੋਂ ਜਾਰੀ ਨੋਟਿਸ ਵਿੱਚ ਕਿਹਾ ਗਿਆ ਹੈ ਜੂਠੇ ਬਰਤਨ ਧੋਣ ਦੀ ਜ਼ਿੰਮੇਵਾਰੀ ਰਸੋਈਏ ਅਤੇ ਵਰਕਰ ਦੀ ਹੈ, ਜੂਠੇ ਭਾਂਡੇ ਉਹੀ ਧੋਣਗੇ। ਇਸ ਸਬੰਧੀ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਸਕੂਲਾਂ ਵਿੱਚ ਬਰਤਨ ਪੂਰੇ ਨਹੀਂ ਹੁੰਦੇ ਅਤੇ ਜੇ ਸਾਰੇ ਬਰਤਨ ਬਾਅਦ ਵਿੱਚ ਧੋਤੇ ਜਾਣਗੇ ਤਾਂ ਸਮਾਂ ਵੀ ਖਰਾਬ ਹੋਵੇਗਾ।

# ਟ੍ਰੈਵਲ ਏਜੰਟਾਂ ਦਾ ਨਵਾਂ ਕਾਰਾ: ਫਰਾਂਸ ਵਿੱਚ ਰਗਬੀ ਦੀ ਟ੍ਰੇਨਿੰਗ ਲੈਣ ਗਏ 25 ਬੱਚਿਆਂ ਵਿੱਚੋਂ 22 ਲਾਪਤਾ


ਟਾਂਡਾ ਉੜਮੁੜ, 20 ਅਕਤੂਬਰ, (ਪੋਸਟ ਬਿਊਰੋ)- ਠੱਗ ਟ੍ਰੈਵਲ ਏਜੰਟਾਂ ਦੇ ਚੱਕਰ ਵਿੱਚ ਫਸ ਕੇ ਲੋਕ ਪੈਸਾ ਗੁਆਉਣ ਦੇ ਨਾਲ ਕਈ ਵਾਰ ਜ਼ਿੰਦਗੀ ਦਾਅ ਉੱਤੇਲਾ ਲੈਂਦੇ ਹਨ। ਅਜਿਹਾ ਇਕ ਹੋਰ ਕਾਰਾ ਸਾਹਮਣੇ ਆਇਆ ਹੈ।

ਪਤਾ ਲੱਗਾ ਹੈ ਕਿ ਜਾਅਲੀ ਟਰੈਵਲ ਏਜੰਟਾਂ ਨੇ 25 ਨਾਬਾਲਗ ਬੱਚਿਆਂ ਨੂੰ ਰਗਬੀ ਖੇਡ ਦੀ ਟ੍ਰੇਨਿੰਗ ਵਾਸਤੇ ਪੇਪਰ ਬਣਾ ਕੇ ਉਨ੍ਹਾਂ ਨੂੰ ਦਿੱਲੀ ਤੋਂ ਪੈਰਿਸ ਭੇਜਿਆ ਸੀ। ਓਥੋਂ ਏਜੰਟਾਂ ਦੀ ਠੱਗੀ ਦਾ ਪਤਾ ਲੱਗਾ ਤਾਂ ਦੋ ਬੱਚੇ ਕਿਸੇ ਤਰ੍ਹਾਂ ਆਪਣੇ ਮਾਪਿਆਂ ਨਾਲ ਸੰਪਰਕ ਕਰ ਕੇ ਵਾਪਸ ਭਾਰਤ ਆ ਗਏ, ਇਕ ਬੱਚਾ ਫਰਾਂਸ ਪੁਲਿਸ ਨੇ ਫੜ ਲਿਆ ਤੇ 22 ਬੱਚੇ ਲਾਪਤਾ ਹਨ। ਇਨ੍ਹਾਂ ਲਾਪਤਾ 22 ਬੱਚਿਆਂ ਵਿੱਚੋਂ ਪੰਜ ਬੱਚੇ ਹਲਕਾ ਉੜਮੁੜ ਦੇ ਸ਼ਹਿਰ ਟਾਂਡਾ ਅਤੇ ਨਾਲ ਵਾਲੇ ਪਿੰਡ ਚੱਕ ਬਾਮੂ, ਆਲਮਪੁਰ, ਗਿਲਜੀਆਂ, ਭੂਲਪੁਰ ਅਤੇ ਜਹੂਰਾ ਵਿੱਚੋਂ ਹਨ।

ਅਸਲ ਵਿੱਚ ਇਹ ਮਾਮਲਾ 2016 ਦਾ ਦੱਸਿਆ ਗਿਆ ਹੈ। ਓਦੋਂ ਇਨ੍ਹਾਂ ਬੱਚਿਆਂ ਦੀ ਉਮਰ 15 ਤੋਂ 16 ਸਾਲ ਦੀ ਸੀ ਤੇ ਉਹ ਅੱਠਵੀਂ-ਨੌਵੀਂ ਜਮਾਤ ਵਿੱਚ ਵੱਖ-ਵੱਖ ਸਕੂਲਾਂ ਵਿੱਚ ਪੜ੍ਹਦੇ ਸਨ। ਪਿਛਲੇ ਚਾਰ ਦਿਨ ਤੋਂ ਸੀਬੀਆਈ ਦੀ ਟੀਮ ਦਿੱਲੀ ਤੋਂ ਇਨ੍ਹਾਂ ਪੰਜ ਬੱਚਿਆਂ ਦੇ ਪਰਿਵਾਰਾਂ ਤੋਂ ਬੱਚਿਆਂ ਦੇ ਪੈਰਿਸ ਜਾਣ ਬਾਰੇ ਪੁੱਛਗਿੱਛ ਕਰ ਰਹੀ ਹੈ।ਦੱਸਿਆ ਜਾਂਦਾ ਹੈ ਕਿ ਪਹਿਲੀ ਫਰਵਰੀ 2016 ਨੂੰ ਦਿੱਲੀ ਦੇ ਤਿੰਨ ਟ੍ਰੈਵਲ ਏਜੰਟਾਂ ਨੇ ਪੰਜਾਬ, ਹਰਿਆਣਾ ਤੇ ਦਿੱਲੀ ਨਾਲ ਸਬੰਧਤ 25 ਬੱਚਿਆਂ ਦਾਪੈਰਿਸ ਵਿੱਚ ਰਗਬੀ ਖੇਡ ਦੀ ਟ੍ਰੇਨਿੰਗ ਲਈ ਫ਼ਰਜ਼ੀ ਦਸਤਾਵੇਜ਼ਾਂ ਨਾਲ ਵੀਜ਼ਾ ਲਵਾ ਕੇ ਓਥੇ ਪੁਚਾਇਆ ਅਤੇ ਇਕ ਹਫ਼ਤਾ ਬੱਚਿਆਂ ਨੂੰ ਪੈਰਿਸ ਵਿਖੇ ਟ੍ਰੇਨਿੰਗ ਦਿੱਤੀ ਗਈ। ਇਸ ਪਿੱਛੋਂ ਏਜੰਟਾਂ ਨੇ ਬੱਚਿਆਂ ਦੀਆਂ ਵਾਪਸੀ ਦੀਆਂ ਟਿਕਟਾਂ ਕੈਂਸਲ ਕਰਵਾ ਕੇ ਇਕ ਗੁਰਦੁਆਰੇ ਵਿੱਚ ਠਹਿਰਾ ਦਿੱਤਾ। ਬੱਚਿਆਂ ਦੇ ਗਾਇਬ ਹੋਣ ਬਾਰੇ ਫਰਾਂਸ ਦੀ ਪੁਲਿਸ ਨੇ ਇੰਟਰਪੋਲ ਨੂੰ ਦੱਸਿਆ ਤਾਂ ਇੰਟਰਪੋਲ ਨੇ ਭਾਰਤ ਸਰਕਾਰ ਨਾਲ ਸੰਪਰਕ ਕੀਤਾ। ਸੀਬੀਆਈ ਨੇ 28 ਦਸੰਬਰ 2017 ਨੂੰ ਤਿੰਨ ਟਰੈਵਲ ਏਜੰਟਾਂ ਲਲਿਤ ਡੈਵਿਡ ਦੀਨ, ਸੰਜੇ ਰਾਜ ਅਤੇ ਵਰੁਣ ਚੌਧਰੀ ਦੇ ਖ਼ਿਲਾਫ਼ ਕੇਸ ਦਰਜ ਕੀਤਾ ਸੀ।

ਇਸ ਸੰਬੰਧ ਵਿੱਚ ਸੀਬੀਆਈ ਅਧਿਕਾਰੀਆਂ ਨੇ ਦੱਸਿਆ ਕਿ 25 ਬੱਚਿਆਂ ਵਿੱਚੋਂ ਬਹੁਤੇ ਬੱਚੇ ਪੰਜਾਬ ਦੇ ਸਨ। ਕਪੂਰਥਲਾ ਦੇ ਦੋ ਸਕੂਲਾਂ ਨੇ ਫਰੈਂਚ ਫੈਡਰੇਸ਼ਨ ਦੇ ਸੱਦੇ ਉੱਤੇ ਬੱਚਿਆਂ ਨੂੰ ਰਗਬੀ ਟ੍ਰੇਨਿੰਗ ਲਈ ਪੈਰਿਸ ਭੇਜਣਾ ਸੀ, ਪਰ ਏਜੰਟਾਂ ਨੇ ਜਾਅਲੀ ਦਸਤਾਵੇਜ਼ਾਂ ਨਾਲ ਵੱਖ-ਵੱਖ ਰਾਜਾਂ ਦੇ ਬੱਚੇ ਟ੍ਰੇਨਿੰਗ ਦੇ ਧੋਖੇ ਨਾਲ ਵੀਜ਼ਾ ਲਵਾ ਕੇ ਭੇਜ ਦਿੱਤੇ। ਇਨ੍ਹਾਂ ਬੱਚਿਆਂ ਦੇ ਪਰਿਵਾਰਾਂ ਤੋਂ ਕਰੋੜਾਂ ਰੁਪਏ ਠੱਗੇ ਹੋਏ ਹਨ। ਸੀਬੀਆਈ ਟੀਮਾਂ ਪੰਜਾਬ, ਹਰਿਆਣਾ ਤੇ ਦਿੱਲੀ ਦੇ ਬੱਚਿਆਂ ਦੇ ਪਰਿਵਾਰਾਂ ਤੋਂ ਪੁੱਛਗਿੱਛ ਕਰ ਰਹੀਆਂ ਹਨ।ਜਦੋਂ ਭੂਲਪੁਰ ਦੇ ਇਕ ਪਰਿਵਾਰ ਤੋਂ ਉਨ੍ਹਾਂ ਦੇ ਬੱਚੇ ਬਾਰੇ ਪੁੱਛਗਿੱਛ ਕਰਨ ਲਈ ਸੀਬੀ ਆਈ ਟੀਮ ਗਈ ਤਾਂ ਬੱਚੇ ਦੀ ਮਾਂ ਨੇ ਰੋਂਦੇ ਹੋਏ ਕਿਹਾ ਕਿ ਤਿੰਨ ਸਾਲ ਤੋਂ ਬੱਚੇ ਦਾ ਪਤਾ ਨਹੀਂ, ਉਹ ਫ਼ਰਜ਼ੀ ਏਜੰਟਾਂ ਦੇ ਝਾਂਸੇ ਵਿੱਚ ਅੱਠਵੀਂ ਕਲਾਸ ਵਿੱਚ ਪੜ੍ਹਦੇ ਬੱਚੇ ਨੂੰ ਪੈਰਿਸ ਭੇਜ ਬੈਠੀ ਤੇ ਅੱਜ ਤੱਕ ਉਹ ਪਛਤਾ ਰਹੇ ਹਨ।

# ਤਾਜ਼ਾ ਤਸਵੀਰਾਂ ਦੀ ਮਦਦ ਦੇ ਨਾਲ ਲੈਂਡਰ ਵਿਕਰਮ ਨੂੰ ਲੱਭ ਰਿਹੈ ਨਾਸਾ



ਵਿਕਰਮ ਦਾ ਪਤਾ ਨਹੀਂ ਲਗਾਇਆ ਜਾ ਸਕਿਆ।

ਨਿਊਯਾਰਕ, 20 ਅਕਤੂਬਰ (ਪੋਸਟ ਬਿਊਰੋ)- ਨਾਸਾ ਹਾਲੇ ਵੀ ਭਾਰਤ ਦੇ ਚੰਦਰਯਾਨ-2 ਦੇ ਲੈਂਡਰ ਵਿਕਰਮ ਦੀ ਖੋਜ ਕਰ ਰਿਹਾ ਹੈ। ਨਾਸਾ ਦੇ ਲਿਊਨਰ ਰਿਕਾਨਿਸੰਸ ਆਰਬਿਟਰ (ਐਲ ਆਰ ਓ) ਨੇ ਚੰਦਰਮਾ ਦੇ ਉਸ ਇਲਾਕੇ ਦੀ ਬਿਹਤਰ ਰੋਸ਼ਨੀ 'ਚ ਹੋਰ ਸਪਸ਼ਟ ਫੋਟੋ ਖਿੱਚੀਆਂ ਹਨ, ਜਿੱਥੇ ਲੈਂਡਰ ਵਿਕਰਮ ਦਾ ਸੰਪਰਕ ਟੁੱਟ ਗਿਆ ਸੀ।

ਵਰਨਣ ਯੋਗ ਹੈ ਕਿ 6-7 ਸਤੰਬਰ ਦੀ ਰਾਤ ਲੈਂਡਿੰਗ ਦੌਰਾਨ ਲੈਂਡਰ ਵਿਕਰਮ ਦਾ ਇਸਰੋ ਨਾਲੋਂ ਸੰਪਰਕ ਟੁੱਟ ਗਿਆ ਸੀ। ਐਲ ਆਰ ਓ ਦੇ ਪ੍ਰਜੈਕਟ ਸਾਇੰਟਿਸਟ ਨੂਹ ਪੈਟਰੋ ਨੇ ਕਿਹਾ ਕਿ ਨਵੀਂਆਂ ਤਸਵੀਰਾਂ ਨਾਲ ਭਾਰਤੀ ਲੈਂਡਰ ਵਿਕਰਮ ਦੀ ਡੂੰਘੀ ਖੋਜ ਸ਼ੁਰੂ ਕੀਤੀ ਗਈ ਹੈ। ਕੱਲ੍ਹ ਇਸ ਇਲਾਕੇ 'ਚ ਪ੍ਰਕਾਸ਼ ਦੀ ਸਥਿਤੀ ਬਹੁਤ ਜ਼ਿਆਦਾ ਅਨੁਕੂਲ ਸੀ। ਇਸ ਇਲਾਕੇ 'ਚ ਛਾਂ ਘੱਟ ਸੀ ਤੇ ਅਜਿਹੀ ਸਥਿਤੀ ਪਿਛਲੇ ਮਹੀਨੇ ਨਹੀਂ ਬਣ ਸਕੀ ਸੀ। ਪਿਛਲੇ ਮਹੀਨੇ 17 ਸਤੰਬਰ ਨੂੰ ਨਾਸਾ ਦਾ ਲਿਊਨਰ ਰਿਕਾਨਿਸੰਸ ਆਰਬਿਟਰ ਚੰਦਰਮਾ ਦੇ ਇਸੇ ਇਲਾਕੇ ਤੋਂ ਲੰਘਿਆ ਸੀ ਤੇ ਉਸ ਨੇ ਉਥੇ ਤਸਵੀਰਾਂ ਵੀ ਲਈਆਂ ਸਨ, ਪਰ ਉਨ੍ਹਾਂ ਤੋਂ ਵਿਕਰਮ ਦਾ ਪਤਾ ਨਹੀਂ ਲੱਗਾ ਸੀ। ਉਦੋਂ ਨਾਸਾ ਨੇ ਕਿਹਾ ਸੀ ਕਿ ਆਰਬਿ-ਟਰ ਚੰਦਰਮਾ ਦੇ ਉਸ ਇਲਾਕੇ ਤੋਂ ਜਿਸ ਸਮੇਂ ਲੰਘਿਆ ਉਥੇ ਸ਼ਾਮ ਸੀ ਅਤੇ ਉਸ ਇਲਾਕੇ 'ਚ ਪਰਛਾਵਾਂ ਵੀ ਕਾਫੀ ਜ਼ਿਆਦਾ ਸੀ। ਇਸ ਕਾਰਨ ਨੂਹ ਨੇ ਕਿਹਾ ਕਿ ਬੀਤੀ ਦਿਨੀਂ ਨੂੰ ਆਰਬਿਟਰ ਫਿਰ ਤੋਂ ਵਿਕਰਮ ਦੀ ਲੈਂਡਿੰਗ ਸਾਈਟ ਕੋਲੋਂ ਹੋ ਕੇ ਲੰਘਿਆ ਤਾਂ ਓਦੋਂ ਜ਼ਿਆਦਾ ਸਪਸ਼ਟ ਤਸਵੀਰਾਂ ਦਾ ਮੁਲਾਂਕਣ ਕਰ ਰਹੀ ਹੈ। ਅਗਲੇ ਕੁਝ ਦਿਨਾਂ 'ਚ ਹੋਰ ਜਾਣਕਾਰੀ ਮਿਲਣ ਵਾਲੀ ਹੈ। ਪੈਟਰੋ ਨੇ ਕਿਹਾ, 'ਅਸੀਂ ਵਿਕਰਮ ਦੀ ਸਾਵਧਾਨੀ ਨਾਲ ਖੋਜ ਕਰਾਂਗੇ। ਜਿੰਨਾ ਸੰਭਵ ਹੋਵੇਗਾ ਓਨੀ ਮੁਸ਼ਕਲ ਖੋਜ ਕਰਾਂਗੇ ਅਤੇ ਇਸ ਗੱਲ ਦਾ ਪਤਾ ਲਗਾ ਲਵਾਂਗੇ ਕਿ ਲੈਂਡਰ ਵਿਕਰਮ ਨਾਲ ਕੀ ਹੋਇਆ।' ਪੈਟਰੋ ਮੁਤਾਬਕ, ਲੈਂਡਰ ਵਿਕਰਮ ਦੀ ਖੋਜ ਇੱਕ ਬਹੁਤ ਵੱਡੇ ਖੇਤਰ 'ਚ ਹੋਣੀ ਹੈ ਜਿੱਥੇ ਹਾਲੇ ਇਹ ਨਹੀਂ ਪਤਾ ਕਿ ਅਸਲੀਅਤ 'ਚ ਕਰਨੀ ਕਿੱਥੇ ਹੈ। ਇਸ ਲਈ ਤਸਵੀਰਾਂ ਦੀ ਸਮੀਖਿਆ 'ਚ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਆਰਬਿ-ਟਰ ਹੁਣ 10 ਨਵੰਬਰ ਨੂੰ ਦੁਬਾਰਾ ਇਸੇ ਇਲਾਕੇ ਦੇ ਉਪਰੋਂ ਲੰਘੇਗਾ। ਅਨੁਕੂਲ ਰੋਸ਼ਨੀ ਦੀ ਸਥਿਤੀ 'ਚ ਫਿਰ ਤੋਂ ਚੰਗੀ ਤਸਵੀਰਾਂ ਲੈਣ ਦਾ ਮੌਕਾ ਮਿਲੇਗਾ।





Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

MISSISSAUGA $975

Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.


WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000

23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000

1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...


CHATHAM-KENT $65,000

Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...


MISSISSAUGA $149,000

17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900

7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month


BRAMPTON $299,000

23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As


MISSISSAUGA $499,000

5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000

693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000

7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000

32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਰਾਣਾ ਸੋਢੀ ਵੱਲੋਂ ਅੰਡਰ-18 ਪੰਜਾਬ ਰਾਜ ਖੇਡਾਂ ਦਾ ਉਦਘਾਟਨ





ਫ਼ਿਰੋਜ਼ਪੁਰ, 19 ਅਕਤੂਬਰ (ਗਿਆਨ ਸਿੰਘ): ਸ਼੍ਰੀ. ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪੰਜਾਬ ਰਾਜ ਖੇਡਾਂ ਲੜਕੇ (ਅੰਡਰ-18) ਸ਼ੁਰੂ ਹੋ ਗਈਆਂ ਹਨ ਜੋ ਕਿ 22 ਅਕਤੂਬਰ 2019 ਤੱਕ ਚੱਲਣਗੀਆਂ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਖੇਡਾਂ ਤੇ ਯੁਵਕ ਸੇਵਾਵਾਂ ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਐਤਵਾਰ ਨੂੰ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਉਦਘਾਟਨੀ ਸਮਾਰੋਹ ਦੌਰਾਨ 4 ਹਜ਼ਾਰ ਬੱਚਿਆਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਉਪਰੰਤ ਉਨ੍ਹਾਂ ਵੱਲੋਂ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਅਨੁਸ਼ਾਸਨ ਦੀ ਭਾਵਨਾ ਰੱਖਣ ਦੀ ਸਹੁੰ ਵੀ ਚੁਕਾਈ ਗਈ।ਇਸ ਮੌਕੇ ਮਾਰਚ ਪਾਸਟ, ਮਸ਼ਾਲ ਦੀ ਰਸਮ ਅਤੇ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਪੂਰੇ ਯਤਨ ਕਰ ਰਹੀ ਹੈ ਤਾਂ ਜੋ ਨੌਜਵਾਨ ਨਸ਼ਿਆਂ ਵਰਗੀ ਕੋਹੜ ਦੀ ਬਿਮਾਰੀ ਤੋਂ ਦੂਰ ਰਹਿਣ। ਉਨ੍ਹਾਂ ਦੱਸਿਆ ਕਿ ਹੁਣ ਜਿਹੜਾ ਵੀ ਖਿਡਾਰੀ ਗੋਲਡ ਮੈਡਲ ਜਿੱਤੇਗਾ ਉਸ ਨੂੰ ਸਰਕਾਰ ਵੱਲੋਂ 1 ਕਰੋੜ ਰੁਪਏ ਤੇ ਸਰਕਾਰੀ ਨੌਕਰੀ ਦਿੱਤੀ ਜਾਵੇਗੀ ਅਤੇ ਜਿਹੜਾ ਖਿਡਾਰੀ ਸਿਲਵਰ ਮੈਡਲ ਜਿੱਤੇਗਾ ਉਸ ਨੂੰ ਸਰਕਾਰ ਵੱਲੋਂ 75 ਲੱਖ ਰੁਪਏ ਤੇ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਇਸੇ ਤਰ੍ਹਾਂ ਬ੍ਰਾਊਨ ਮੈਡਲ (ਕਾਂਸੀ ਦਾ ਤਗਮਾ) ਜਿੱਤਣ ਵਾਲੇ ਖਿਡਾਰੀ ਨੂੰ 50 ਲੱਖ ਅਤੇ ਟ੍ਰੇਨਿੰਗ ਵੀ ਫ਼ਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨੌਕਰੀਆਂ ਦਾ 3 ਪ੍ਰਤੀਸ਼ਤ ਹਿੱਸਾ ਸਪੋਰਟਸ ਕੋਟੇ ਲਈ ਰਾਖਵਾਂ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਵਿੱਚ ਮਹਾਰ-ਾਜਾ ਭੁਪਿੰਦਰ ਸਿੰਘ ਯੂਨੀਵਰਸਿਟੀ ਬਣ ਰਹੀ ਹੈ ਜਿਸ ਵਿੱਚ ਖਿਡਾਰੀਆਂ ਲਈ ਕੋਚਿੰਗ ਆਦਿ ਸਾਰੀਆਂ ਸੁਵਿਧਾਵਾਂ ਉਪਲੱਬਧ ਹਨ। ਉਨ੍ਹਾਂ ਦੱਸਿਆ ਕਿ ਸਟੇਡੀਅਮ ਦੇ ਪਿੱਛੇ ਵਾਲੀ ਥਾਂ ਤੇ 6 ਕਰੋੜ ਰੁਪਏ ਦੀ ਲਾਗਤ ਨਾਲ ਐਸਟੋਟਰਫ ਹਾਕੀ ਅੰਤਰਰਾਸ਼ਟਰੀ ਸਟੇਡੀਅਮ ਗਰਾਊਂਡ ਬਣ ਰਿਹਾ ਹੈ ਜਿਸ ਦਾ ਨੀਂਹ ਪੱਥਰ ਰੱਖ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਫ਼ਿਰੋਜ਼ਪੁਰ ਵਿੱਚ ਚੱਲ ਰਹੇ ਸਵੀਮਿੰਗ ਪੂਲ ਦਾ ਵੀ ਜਲਦੀ ਹੀ ਆਧੁਨਿਕੀਕਰਨ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸਾਨੂੰ ਆਪਣਾ ਟੀਚਾ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਚਾਹੇ ਉਹ ਖੇਡ ਦਾ ਮੈਦਾਨ ਹੀ ਕਿਉਂ ਨਾ ਹੋਵੇ। ਉਨ੍ਹਾਂ ਕਿਹਾ ਕਿ ਬਾਕਸਿੰਗ, ਸ਼ੂਟਿੰਗ, ਰੈਸਲਿੰਗ, ਕ੍ਰਿਕਟ, ਐਥਲੈਟਿਕਸ, ਹੈਂਡਬਾਲ ਅਤੇ ਫੁੱਟਬਾਲ ਖੇਡਾਂ ਵਿੱਚ ਸਾਡੇ ਦੇਸ਼ ਦੇ ਖਿਡਾਰੀਆਂ ਨੇ ਕਾਫ਼ੀ ਵੱਡੀਆਂ ਮੱਲ੍ਹਾਂ ਮਾਰੀਆਂ ਹਨ ਤੇ ਸਾਡੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਤੰਦਰੁਸਤ ਪੰਜਾਬ ਦੇ ਤਹਿਤ ਕੈਪਟਨ ਅਮਰਿੰਦਰ ਸਿੰਘ ਨੇ ਇਹ ਮਿਸ਼ਨ ਚਲਾਇਆ ਹੈ ਤਾਂ ਜੋ ਖਿਡਾਰੀ ਖੇਡਾਂ ਪ੍ਰਤੀ ਲੱਗ ਕੇ ਨਸ਼ਿਆਂ ਤੋ ਦੂਰ ਰਹਿਣ। ਉਨ੍ਹਾਂ ਕਿਹਾ ਕਿ ਕੋਈ ਵੀ ਖਿਡਾਰੀ ਆਪਣੇ ਆਪ ਨੂੰ ਇੱਕ ਦੂਸਰੇ ਤੋਂ ਕਮਜ਼ੋਰ ਨਾ ਸਮਝੇ ਤੇ ਜਜ਼ਬੇ ਤੇ ਫੋਕਸ ਨਾਲ ਆਪਣਾ ਮੁਕਾਮ ਹਾਸਲ ਕਰੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਤੁਹਾਡੇ ਵਰਗੇ ਖਿਡਾਰੀਆਂ ਨੇ ਹੀ ਸਾਡੇ ਦੇਸ਼ ਦਾ ਨਾਮ ਰੌਸ਼ਨ ਕਰਨਾ ਹੈ, ਇਸ ਲਈ ਤੁਹਾਡਾ ਟੀਚਾ ਮੈਦਾਨ ਜਿੱਤਣ ਦਾ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਕੈਬਨਿਟ ਮੰਤਰੀ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮਾਂ ਨਾਲ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਐੱਸ.ਡੀ.ਐੱਮ. ਗੁਰੂਹਰਸਹਾਏ ਕੁਲਦੀਪ ਬਾਵਾ, ਐੱਸ.ਪੀ.ਡੀ.ਅਜੇ ਰਾਜ, ਦੇਸਵੀਰ ਸੋਢੀ, ਜ਼ਿਲ੍ਹਾ ਖੇਡ ਅਫਸਰ ਸੁਨੀਲ ਕੁਮਾਰ, ਸਕੱਤਰ ਰੈੱਡ ਕਰਾਸ ਅਸ਼ੋਕ ਬਹਿਲ, ਡਿਪਟੀ ਡੀ.ਈ.ਓ. ਸੈਕੰਡਰੀ ਕੋਮਲ ਅਰੋੜਾ, ਡਿਪਟੀ ਡੀ.ਈ.ਓ. ਜਗਜੀਤ ਸਿੰਘ,ਅਨਿਰੁਧ ਗੁਪਤਾ, ਮੇਹਰਦੀਪ ਸਿੰਘ ਮੰਚ ਸੰਚਾਲਕ, ਰਵੀ ਚਾਵਲਾ, ਅਮ੍ਰਿਤਪਾਲ ਸਿੰਘ ਅਤੇ ਅਗਰੇਜ਼ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਦੋ ਹਜ਼ਾਰ ਕਰੋੜ ਦਾ ਮਾਲਕ ਹੈ ਦਾਊਦ ਦੇ ਮਰਹੂਮ ਯਾਰ ਮਿਰਚੀ ਦਾ ਪਰਿਵਾਰ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਅੰਡਰਵਰਲਡ ਸਰਗਨਾ ਦਾਊਦ ਇਬਰਾਹੀਮ ਦਾ ਸੱਜਾ ਹੱਥ ਮੰਨੇ ਜਾਣ ਵਾਲੇ ਜਿਸ ਡਰੱਗ ਸਮੱਗਲਰ ਇਕਬਾਲ ਮਿਰਚੀ ਨਾਲ ਕਾਰੋਬਾਰੀ ਰਿਸ਼ਤਿਆਂ ਬਾਰੇ ਸਾਬਕਾ ਨਾਗਰਿਕ ਹਵਾਬਾਜ਼ੀ ਮੰਤਰੀ ਅਤੇ ਐਨ ਸੀ ਪੀ ਦੇ ਸੀਨੀਅਰ ਨੇਤਾ ਪ੍ਰਫੁੱਲ ਪਟੇਲ ਵਿਵਾਦਾਂ ਵਿੱਚ ਘਿਰ ਗਏ ਹਨ, ਉਸ ਸਮੱਗਲਰ ਦੇ ਪਰਵਾਰ ਕੋਲ ਦੇਸ਼-ਵਿਦੇਸ਼ 'ਚ ਦੋ ਹਜ਼ਾਰ ਕਰੋੜ ਤੋਂ ਵੱਧ ਦੀਆਂ ਜਾਇਦਾਦਾਂ ਹਨ। ਇਨ੍ਹਾਂ ਵਿੱਚ ਇਕੱਲੇ ਮੁੰਬਈ 'ਚ 500 ਕਰੋੜ ਰੁਪਏ ਤੋਂ ਜ਼ਿਆਦਾ ਦੀਆਂ ਜਾਇਦਾਦਾਂ ਹਨ। ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਦੇਸ਼-ਵਿਦੇਸ਼ ਦੀਆਂ ਇਨ੍ਹਾਂ ਨਾਮੀ-ਬੇਨਾਮੀ ਜਾਇਦਾਦਾਂ ਅਤੇ ਉਨ੍ਹਾਂ ਦੀ ਖਰੀਦਣ ਲਈ ਪੈਸੇ ਦੇ ਲੈਣ-ਦੇਣ ਨੂੰ ਲੱਭ ਲਿਆ ਹੈ।

ਈ ਡੀ ਕੋਲ ਮੌਜੂਦ ਦਸਤਾਵੇਜ਼ਾਂ ਮੁਤਾਬਕ ਵਰਲੀ ਦੇ ਸਨਬਲਿੰਕ ਰਿਅਲਟਰਜ਼ ਨੂੰ ਦਿੱਤੇ ਪਲਾਟ ਤੇ ਪ੍ਰਫੁੱਲ ਪਟੇਲ ਦੇ ਪਰਵਾਰ ਦੀ ਕੰਪਨੀ ਮਿਲੇਨੀਅਮ ਡਿਵੈਲਪਰਜ਼ ਵੱਲੋਂ ਬਣਾਏ 15 ਮੰਜ਼ਿਲਾ ਸੀ ਜੇ ਹਾਊਸ ਤੋਂ ਇਲਾਵਾ ਕਈ ਹੋਰ ਵੀ ਜਾਇਦਾਦਾਂ ਹਨ। ਇਨ੍ਹਾਂ ਵਿੱਚ ਖੰਡਾਲਾ 'ਚ ਛੇ ਏਕੜ ਜ਼ਮੀਨ 'ਤੇ ਬਣਿਆ ਇੱਕ ਬੰਗਲਾ ਹੈ, ਜਿਹੜਾ ਵੈਸੇ ਵ੍ਹਾਈਟ ਵਾਟਰ ਲਿਮਟਿਡ ਦੇ ਨਾਂ ਹੈ, ਪਰ ਅਸਲ 'ਚ ਇਕਬਾਲ ਮਿਰਚੀ ਦੀ ਪਤਨੀ ਹਾਜਰਾ ਇਕਬਾਲ ਤੇ ਬੇਟੇ ਦੇ ਕਬਜ਼ੇ 'ਚ ਹੈ। ਵਰਲੀ ਵਿੱਚ ਹੀ ਸਾਹਿਲ ਬੰਗਲਾ ਵੀ ਇਕਬਾਲ ਮਿਰਚੀ ਦੀ ਪਤਨੀ ਦੇ ਬੱਚਿਆਂ ਦੇ ਨਾਂ ਉੱਪਰ ਹੈ। ਵਰਲੀ ਦਾ ਸਮੰਦਰ ਮਹਿਲ ਇਕਬਾਲ ਮਿਰਚੀ ਦੀ ਭੈਣ ਅਤੇ ਜੀਜੇ ਦੇ ਕਬਜ਼ੇ 'ਚ ਹਨ। ਇਸੇ ਤਰ੍ਹਾਂ ਬਾਏਕੁਲਾ ਦੀ ਨਿਊ ਰੋਜ਼ਨ ਟਾਕੀਜ਼, ਕ੍ਰਾਫਰਡ ਮਾਰਕੀਟ 'ਚ ਤਿੰਨ ਦੁਕਾਨਾਂ, ਜੁਹੂ ਤਾਰਾ ਰੋਡ 'ਤੇ ਮੀਨਾਜ ਹੋਟਲ ਤੇ ਪੰਚਗਨੀ 'ਚ ਬੰਗਲਾ ਵੀ ਮਿਰਚੀ ਪਰਵਾਰ ਦਾ ਹੈ।

ਈ ਡੀ ਦੇ ਇੱਕ ਅਧਿਕਾਰੀ ਮੁਤਾਬਕ ਇਕਬਾਲ ਮਿਰਚੀ ਦੇ ਪਰਵਾਰ ਕੋਲ ਬ੍ਰਿਟੇਨ ਵਿੱਚ 25 ਜਾਇਦਾਦਾਂ ਹਨ। ਇਨ੍ਹਾਂ 'ਚ ਇਕੱਲੇ ਲੰਡਨ ਵਿੱਚ ਹੀ 16 ਜਾਇਦਾਦਾਂ ਦੀ ਮਾਲਕਣ ਇਕਬਾਲ ਮਿਰਚੀ ਦੀ ਪਤਨੀ ਹਾਜਰਾ ਹੈ। ਇਹ ਸਭ ਜਾਇਦਾਦਾਂ ਕਾਊਂਟੀ ਪ੍ਰਾਪਰਟੀਜ਼ ਲਿਮਟਿਡ ਅਤੇ ਯੂਸਕੋਂਬੇ ਲਿਮਟਿਜ ਨਾਂ ਦੀਆਂ ਦੋ ਕੰਪਨੀਆਂ ਦੇ ਨਾਂ 'ਤੇ ਹਨ, ਪਰ ਇਹ ਕੰਪਨੀਆਂ ਅਸਲ 'ਚ ਹਾਜਰਾ ਮਿਰਚੀ ਦੀਆਂ ਹਨ। ਬ੍ਰਿਟੇਨ ਦੀਆਂ ਚਾਰ ਕੰਪਨੀਆਂ ਰਿਡਜ਼, ਟੌਪਲਾਈਨ ਅਸਟੇਟ, ਕਿਊ ਏ ਮੈਨੇਜਮੈਂਟ (ਵਾਟਰਸਾਈਡ) ਅਤੇ ਇੰਪੀਰੀਅਲ ਹੋਟਲ (ਡਾਰਟਫੋਰਡ) ਦੇ ਨਾਂ 'ਤੇ ਲੰਡਨ ਵਿੱਚ ਛੇ ਜਾਇਦਾਦਾਂ ਇਕਬਾਲ ਮਿਰਚੀ ਇਕਬਾਲ ਮਿਰਚੀ ਪਰਵਾਰ ਦੀਆਂ ਹਨ। ਇਸੇ ਤਰ੍ਹਾਂ ਯੂ ਏ ਈ ਵਿੱਚ ਮਿਰਾਜ ਇਨਵੈਸਟਮੈਂਟ ਦੀਆਂ ਲੰਡਨ 'ਚ ਤਿੰਨ ਜਾਇਦਾਦਾਂ ਹਨ, ਜਿਹੜੀਆਂ ਅਸਲ 'ਚ ਮਿਰਚੀ ਪਰਵਾਰ ਦੀਆਂ ਹਨ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਬਟੂਆ ਗੁਆਚਣ ਮਗਰੋਂ ਬੈਂਕ ਅਕਾਊਂਟ ਵਿੱਚ ਪੈਸੇ ਆਉਣ ਲੱਗ ਪਏ

ਲੰਦਨ, 20 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਰਾਜਧਾਨੀ ਲੰਦਨ ਦੇ ਵਸਨੀਕ ਟਿਮ ਕੈਮਰੂਨ ਬੀਤੇ ਸੋਮਵਾਰ ਨੂੰ ਸਾਈਕਲ ਚਲਾ ਕੇ ਆਪਣੇ ਦਫ਼ਤਰ ਤੋਂ ਘਰ ਵਾਪਸ ਜਾ ਰਹੇ ਸਨ ਕਿ ਉਨ੍ਹਾਂ ਦਾ ਪਰਸ ਗਵਾਚ ਗਿਆ। ਉਸ ਪਰਸ ਵਿੱਚ ਅਜਿਹਾ ਕੋਈ ਕਾਰਡ ਜਾਂ ਡਾਕੂਮੈਂਟ ਆਦਿ ਨਹੀਂ ਸੀ, ਜਿਸ ਨਾਲ ਉਸ ਦੇ ਮਾਲਿਕ ਕੈਮਰੂਨ ਬਾਰੇ ਦਾ ਲੱਗਦਾ। ਇਸ ਲਈ ਕੈਮਰੂਨ ਨੇ ਸੋਚਿਆ ਕਿ ਉਨ੍ਹਾਂ ਨੇ ਹਮੇਸ਼ਾ ਲਈ ਆਪਣਾ ਪਰਸ ਗੁਆ ਲਿਆ ਹੈ, ਪਰ ਜਿਸ ਬੰਦੇ ਨੂੰ ਪਰਸ ਮਿਲਿਆ, ਉਸ ਨੇ ਉਸ ਦੇ ਮਾਲਿਕ ਯਾਨੀ ਕੈਮਰੂਨ ਤੱਕ ਪਹੁੰਚਣ ਦਾ ਅਸਲੋਂ ਅਨੋਖਾ ਤਰੀਕਾ ਲੱਭ ਲਿਆ।

ਇੱਕ ਦਿਨ ਕੈਮਰੂਨ (30 ਸਾਲ) ਨੇ ਆਪਣਾ ਬੈਂਕ ਅਕਾਊਂਟ ਚੈੱਕ ਕੀਤਾ ਤਾਂ ਕਿ ਪਤਾ ਲੱਗ ਸਕੇ ਕਿ ਪਰਸ ਚੋਰੀ ਦੇ ਬਾਅਦ ਕੁਝ ਗੜਬੜ ਤਾਂ ਨਹੀਂ ਹੋਈ। ਹੈਰਾਨੀ ਦੀ ਗੱਲ ਇਹ ਸੀ ਕਿ ਗੜਬੜੀ ਹੋਈ, ਪਰ ਓਦਾਂ ਦੀ ਨਹੀਂ, ਜਿੱਦਾਂ ਦੀ ਕੈਮਰੂਨ ਨੇ ਸੋਚੀ ਸੀ। ਉਲਟਾ ਕੈਮਰੂਨ ਦੇ ਬੈਂਕ ਅਕਾਊਂਟ ਵਿੱਚ ਕਿਸੇ ਨੇ ਪੈਸੇ ਪਾਏ ਸਨ। ਇਸ ਮੌਕੇ ਕੈਮਰੂਨ ਨੇ ਨੋਟਿਸ ਕੀਤਾ ਕਿ ਉਨ੍ਹਾਂ ਦੇ ਅਕਾਊਂਟ ਵਿੱਚ ਚਾਰ ਵਾਰ ਟਰਾਂਜੈਕਸ਼ਨ ਹੋਇਆ ਅਤੇ ਹਰ ਵਾਰ ਇੱਕ ਪੈਨੀ ਜਮ੍ਹਾਂ ਹੋਈ ਸੀ। ਚਾਰੇ ਟਰਾਂਜੈਕਸ਼ਨ ਵਿੱਚ ਨਾਲ ਇੱਕ-ਇੱਕ ਮੈਸੇਜ ਹੁੰਦਾ ਸੀ। ਜਦੋਂ ਉਨ੍ਹਾਂ ਮੈਸੇਜ ਜੋੜਿਆ ਤਾਂ ਉਹ ਕੁਝ ਏਦਾਂ ਦਾ ਸੀ, 'ਹਾਏ, ਮੈਨੂੰ ਤੁਹਾਡਾ ਪਰਸ ਸੜਕ ਉੱਤੇ ਮਿਲਿਆ'। ਇਸ ਮੈਸੇਜ ਨਾਲ ਫੋਨ ਨੰਬਰ ਲਿਖਿਆ ਸੀ ਤੇ ਉਸ ਉੱਤੇ ਗੱਲ ਕਰਨ ਜਾਂ ਮੈਸੇਜ ਕਰਨ ਨੂੰ ਕਿਹਾ ਗਿਆ ਸੀ। ਪਿੱਛੋਂ ਪਤਾ ਲੱਗਾ ਕਿ ਕੈਮਰੂਨ ਦਾ ਉਹ ਪਰਸ 30 ਸਾਲ ਦੇ ਸਾਈਮਨ ਬਾਇਫੋਰਡ ਨੂੰ ਮਿਲਿਆ ਸੀ। ਸਾਈਮਨ ਉਸੇ ਰਸਤੇ ਜਾ ਰਹੇ ਸਨ, ਜਿੱਥੋਂ ਕੈਮਰੂਨ ਲੰਘੇ ਸਨ। ਸਾਈਮਨ ਨੇ ਪਹਿਲਾਂ ਕੈਮਰੂਨ ਨੂੰ ਫੇਸਬੁਕ ਦੇ ਰਾਹੀਂ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦਾ ਪਤਾ ਨਾ ਲੱਗਾ। ਇਸ ਪਿੱਛੋਂ ਉਨ੍ਹਾਂ ਬੈਂਕ ਅਕਾਊਂਟ ਵਿੱਚ ਪੈਸੇ ਪਾਉਣ ਦਾ ਖਿਆਲ ਆਇਆ, ਪਰ ਉਨ੍ਹਾਂ ਨੂੰ ਲੱਗਾ ਕਿ ਯੋਜਨਾ ਸਿਰੇ ਨਹੀਂ ਚੜ੍ਹੇਗੀ। ਸਾਈਮਨ ਦੇ ਮੁਤਾਬਕ ਜਦੋਂ ਉਨ੍ਹਾਂ ਸੰਪਰਕ ਕੀਤਾ ਤਾਂ ਖੁਸ਼ੀ ਵੀ ਹੋਈ ਅਤੇ ਹੈਰਾਨੀ ਵੀ। ਮੈਨੂੰ ਆਸ ਸੀ ਕਿ ਉਹ ਮਿਲਣਗੇ, ਪਰ ਇੰਨੀ ਜਲਦੀ ਮਿਲਣਗੇ, ਇਹ ਨਹੀਂ ਸੋਚਿਆ ਸੀ। ਕੈਮਰੂਨ ਨੇ ਸਾਈਮਨ ਦੀ ਤਾਰੀਫ ਕਰਦੇ ਹੋਏ ਕਿਹਾ, ਉਹ ਚੰਗੇ ਇਨਸਾਨਾਂ ਵਿੱਚੋਂ ਇੱਕ ਹਨ।

# ਪੰਜਾਬੀ ਭਵਨ ਵਿਖੇ ਪ੍ਰੋ: ਮੋਹਨ ਸਿੰਘ ਦਾ 115ਵਾਂ ਜਨਮ ਦਿਹਾੜਾ ਮਨਾਇਆ



ਲੁਧਿਆਣਾ, 20 ਅਕਤੂਬਰ (ਗਿਆਨ ਸਿੰਘ): ਪ੍ਰੋ: ਮੋਹਨ ਸਿੰਘ ਦੇ 115ਵੇਂ ਜਨਮ ਦਿਹਾੜੇ ਤੇ ਪੰਜਾਬੀ ਭਵਨ ਵਿਖੇ ਸੈਮੀਨਾਰ ਅਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ । ਸਮਾਗਮ ਦੀ ਸ਼ੁਰੂਆਤ ਆਰਤੀ ਚੌਂਕ ਸਥਿਤ ਬੁੱਤ ਤੇ ਫੁੱਲ ਮਾਲਾਵਾਂ ਬੇਟ ਕਰਕੇ ਕੀਤੀ ਗਈ । ਇਸ ਦੌਰਾਨ ਮੈਂਬਰ ਪਾਰਲੀਮੈਂਟ ਅਤੇ ਪ੍ਰਸਿੱਧ ਲੋਕ ਗਾਇਕ ਮੁਹੰਮਦ ਸਦੀਕ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਐਮ.ਪੀ. ਪ੍ਰਿਥਵੀਪਾਲ ਸਿੰਘ, ਪਰਗਟ ਸਿੰਘ ਗਰੇਵਾਲ, ਡਾ. ਨਿਰਮਲ ਜੋੜਾ, ਡਾ. ਸੁਰਜੀਤ ਸਿੰਘ, ਕੇ.ਕੇ. ਬਾਵਾ ਸਮੇਤ ਕਈ ਪ੍ਰਮੁੱਖ ਸਖਸ਼ੀਅਤਾਂ ਨੇ ਹਾਜ਼ਰੀ ਭਰੀ । ਬੁੱਤ ਤੇ ਫੁੱਲ ਮਾਲਾਵਾਂ ਭੇਂਟ ਕਰਨ ਤੋਂ ਬਾਅਦ ਕਾਫਿਲਾ ਪੰਜਾਬੀ ਭਵਨ ਵੱਲ ਰਵਾਨਾ ਹੋਇਆ ਜਿੱਥੇ ਪ੍ਰੋ: ਮੋਹਨ ਸਿੰਘ ਦੀਲ ਯਾਦ ਨੂੰ ਸਮਰਪਿਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ ।ਸੈਮੀਨਾਰ ਦਾ ਮੁੱਖ ਵਿਸ਼ਾ ਭਾਰਤ ਵਿਚ ਭਾਸ਼ਾ ਦਾ ਸਵਾਲ ਅਤੇ ਪੰਜਾਬੀ ਦਾ ਭਵਿੱਖ ਰਿਹਾ । ਮੁੱਖ ਮਹਿਮਾਨ ਦੇ ਰੂਪ ਵਿਚ ਸਾਬਕਾ ਉਪ-ਕੁਲਪਤੀ ਡਾ. ਐਮ.ਪੀ. ਸਿੰਘ ਨੇ ਭਾਗ ਲਿਆ ।ਸੈਮੀਨਾਰ ਦੀ ਪ੍ਰਧਾਨਗੀ ਪ੍ਰੋ: ਰਵਿੰਦਰ ਭੱਠਲ ਪ੍ਰਧਾਨ ਪੰਜਾਬੀ ਸਾਹਿਤਕ ਅਕਾਦਮੀ ਨੇ ਕੀਤੀ । ਇਸ ਸੈਮੀਨਾਰ ਤੋਂ ਬਾਅਦ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ । ਕਵੀ ਦਰਬਾਰ ਵਿਚ ਜਸਵੰਤ ਜਫ਼ਰ, ਗੁਰਚਰਨ ਕੌਰ ਕੋਚਰ, ਸਵਰਨਜੀਤ ਸਵੀ, ਮਨਜਿੰਦਰ ਧਨੋਆ, ਤਰਲੋਚਨ ਲੋਚੀ, ਭਗਵਾਨ ਢਿੱਲੋਂ, ਪਰਮਜੀਤ ਸੋਹਲ, ਦਵਿੰਦਰ ਦਿਲਰੂਪ, ਜਸਲੀਨ ਕੌਰ, ਅਮਨ ਸਿੰਘ, ਕਰਮਜੀਤ ਗਰੇਵਾਲ, ਅਮਰਜੀਤ ਸ਼ੇਰਪੁਰੀ, ਹਰਬੰਸ ਮਾਲਵਾ, ਹਰਬੰਸ ਕਿਰਨ, ਜਸਪ੍ਰੀਤ ਕੌਰ ਫਲਕ ਆਦਿ ਕਵੀਆਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਮਾਗਮ ਵਿਚ ਮੌਜੂਦ ਸਖਸ਼ੀਅਤਾਂ ਦਾ ਮਨ ਮੋਹ ਲਿਆ।

# 'ਪ੍ਰਕਾਸ਼ ਉਤਸਵ 550' ਮੋਬਾਇਲ ਐਪ ਜਾਰੀ




ਸੁਲਤਾਨਪੁਰ ਲੋਧੀ, 20 ਅਕਤੂਬਰ (ਗਿਆਨ ਸਿੰਘ): ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸੁਲਤਾਨਪੁਰ ਲੋਧੀ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਅੱਜ ਵਿਸ਼ੇਸ਼ਤਾਵਾਂ ਭਰਪੂਰ 'ਪ੍ਰਕਾਸ਼ ਉਤਸਵ 550'' ਮੋਬਾਇਲ ਐਪ ਜਾਰੀ ਕੀਤੀ ਗਈ।

ਇਹ ਐਪ ਇਕ ਵਾਰ ਡਾਊਨਲੋਡ ਕਰਨ ਤੋਂ ਬਾਅਦ ਮੋਬ-ਾਇਲ ਡਾਟਾ ਆਫ ਲਾਈਨ ਹੋਣ 'ਤੇ ਵੀ ਕੰਮ ਕਰੇਗੀ ਅਤੇ ਇਸ ਲਈ ਇੰਟਰਨੈਟ ਕੁਨੈਕਟਿਵਿਟੀ ਦੀ ਵੀ ਜਰੂਰਤ ਨਹੀਂ ਪਵੇਗੀ।

ਮੋਬਾਇਲ ਐਪ ਨੂੰ ਜਾਰੀ ਕਰਨ ਉਪਰੰਤ ਵਿਧਾਇਕ ਨਵਤੇਜ ਸਿੰਘ ਚੀਮਾ, ਡਿਪਟੀ ਕਮਿਸ਼ਨਰ ਡੀ.ਪੀ.ਐਸ.ਖਰਬੰਦਾ ਅਤੇ ਐਸ.ਐਸ.ਪੀ.ਸਤਿੰਦਰ ਸਿੰਘ ਨੇ ਕਿਹਾ ਕਿ ਇਹ ਮੋਬਾਇਲ ਐਪ ਵਿਸਵ ਭਰ ਤੋਂ ਆਉਣ ਵਾਲੇ ਸਰਧਾਲੂਆਂ ਦੀ ਸਹੂਲਤ ਲਈ ਜਾਰੀ ਕੀਤੀ ਗਈ ਹੈ ਜਿਸ ਰਾਹੀਂ ਅਵਾਜਾਈ ਰੂਟ, ਰੇਲਵੇ , ਰਿਹਾਇਸ਼, ਸੁਰੱਖਿਆ , ਇਤਿਹਾਸਿਕ ਗੁਰਦੁਆਰਾਂ, ਡਾਕਟਰੀ ਸਹੂਲਤ ਅਤੇ ਹੋਰ ਸਹੂਲਤਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਏਗੀ।

ਉਨ੍ਹਾਂ ਕਿਹਾ ਕਿ ਐਨਰਾਇਡ ਫੋਨ ਦੀ ਵਰਤੋਂ ਕਰਨ ਵਾਲੇ ਗੁਗਲ ਪਲੇਅ ਸਟੋਰ ਵਿੱਚ ਜਾ ਕੇ ਇਹ ਮੋਬਾਇਲ ਐਪ ਡਾਊਨ ਲੋਡ ਕਰ ਸਕਦੇ ਹਨ ਜਦਕਿ ਆਈ ਫੋਨ ਵਰਤਣ ਵਾਲੇ ਅਗਲੇ ਤਿੰਨ ਦਿਨਾਂ ਤੋਂ ਐਪਲ ਸਟੋਰ ਵਿੱਚ ਜਾ ਕੇ ਐਪ ਡਾਊਨਲੋਡ ਕਰ ਸਕਦੇ ਹਨ।

ਐਪ ਦੀਆਂ ਵਿਸ਼ੇਸਤਾਵਾਂ ਦੱਸਦਿਆਂ ਉਨਾਂ ਕਿਹਾ ਕਿ ਇਸ ਮੋਬ-ਾਇਲ ਐਪ 'ਤੇ ਸਿੰਗਲ ਕਲਿੱਕ ਨਾਲ ਇਤਿਹਾਸਿਕ ਗੁਰਦੁਆਰਿਆਂ, ਟਰਾਂਸਪੋਰਟ, ਸਿਹਤ ਸੇਵਾਵਾਂ, ਪ੍ਰਬੰਧਨ, ਭੋਜਨ ਅਤੇ ਪਾਣੀ ਪ੍ਰਬੰਧਨ, ਪਖਾਨੇ ਅਤੇ ਕੂੜੇ ਦੀ ਸੰਭਾਲ, , ਪੁਲਿਸ ਚੈਕ ਪੋਸਟ ਮੈਨੇਜਮੈਂਟ, ਆਈ.ਟੀ.ਸੂਚਨਾ ਕੇਂਦਰ, ਕੀ ਮੈ ਤੁਹਾਡੀ ਮਦਦ ਕਰ ਸਕਦਾ ਹਾਂ ਡੈਸਕ, ਪਾਰਕਿੰਗ, ਗੁਆਚਿਆਂ ਦੀ ਭਾਲ ਪ੍ਰਬੰਧਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸਰਧਾਲੂ 37 ਵੱਖ ਵੱਖ ਲੰਗਰ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਨ ਦੇ ਸਮਰੱਥ ਹੋਣਗੇ।

ਉਨ੍ਹਾਂ ਕਿਹਾ ਕਿ ਜੀ.ਪੀ.ਐਸ ਲੁਕੇਸ਼ਨ ਰਾਹੀਂ ਤਿੰਨ ਟੈਂਟ ਸਿਟੀ ਅਤੇ 9 ਪਾਰਕਿੰਗ ਸਥਾਨਾਂ ਦੀ ਵੀ ਜਾਣਕਾਰੀ ਐਪ 'ਤੇ ਉਪਲਬੱਧ ਕਰਵਾਈ ਗਈ ਹੈ ਤਾਂ ਜੋ ਸੜਕੀ ਰਾਸਤੇ ਤੋਂ ਆਉਣ ਵਾਲੇ ਸ਼ਰਧਾਲੂ ਉਨਾਂ ਨੂੰ ਅਲਾਟ ਹੋਏ ਟੈਂਟ ਸਿਟੀ ਅਤੇ ਪਾਰਕਿੰਗ ਸਥਾਨਾਂ ਦੀ ਚੋਣ ਕਰ ਸਕਣ।

ਉਨ੍ਹਾਂ ਇਹ ਵੀ ਦੱਸਿਆ ਕਿ ਕਿਸੇ ਵੀ ਹੰਗਾਮੀ ਸਥਿਤੀ ਦੇ ਪੈਦਾ ਹੋਣ 'ਤੇ ਹਰ ਤਰ੍ਹਾਂ ਦੀਆਂ ਹੈਲਪਲਾਈਨਾਂ, ਏ.ਟੀ.ਐਮ ਪੁਆਇੰਟਾਂ ਬਾਰੇ ਇਸ ਐਪ 'ਤੇ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੁਲਤਾਨਪੁਰ ਲੋਧੀ, ਲੋਹੀਆਂ, ਕਪੂਰਥਲਾ ਅਤੇ ਜਲੰਧਰ ਦੇ 44 ਹਸਪਤਾਲਾਂ ਦੀਆਂ ਥਾਵਾਂ ਬਾਰੇ ਵੀ ਐਪ 'ਤੇ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

ਡਿਪਟੀ ਕਮਿਸ਼ਨਰ ਨੇ ਇਹ ਵੀ ਸਪਸ਼ਟ ਕੀਤਾ ਕਿ ਸਰਧਾਲੂਆਂ ਦੀ ਸਹੂਲਤ ਤੋਂ ਇਲਾਵਾ ਮਨੁੱਖੀ ਸਰੋਤਾਂ ਦੇ ਪ੍ਰਬੰਧਨ ਅਤੇ ਸਾਰੇ ਸੈਕਟਰਾਂ ਵਿੱਚ ਤਾਇਨਾਤ ਕੀਤੇ ਗਏ ਅਧਿਕਾਰੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਬਹੁਤ ਲਾਹੇਵੰਦ ਸਾਬਿਤ ਹੋਵੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਡਿਊਟੀ 'ਤੇ ਤਾਇਨਾਤ ਕਰਮਚਾਰੀਆਂ ਲਈ ਪਹਿਚਾਣ ਪੱਤਰ ਵੀ ਕਿਆਊ ਆਰ ਕੋਡ, ਫੋਟੋ ਅਤੇ ਰਜਿਸਟਰਡ ਮੋਬਾਇਲ ਨੰਬਰ ਹੋਣ 'ਤੇ ਬਣਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਮਹਾਨ ਕਾਰਜ ਨੂੰ ਸਫ਼ਲ ਬਣਾਉਣ ਲਈ ਪਹਿਲੀ ਨਵੰਬਰ ਤੋਂ 12 ਨਵੰਬਰ ਤੱਕ 9000 ਤੋਂ ਵੱਧ ਕੀਤੇ ਗਏ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕਾਰਡ ਜਾਰੀ ਕਰਨ ਵਿੱਚ ਪੈਸੇ ਅਤੇ ਉਰਜਾ ਦੀ ਵੀ ਬਚਤ ਹੋਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਐਪ ਦੀ ਮਦਦ ਨਾਲ ਡਿਊਟੀ 'ਤੇ ਤਾਇਨਾਤ ਕਰਮਚਾਰੀ ਆਪਣੀ ਡਿਊਟੀ ਸਥਾਨ, ਸਮਾਂ ਅਤੇ ਕੀਤੀ ਜਾਣ ਵਾਲੀ ਡਿਊਟੀ ਬਾਰੇ ਵੀ ਜਾਣਨ ਦੇ ਸਮਰੱਥ ਹੋ ਸਕਣਗੇ।

ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਦੱਸਿਆ ਕਿ ਕਮਿਊਨੀਕੇਸ਼ਨ ਕੰਪਨੀਆਂ ਵਲੋਂ 20 ਹਾਈ ਫ੍ਰਿਕਿਊਐਂਸੀ ਵਾਲੇ ਮੋਬ-ਾਇਲ ਸਿਗਨਲ ਟਾਵਰ ਲਗਾਏ ਜਾਣਗੇ ਜੋ ਕਿ ਲੱਖਾਂ ਸਰਧਾਲਆਂ ਨੂੰ ਇੰਟਰਨੈਟ ਡਾਟਾ ਦੀ ਸਹੂਲਤ ਮੁਹੱਈਆ ਕਰਵਾਉਣਗੇ ਜਦਕਿ ਇਸ ਤੋਂ ਪਹਿਲਾਂ 16000 ਸ਼ਹਿਰ ਵਾਸੀਆਂ ਨੂੰ ਡਾਟਾ ਮੁਹੱਈਆ ਕਰਵਾਇਆ ਜਾ ਰਿਹਾ ਸੀ।

ਇਸ ਮੌਕੇ ਐਸ.ਡੀ.ਐਮ.ਚਾਰੂਮਿਤਾ, ਓ.ਐਸ.ਡੀ. 550 ਸਾਲਾ ਉਤਸਵ ਨਵਨੀਤ ਕੌਰ ਬੱਲ ਅਤੇ ਐਸ.ਪੀ.ਤੇਜਬੀਰ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132''
88''
8 Seated Sofa
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਸੰਪਾਦਕੀ

## ਚੋਣਾਂ ਦਾ ਦਿਨ- ਠੰਡੇ ਮਤੇ ਵੋਟ ਪਾਉਣ ਦਾ ਦਿਨ

ਪਿਛਲੇ 40 ਦਿਨਾਂ ਤੋਂ ਵੱਖੋ ਵੱਖਰੀਆਂ ਸਿਆਸੀ ਪਾਰਟੀਆਂ ਅਤੇ ਉਹਨਾਂ ਦੇ ਉਮੀਦਵਾਰਾਂ ਦੇ ਦਾਅਵੇ ਅਤੇ ਪ੍ਰਤੀ ਦਾਅਵੇ ਸੁਣਦੇ ਆ ਰਹੇ ਵੋਟਰਾਂ ਦੁਆਰਾ ਫੈਸਲਾ ਕਰਨ ਦਾ ਦਿਨ ਆ ਚੁੱਕਾ ਹੈ। ਇਸ ਸਾਲ ਚੋਣਾਂ ਇਸ ਗੱਲੋਂ ਨਿਵੇਕਲੀਆਂ ਰਹੀਆਂ ਕਿ ਸਿਆਸੀ ਆਗੂਆਂ ਵੱਲੋਂ ਦੇਸ਼ ਸਮਾਜ ਨੂੰ ਦਰਪੇਸ਼ ਮੁੱਦਿਆਂ ਬਾਰੇ ਘੱਟ ਅਤੇ ਇੱਕ ਦੂਜੇ ਦੀਆਂ ਖਾਮੀਆਂ ਕੱਢਣ ਵੱਲ ਧਿਆਨ ਵੱਧ ਦਿੱਤਾ ਗਿਆ। ਸ਼ਾਇਦ ਇਸੇ ਕਾਰਣ ਵੋਟਰਾਂ ਦਾ ਇੱਕ ਵੱਡਾ ਹਿੱਸਾ ਹਾਲੇ ਤੱਕ ਇਹ ਫੈਸਲਾ ਨਹੀਂ ਕਰ ਸਕਿਆ ਕਿ ਉਸਨੇ ਵੋਟ ਕਿਸਨੂੰ ਪਾਉਣੀ ਹੈ! ਵੋਟਰਾਂ ਵਿੱਚ ਪਾਈ ਜਾਂਦੀ ਅਨਿਸਚ-ਤਾ ਸਿਆਸੀ ਪਾਰਟੀਆਂ ਨੂੰ ਚੰਗੀ ਨਹੀਂ ਲੱਗਦੀ ਹੁੰਦੀ ਪਰ ਇਹ ਸਿਹਤਮੰਦ ਲੋਕਤੰਤਰ ਦੀ ਨਿਸ਼ਾਨੀ ਹੁੰਦੀ ਹੈ। ਆਖਰ ਨੂੰ ਵੋਟਰ ਸਮੁੱਚੇ ਲੋਕਤੰਤਰ ਵਿਧੀ ਵਿਧਾਨ ਦਾ ਸਰਬੋਤਮ ਅੰਗ ਹੈ ਅਤੇ ਉਸਨੂੰ ਪੂਰਾ ਹੱਕ ਹੈ ਕਿ ਉਹ ਆਖਰੀ ਪਲ ਤੱਕ ਸਿਆਸਤਦਾਵਾਂ ਨੂੰ ਉਂਗਲਾਂ ਉੱਤੇ ਨਚਾਉਣ ਤੋਂ ਬਾਅਦ ਸੋਚ ਸਮਝ ਕੇ ਮਰਜ਼ੀ ਨਾਲ ਵੋਟ ਪਾਵੇ।

43ਵੀਂਆਂ ਫੈਡਰਲ ਚੋਣਾਂ ਵਿੱਚ ਵੋਟਰਾਂ ਦਾ ਦਿਲ ਜਿੱਤਣ ਵਿੱਚ ਸਿਆਸਤਦਾਨ ਕਿੰਨੇ ਕੁ ਕਾਮਯਾਬ ਰਹੇ, ਇਸਦਾ ਜ਼ਾਇਜਾ ਲਾਉਣ ਲਈ ਵੱਖੋ ਵੱਖਰੇ ਮੀਡੀਆ ਹਾਊਸਾਂ, ਖੋਜ ਸੰਸਥਾਵਾਂ ਵੱਲੋਂ ਸਰਵੇਖਣ ਕਰਵਾਏ ਗਏ ਜੋ ਦੱਸਦੇ ਹਨ ਕਿ ਇਸ ਵਾਰ ਕਿਸੇ ਵੀ ਪਾਰਟੀ ਨੂੰ ਪੂਰਣ ਬਹੁਮੱਤ ਮਿਲਣ ਦੀ ਸੰਭਾਵਨਾ ਨਹੀਂ ਹੈ। ਇਹ ਸਰੇਵਖਣ ਸਾਨੂੰ ਇਹ ਸਮਝ ਬਣਾਉਣ ਵਿੱਚ ਮਦਦ ਕਰਦੇ ਆ ਰਹੇ ਹਨ ਕਿ ਕਿਹੜੀ ਪਾਰਟੀ ਕਿਸ ਨਾਲ ਮਿਲ ਕੇ ਘੱਟ ਗਿਣਤੀ ਸਰਕਾਰ ਬਣਾ ਸਕਦੀ ਹੈ ਅਤੇ ਕੌਣ ਇਸ ਦੌੜ ਵਿੱਚੋਂ ਬਾਹਰ ਰਹਿ ਸਕਦਾ ਹੈ। ਸੱਚਾਈ ਇਹ ਹੈ ਕਿ ਕੋਈ ਵੀ ਸਰਵੇਖਣ ਸਮੁੱਚਤਾ ਵਿੱਚ ਵੋਟਰਾਂ ਦੇ ਦਿਲ ਨੂੰ ਨਹੀਂ ਪੜ ਸਕਦਾ। ਕੈਨੇਡਾ ਵਿੱਚ ਅਨੇਕਾਂ ਅਜਿਹੇ ਮੌਕੇ ਆਏ ਹਨ ਜਦੋਂ ਸਰੇਵਖਣਾਂ ਵੱਲੋਂ ਕੀਤੀਆਂ ਗਈਆਂ ਕਿਆਸਆਰਾਈਆਂ ਗਲਤ ਸਾਬਤ ਹੋਈਆਂ ਹਨ।

ਮਿਸਾਲ ਵਜੋਂ 2013 ਵਿੱਚ ਬ੍ਰਿਟਿਸ਼ ਕੋਲੰਬੀਆ ਦੀਆਂ ਪ੍ਰੋਵਿੰਸ਼ੀਅਲ ਚੋਣਾਂ ਦੌਰਾਨ ਵਾਪਰੀ ਇੱਕ ਸਿੱਧੇ ਸਾਦੇ ਵਿਅਕਤੀ ਜੌਹਨ ਡੀਸਿਸਕੋ ਦੀ ਦਿਲਚਸਪ ਕਹਾਣੀ ਹਾਲੇ ਤੱਕ ਵੀ ਚਿਤਾਰੀ ਜਾਂਦੀ ਹੈ। ਜੌਹਨ ਨੇ ਚੋਣਾਂ ਤੋਂ ਕੁੱਝ ਦਿਨ ਪਹਿਲਾਂ ਆਪਣੀ ਬਾਰਬਰ ਸ਼ਾਪ ਵਿੱਚ ਇੱਕ ਢੱਕਣਬੰਦ ਡੱਬਾ ਰੱਖ ਲਿਆ ਅਤੇ ਉਹ ਆਏ ਹਰ ਗਾਹਕ ਨੂੰ ਇੱਕ ਪਰਚੀ ਦੇ ਕੇ ਉਸਦੀ ਸਿਆਸੀ ਪਸੰਦ ਦਰਜ਼ ਕਰਨ ਲਈ ਬੇਨਤੀ ਕਰਦਾ। ਉਸਦੇ ਡੱਬੇ ਦੇ ਸਰੇਵਖਣ ਦੱਸ ਰਹੇ ਸਨ ਕਿ ਲਿਬਰਲ ਸੌਖ ਨਾਲ ਜਿੱਤਣਗੇ ਜਦੋਂ ਕਿ ਅਨੇਕਾਂ ਕਿਸਮ ਦੇ ਗੁੰਝਲਦਾਰ ਫਾਰਮੂਲੇ ਵਰਤ ਕੇ ਅਤੇ ਵੱਡੇ 2 ਸੈਂਪਲਾਂ ਦੇ ਸਹਾਰੇ ਅਨੁਮਾਨ ਲਾਉਣ ਵਾਲੀਆਂ ਮਾਹਰ ਸਰੇਵਖਣ ਕੰਪਨੀਆਂ ਐਨ ਡੀ ਪੀ ਨੂੰ ਬਹੁਮਤ ਜਿੱਤਦਾ ਵਿਖਾ ਰਹੀਆਂ ਸਨ। ਅੰਤ ਨੂੰ ਬਾਰਬਰ ਸ਼ਾਪ ਚਲਾਉਣ ਵਾਲਾ ਜੌਹਨ ਸੱਚਾ ਨਿਕਲਿਆ ਜਦੋਂ ਵੋਟਰਾਂ ਨੇ ਲਿਬਰਲਾਂ ਦੇ ਪੱਲੇ ਬਹੁਮਤ ਪਾ ਦਿੱਤਾ ਜਦੋਂ ਕਿ ਐਨ ਡੀ ਪੀ ਕਿਤੇ ਨੇੜੇ ਤੇੜੇ ਵੀ ਨਹੀਂ ਸੀ ਰਹੀ। ਜੌਹਨ ਦੀ ਕਹਾਣੀ ਦਾ ਸਾਰ ਚੋਣ ਸਰਵੇਖਣਾਂ ਦੀ ਸਾਇੰਸ ਨੂੰ ਝੂਠਾ ਸਾਬਤ ਕਰਨਾ ਨਹੀਂ ਸਗੋਂ ਵੋਟਰਾਂ ਦੀ ਪਸੰਦ ਦੇ ਸਰਬੋਤਮ ਹੋਣ ਨੂੰ ਸਾਬਤ ਕਰਨਾ ਹੈ।

ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਕੁੱਲ ਵੋਟਾਂ ਦਾ ਪ੍ਰਤੀਸ਼ਤ ਇੱਕ ਪਾਰਟੀ ਨੂੰ ਵੱਧ ਮਿਲਦਾ ਹੈ ਪਰ ਘੱਟ ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਨ ਵਾਲੀ ਪਾਰਟੀ ਦੀ ਝੋਲੀ ਵਿੱਚ ਵੱਧ ਸੀਟਾਂ ਪੈ ਜਾਂਦੀਆਂ ਹਨ। ਮਿਸਾਲ ਵਜੋਂ 1979 ਵਿੱਚ ਲਿਬਰਲ ਪਾਰਟੀ ਨੂੰ 40% ਵੋਟਾਂ ਮਿਲੀਆਂ ਜਦੋਂ ਕਿ ਕੰਜ਼ਰਵੇਟਿਵ ਪਾਰਟੀ ਨੂੰ 36% ਪਰ ਲਿਬਰਲਾਂ ਦੇ ਹਿੱਸੇ ਸਿਰਫ਼ 114 ਸੀਟਾਂ ਆਈਆਂ ਜਦੋਂ ਕਿ ਕੰਜ਼ਰਵੇਟਿਵ 136 ਸੀਟਾਂ ਜਿੱਤ ਗਏ ਸਨ। 2015 ਵਿੱਚ ਚੋਣ ਪ੍ਰਚਾਰ ਦੇ ਆਰੰਭਿਕ ਦਿਨਾਂ ਦੇ ਸਰਵੇਖਣ ਦੱਸਦੇ ਸਨ ਕਿ ਐਨ ਡੀ ਪੀ ਨੂੰ ਬਹੁਮਤ ਮਿਲ ਸਕਦਾ ਹੈ ਪਰ ਹੌਲੀ 2 ਲਿਬਰਲ ਅੱਗੇ ਆਉਣ ਲੱਗੇ ਜਿਸਦੀ ਕਿਸੇ ਨੂੰ ਉਮੀਦ ਨਹੀਂ ਸੀ। ਵੋਟਾਂ ਦੇ ਆਖਰੀ ਹਫ਼ਤੇ ਵਿਸ਼ੇਸ਼ਕਰਕੇ ਆਖਰੀ ਦੋ ਦਿਨ ਵਿੱਚ ਅਜਿਹੀ ਤਬਦੀਲੀ ਆਈ ਕਿ ਲਿਬਰਲ ਤੀਜੇ ਨੰਬਰ ਤੋਂ ਸਿੱਧਾ ਇਤਿਹਾਸਕ ਬਹੁਮਤ ਉੱਤੇ ਪੁੱਜ ਗਏ ਅਤੇ ਐਨ ਡੀ ਪੀ ਤੀਜੇ ਨੰਬਰ ਉੱਤੇ ਜਾ ਰਹੀ। ਕੌਣ ਜਾਣਦਾ ਹੈ ਕਿ ਅੱਜ ਵੋਟਰ ਕਿਹੋ ਜਿਹੀ ਤਬਦੀਲੀ ਸਾਹਮਣੇ ਲਿਆਉਣਗੇ।

ਇਸ ਸਾਰੀ ਵਿਥਿਆ ਵਿੱਚੋਂ ਆਮ ਵੋਟਰ ਲਈ ਇੱਕ ਹੀ ਸੁਨੇਹਾ ਨਿਕਲਦਾ ਹੈ ਕਿ ਉਹ ਸਿਆਸੀ ਵਾਅਦਿਆਂ ਲਾਰਿਆਂ ਅਤੇ ਚੋਣ ਸਰਵੇਖਣਾਂ ਦੀ ਗੋਰਖਧੰਦੇ ਤੋਂ ਧਿਆਨ ਹਟਾ ਕੇ ਆਪਣੇ ਅੰਤਰਮਨ ਦੀ ਗੱਲ ਸੁਣਕੇ ਵੋਟ ਪਾਵੇ। ਅੱਜ ਪਾਈ ਵੋਟ ਅਗਲੇ ਚਾਰ ਸਾਲ ਲਈ ਦੇਸ਼ ਦਾ ਭੱਵਿਖ ਨਿਰਧਾਰਤ ਕਰੇਗੀ। ਦੇਸ਼ ਦੇ ਚੰਗੇ ਮੰਦੇ ਲਈ ਅਸੀਂ ਸਾਰੇ ਕੈਨੇਡੀਅਨ ਸਮੂਹ ਰੂਪ ਵਿੱਚ ਜੁੰਮੇਵਾਰ ਹਾਂ। ਇਸ ਵਾਸਤੇ ਜਿਸ ਮਰਜ਼ੀ ਪਾਰਟੀ ਨੂੰ ਵੋਟ ਪਾਈ ਜਾਵੇ ਪਰ ਵੋਟਰਾਂ ਲਈ ਜਰੂਰੀ ਹੈ ਕਿ ਉਹ ਆਪਣੇ ਲੋਕਤਾਂਤਰਿਕ ਅਧਿਕਾਰ ਦਾ ਇਸਤੇਮਾਲ ਸੋਚ ਸਮਝ ਕੇ ਕਰਨ।

## ਗਰੀਬੀ ਵਿੱਚ ਰਹਿ ਰਹੇ ਕੈਨੇਡੀਅਨਾਂ ਦਾ ਸਿਆਸਤਦਾਨਾਂ ਤੋਂ ਭਰੋਸਾ ਉਠਿਆ

...ਪੰਨਾ 1 ਦਾ ਬਾਕੀ

ਸਟੈਟੇਸਟਿਕਸ ਕੈਨੇਡਾ ਅਨੁਸਾਰ ਗਰੀਬੀ ਦਾ ਪੱਧਰ ਹੇਠਾਂ ਜਾ ਰਿਹਾ ਹੈ। 2017 ਵਿੱਚ 3.4 ਮਿਲੀਅਨ ਕੈਨੇਡੀਅਨ ਜਾਂ 9.5 ਫੀ ਸਦੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਸੀ ਜੋ ਕਿ 2016 ਵਿੱਚ 10.6 ਫੀ ਸਦੀ ਨਾਲੋਂ ਘੱਟ ਸੀ। ਸਟੈਟਕੈਨ ਗਰੀਬੀ ਨੂੰ ਕੱਪੜਿਆਂ, ਟਰਾਂਸਪੋਰਟ, ਖਾਣੇ ਤੇ ਹਾਊਸਿੰਗ ਦੇ ਆਧਾਰ ਉੱਤੇ ਮਾਪਦਾ ਹੈ। ਪਰ ਇਹ ਅੰਕੜੇ 2008 ਦੀ ਬੇਸਲਾਈਨ ਕੌਸਟ ਉੱਤੇ ਆਧਾਰਤ ਹਨ ਜਦੋਂ ਵੈਨਕੂਵਰ ਵਿੱਚ ਇੱਕ ਬੈੱਡਰੂਮ ਵਾਲਾ ਅਪਾਰਟਮੈਂਟ ਪਿਛਲੇ ਸਾਲ ਵਾਂਗ 1300 ਡਾਲਰ ਦੀ ਥਾਂ ਔਸਤਨ 880 ਡਾਲਰ ਵਿੱਚ ਮਿਲਦਾ ਸੀ।

ਐਂਟੀ ਪਾਵਰਟੀ ਗਰੁੱਪ ਕੈਂਪੇਨ 2000 ਦੀ ਡਾਇਰੈਕਟਰ ਲੀਲਾ ਸਾਰੰਗੀ ਅਨੁਸਾਰ ਇਨ੍ਹਾਂ ਮਾਪਦੰਡਾਂ ਵਿੱਚ ਉਨ੍ਹਾਂ ਇਲਾਕਿਆਂ ਦਾ ਜ਼ਿਕਰ ਨਹੀਂ ਹੈ ਜਿੱਥੇ ਗਰੀਬੀ ਦਾ ਪੱਧਰ ਕਾਫੀ ਜ਼ਿਆਦਾ ਹੈ ਜਿਵੇਂ ਕਿ ਫਰਸਟ ਨੇਸ਼ਨਜ਼ ਰਿਜ਼ਰਵਜ਼। ਹਾਲਾਂਕਿ ਸਟੈਟਕੈਨ 2020 ਲਈ ਆਪਣੇ ਫਾਰਮੂਲੇ ਨੂੰ ਅਪਡੇਟ ਕਰ ਰਿਹਾ ਹੈ, ਇਸ ਦੌਰਾਨ ਅਜਿਹੇ ਕਈ ਕੈਨੇਡੀਅਨ ਹਨ ਜਿਨ੍ਹਾਂ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਬਹੁਤੇ ਸਿਆਸਤਦਾਨ ਉਨ੍ਹਾਂ ਬਾਰੇ ਗੱਲ ਨਹੀਂ ਕਰ ਰਹੇ।

## ਜੰਮੂ-ਕਸ਼ਮੀਰ ਵਿਧਾਨ ਪ੍ਰੀਸ਼ਦ ਵੀ 62 ਸਾਲਾਂ ਬਾਅਦ ਸਮਾਪਤ

ਜੰਮੂ, 20 ਅਕਤੂਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਰਾਜਾਂ ਵਿੱਚ ਵੰਡਣ ਪਿੱਛੋਂ ਵਿਧਾਨ ਪ੍ਰੀਸ਼ਦ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ। ਇਸ ਰਾਜ ਦੀ ਵਿਧਾਨ ਪ੍ਰੀਸ਼ਦ ਦੇ ਸਕੱਤਰ ਸਮੇਤ ਪੂਰੇ ਸਟਾਫ ਨੂੰ 22 ਅਕਤੂਬਰ ਤੱਕ ਬਰਾਬਰ ਦੇ ਪ੍ਰਸ਼ਾਸਨਿਕ ਵਿਭਾਗ (ਜੀ ਏ ਡੀ) ਵਿੱਚ ਰਿਪੋਰਟ ਕਰਨਾ ਹੋਵੇਗਾ।

ਵਰਨਣ ਯੋਗ ਹੈ ਕਿ ਰਾਜ ਸਰਕਾਰ ਨੇ ਕੱਲ੍ਹ ਜੰਮੂ-ਕਸ਼ਮੀਰ ਪੁਨਰਗਠਨ ਐਕਟ 2019 ਦੇ ਸੰਬੰਧ ਵਿੱਚ ਹੁਕਮ ਜਾਰੀ ਕਰ ਦਿੱਤੇ ਹਨ। ਜੀ ਏ ਡੀ ਸੈਕਟਰੀ ਮੁਹੰਮਦ ਫਾਰੂਕ ਲੋਨ ਦੇ ਦਸਖਤਾਂ ਵਾਲੇ ਹੁਕਮ ਵਿੱਚ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਕੇਂਦਰੀ ਸ਼ਾਸਿਤ ਰਾਜਾਂ ਵਿੱਚ ਬਦਲਣ ਦੀ ਪ੍ਰਕਿਰਿਆ ਹੇਠ ਜੰਮੂ-ਕਸ਼ਮੀਰ ਪੁਨਰਗਠਨ ਐਕਟ 2019 (ਧਾਰਾ 57) ਦੇ ਤਹਿਤ ਜੰਮੂ-ਕਸ਼ਮੀਰ ਵਿਧਾਨ ਪ੍ਰੀਸ਼ਦ ਖਤਮ ਕਰ ਕੇ ਪੂਰੇ ਸਟਾਫ ਨੂੰ 22 ਤੱਕ ਜੀ ਏ ਡੀ ਵਿੱਚ ਰਿਪੋਰਟ ਕਰਨ ਲਈ ਕਿਹਾ ਹੈ। ਅਧਿਕਾਰੀਆਂ ਅਨੁਸਾਰ ਪ੍ਰੀਸ਼ਦ ਦੇ ਅਧਿਕਾਰੀ ਤੇ ਕਰਮਚਾਰੀ ਨਵੀਂ ਵਿਵਸਥਾ ਹੇਠ ਵੱਖ-ਵੱਖ ਵਿਭਾਗਾਂ ਵਿੱਚ ਕੇਂਦਰੀ ਸ਼ਾਸਿਤ ਰਾਜ ਜੰਮੂ ਕਸ਼ਮੀਰ ਅਤੇ ਕੇਂਦਰੀ ਸ਼ਾਸਿਤ ਰਾਜ ਲੱਦਾਖ ਵਿੱਚ ਲੋੜ ਅਨੁਸਾਰ ਤਬਦੀਲ ਹੋਣਗੇ। ਪ੍ਰੀਸ਼ਦ ਦੇ ਕਰੀਬ 116 ਅਧਿਕਾਰੀ ਅਤੇ ਕਰਮਚਾਰੀ ਹਨ। 62 ਸਾਲ ਪਹਿਲਾਂ 1957 ਵਿੱਚ ਪਾਰਲੀਮੈਂਟ ਵਿੱਚ ਪਾਸ ਮਤੇ ਨਾਲ ਇਹ ਵਿਧਾਨ ਪ੍ਰੀਸ਼ਦ ਬਣਾਈ ਗਈ ਸੀ।

## ਭਾਰਤ ਨੇ ਕਿਹਾ: ਪਾਕਿ ਕਰਤਾਰਪੁਰ ਲਾਂਘੇ ਉੱਤੇ ਟੈਕਸ ਨਾ ਲਗਾਏ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਭਾਰਤ ਨੇ ਪਾਕਿਸਤਾਨ ਨੂੰ ਹਰ ਭਾਰਤੀ ਸ਼ਰਧਾਲੂ ਤੋਂ ਟੈਕਸ ਵਜੋਂ 20 ਡਾਲਰ ਨਾ ਵਸੂਲਣ ਨੂੰ ਕਿਹਾ ਹੈ। ਇਸ ਦੇ ਨਾਲ ਭਾਰਤ ਨੇ ਆਸ ਪ੍ਰਗਟਾਈ ਹੈ ਕਿ ਕਰਤਾਰਪੁਰ ਲਾਂਘਾ ਚਾਲੂ ਕਰਨ ਲਈ ਜਲਦੀ ਹੀ ਦੋਵਾਂ ਦੇਸ਼ਾਂ ਵਿੱਚ ਸਮਝੌਤੇ 'ਤੇ ਦਸਖਤ ਹੋ ਜਾਣਗੇ।

ਵਰਨਣ ਯੋਗ ਹੈ ਕਿ ਪਾਕਿਸਤਾਨ ਨੇ ਕਾਰੀਡੋਰ ਬਾਰੇ ਸਮਝੌਤੇ ਦਾ ਅੰਤਿਮ ਖਰੜਾ ਭਾਰਤ ਕੋਲ ਭੇਜਿਆ ਹੈ। ਇਸ ਮੁਤਾਬਕ ਹਰ ਭਾਰਤੀ ਤੀਰਥ ਯਾਤਰੀ ਤੋਂ 20 ਡਾਲਰ ਟੈਕਸ ਲਿਆ ਜਾਏਗਾ। ਭਾਰਤ ਇਸ ਤੋਂ ਪਹਿਲਾਂ ਇਹ ਗੱਲ ਰੱਦ ਕਰ ਚੁੱਕਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਕਰਤਾਰਪੁਰ ਕਾਰੀਡੋਰ 'ਤੇ ਕਈ ਦੌਰ ਦੀ ਬੈਠਕ ਹੋਈ ਹੈ। ਇਸ ਵਿੱਚ ਤੀਰਥ ਯਾਤਰੀਆਂ 'ਤੇ ਲੱਗੇ ਟੈਕਸ ਦੇ ਨਾਲ ਹੋਰ ਕਈ ਗੱਲਾਂ ਦੀ ਸਹਿਮਤੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਨਾਲ ਕਈ ਰਾਊਂਡ ਦੀ ਬੈਠਕ ਪਿੱਛੋਂ ਅਸੀਂ ਸਰਵਿਸ ਫੀਸ ਦੇ ਇਲਾਵਾ ਸਾਰੇ ਮੁੱਦਿਆਂ ਦੀ ਸਹਿਮਤੀ 'ਤੇ ਪਹੁੰਚ ਗਏ ਹਾਂ। ਪਾਕਿਸਤਾਨ 20 ਡਾਲਰ (1420 ਰੁਪਏ) ਸਰਵਿਸ ਚਾਰਜ 'ਤੇ ਅੜਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਸ਼ਰਧਾਲੂਆਂ ਦੇ ਹਿੱਤ ਦੇਖਦੇ ਹੋਏ ਇਹ ਸਰਵਿਸ ਚਰਾਜ ਨਾ ਲਗਾਏ। ਇਸ ਦੇ ਨਾਲ ਕਾਰੀਡੋਰ ਖੋਲ੍ਹਿਆ ਜਾਣਾ ਲੋਕਾਂ ਨਾਲ ਲੋਕਾਂ ਦੇ ਵਿੱਚ ਪਹਿਲ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਸਮਝੌਤਾ ਹੋ ਜਾਏਗਾ।

ਪਾਕਿਸਤਾਨ ਪ੍ਰਤੀ ਤੀਰਥ ਯਾਤਰੀ 20 ਡਾਲਰ ਸਰਵਿਸ ਚਾਰਜ ਲਾਉਣ 'ਤੇ ਜ਼ੋਰ ਦੇ ਰਿਹਾ ਹੈ। ਇਸ ਪਿੱਛੇ ਉਸ ਨੇ ਪਾਕਿਸਤਾਨ ਦੇ ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਅਤੇ ਭਾਰਤ ਦੇ ਗੁਰਦਾਸਪੁਰ ਜ਼ਿਲੇ ਦੇ ਡੇਰਾ ਬਾਬਾ ਨਾਨਕ ਨੂੰ ਜੋੜਨ ਵਾਲੇ ਕਾਰੀਡੋਰ ਦੇ ਖਰਚ ਦਾ ਤਰਕ ਦਿੱਤਾ ਹੈ। ਸ਼ੁਰੂ ਦੀ ਯੋਜਨਾ ਮੁਤਾਬਕ ਦੋਵਾਂ ਦੇਸ਼ਾਂ ਨੇ ਨਵੰਬਰ ਦੇ ਸ਼ੁਰੂ ਵਿੱਚ ਹੀ ਸਮਝੌਤੇ 'ਤੇ ਦਸਖਤ ਕਰਨੇ ਸਨ ਤਾਂ ਕਿ ਗੁਰੂ ਨਾਨਕ ਦੀ 550ਵੇਂ ਗੁਰਪੁਰਬ ਮੌਕੇ 'ਤੇ ਇਸ ਨੂੰ ਖੋਲ੍ਹਿਆ ਜਾ ਸਕੇ।

## ਸ਼ੇਰ ਦੇ ਪਿੰਜਰੇ ਵਿੱਚ ਦਾਖਲ ਹੋਇਆ ਆਦਮੀ ਸੁਰੱਖਿਅਤ ਕੱਢਿਆ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੇ ਚਿੜੀਆਘਰ 'ਚ ਕੱਲ੍ਹ ਇੱਕ ਆਦਮੀ ਸ਼ੇਰ ਦੇ ਵੱਡੇ ਪਿੰਜਰੇ 'ਚ ਚਲਾ ਗਿਆ। ਚਿੜੀਆਘਰ ਦੇ ਸਟਾਫ ਨੇ ਸ਼ੇਰ ਨੂੰ ਬੇਹੋਸ਼ ਕਰ ਕੇ ਆਦਮੀ ਨੂੰ ਬਚਾ ਲਿਆ।

ਜਾਣਕਾਰ ਸੂਤਰਾਂ ਮੁਤਾਬਕ ਇਹ ਘਟਨਾ ਦੁਪਹਿਰ ਬਾਅਦ ਹੋਈ। ਆਦਮੀ ਨੂੰ ਸ਼ੇਰ ਦੇ ਸਾਹਮਣੇ ਛਾਲ ਮਾਰਦੇ ਹੋਏ ਦੇਖ ਕੇ ਚਿੜੀਆਘਰ ਵਿੱਚ ਚੀਕ-ਚਿਹਾੜਾ ਪੈ ਗਿਆ। ਇਸ ਤੋਂ ਪਹਿਲਾਂ ਕਿ ਉਥੇ ਮੌਜੂਦ ਲੋਕ ਉਸ ਨੂੰ ਰੋਕ ਸਕਦੇ, ਉਹ ਵਿਅਕਤੀ ਅੰਦਰ ਦਾਖਲ ਹੋ ਗਿਆ ਅਤੇ ਸਿੱਧੇ ਸ਼ੇਰ ਦੇ ਸਾਹਮਣੇ ਜਾ ਕੇ ਬੈਠ ਗਿਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਨੌਜਵਾਨ ਸ਼ੇਰ ਦੇ ਸਾਹਮਣੇ ਬੈਠਾ ਰਿਹਾ, ਪਰ ਸ਼ੇਰ ਨੇ ਉਸ ਨੂੰ ਕੁਝ ਨਹੀਂ ਕਿਹਾ।

ਬਿਹਾਰ ਦੇ ਚੰਪਾਰਨ ਜ਼ਿਲੇ ਦਾ ਮੂਲ ਵਾਸੀ ਰੇਹਾਨ ਖਾਨ ਨਸ਼ੇ ਵਿੱਚ ਸੀ, ਜਿਸ ਨੂੰ ਚਿੜੀਆਘਰ ਦੇ ਸਟਾਫ ਨੇ ਫੜ ਕੇ ਪੁਲਸ ਨੂੰ ਸੌਂਪ ਦਿੱਤਾ। ਪੁਲਸ ਨੇ ਕਿਹਾ ਕਿ ਰੇਹਾਨ ਨੂੰ ਕੋਈ ਸੱਟ-ਚੋਟ ਨਹੀਂ ਲੱਗੀ ਤੇ ਇਸ ਤਰ੍ਹਾਂ ਲੱਗਦਾ ਹੈ ਕਿ ਉਸ ਦੀ ਮਾਨਸਿਕ ਸਥਿਤੀ ਠੀਕ ਨਹੀਂ। ਅਧਿਕਾਰੀਆਂ ਦਾ ਕਹਿਣਾ ਹੈ ਕਿ ਰੇਹਾਨ ਨੂੰ ਗਾਰਡ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਸ਼ੇਰ ਦੇ ਪਿੰਜਰੇ ਵਿੱਚ ਦਾਖਲ ਹੋ ਗਿਆ। ਉਹ ਕਹਿੰਦਾ ਰਿਹਾ ਕਿ ਮੈਂ ਮਰਨ ਆਇਆ ਹਾਂ। ਮੈਨੂੰ ਨਾ ਬਚਾਓ। ਇਸ ਤੋਂ ਬਾਅਦ ਲੋਕਾਂ ਦੇ ਇਕੱਠ 'ਚ ਚਿੜੀਆਘਰ ਦੇ ਸੁਰੱਖਿਆ ਕਰਮਚਾਰੀ ਵੀ ਪਿੰਜਰੇ ਵਿੱਚ ਗਏ ਅਤੇ ਸ਼ੇਰ ਨੂੰ ਸ਼ਾਂਤ ਕਰ ਕੇ ਉਸ ਦੀ ਜਾਨ ਬਚਾਈ ਅਤੇ ਉਸ ਨੂੰ ਸੁਰੱਖਿਅਤ ਬਾਹਰ ਕੱਢ ਲਿਆ।

## ਡੇਰਾ ਬਿਆਸ ਦੇ ਮੁਖੀ ਬਾਬਾ ਢਿੱਲੋਂ ਨੂੰ ਅਦਾਲਤੀ ਪੇਸ਼ੀ ਦੇ ਹੁਕਮ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਰਾਧਾ ਸਵਾਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ 14 ਨਵੰਬਰ ਨੂੰ ਖੁਦ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਬਾਬਾ ਢਿੱਲੋਂ ਅਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰਾਂ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਕਿਹਾ ਸੀ ਕਿ ਉਨ੍ਹਾਂ ਦੀ ਆਰ ਐੱਚ ਸੀ ਹੋਲਡਿੰਗਜ਼, ਜਿਸ ਦੇ ਪ੍ਰਮੋਟਰ ਮਾਲਵਿੰਦਰ ਸਿੰਘ ਅਤੇ ਸ਼ਵਿੰਦਰ ਸਿੰਘ ਹਨ, ਵੱਲ ਕੋਈ ਦੇਣਦਾਰੀ ਨਹੀਂ ਹੈ। ਇਸ ਤੋਂ ਪਹਿਲਾਂ ਅਦਾਲਤ ਰੈਨਬੈਕਸੀ ਦੇ ਸਾਬਕਾ ਪ੍ਰਮੋਟਰਾਂ ਨੂੰ ਜਾਪਾਨੀ ਕੰਪਨੀ ਡਾਇਚੀ ਸੈਂਕਿਓ ਨੂੰ 3500 ਕਰੋੜ ਰੁਪਏ ਦੀ ਰਕਮ ਅਦਾ ਕਰਨ ਦਾ ਹੁਕਮ ਦੇ ਚੁੱਕੀ ਹੈ। ਆਪਣੀਆਂ ਦਲੀਲਾਂ ਵਿੱਚ ਬਾਬਾ ਢਿੱਲੋਂ ਨੇ ਅਦਾਲਤ ਨੂੰ ਦੱਸਿਆ ਕਿ ਆਰ ਐੱਚ ਸੀ ਹੋਲਡਿੰਗਸ ਨੇ ਝੂਠੇ ਦਾਅਵੇ ਪੇਸ਼ ਕੀਤੇ ਹਨ। ਇਸ ਪਿੱਛੋਂ ਅਦਾਲਤ ਨੇ 11 ਅਕਤੂਬਰ ਨੂੰ ਦਿੱਤੇ ਹੁਕਮ ਵਿੱਚ ਬਾਬਾ ਢਿੱਲੋਂ, ਉਨ੍ਹਾਂ ਦੀ ਪਤਨੀ ਸ਼ਬਨਮ, ਪੁੱਤਰ ਗੁਰਕੀਰਤਨ ਅਤੇ ਗੁਰਪ੍ਰੀਤ ਤੇ ਨੂੰਹ ਨੈਣਤਾਰਾ ਨੂੰ ਲੈਣ-ਦੇਣ ਦੇ ਸਾਰੇ ਦਸਤਾਵੇਜ਼ਾਂ ਨਾਲ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਇਸ ਸਾਰੇ ਕੇਸ ਦੀ ਸੁਣਵਾਈ ਜਸਟਿਸ ਜੇ ਆਰ ਮਿੱਢਾ ਦੀ ਅਦਾਲਤ ਕਰ ਰਹੀ ਹੈ। ਅਦਾਲਤ ਨੇ ਹੁਕਮ ਜਾਰੀ ਕਰ ਕੇ ਕਿਹਾ ਕਿ ਉਨ੍ਹਾਂ ਨੂੰ ਦੋ ਹਫਤਿਆਂ ਦੇ ਅੰਦਰ ਅੰਦਰ ਲੈਣ-ਦੇਣ ਸੰਬੰਧੀ ਹਲਫਨਾਮੇ ਨਾਲ ਸਾਰੇ ਦਸਤਾਵੇਜ਼ ਪੇਸ਼ ਕਰਨੇ ਹੋਣਗੇ।

ਬਾਬਾ ਢਿੱਲੋਂ ਰਿਸ਼ਤੇਦਾਰੀ ਵਿੱਚ ਮਾਲਵਿੰਦਰ ਤੇ ਸ਼ਵਿੰਦਰ ਸਿੰਘ ਦਾ ਮਾਮਾ ਲੱਗਦਾ ਹੈ ਅਤੇ 1990 ਦੇ ਦਹਾਕੇ ਦੇ ਅੰਤ ਵਿੱਚ ਦੋਵੇਂ ਭਰਾ ਬਾਬਾ ਢਿੱਲੋਂ ਦੇ ਨੇੜੇ ਹੋ ਗਏ ਸਨ। ਉਦੋਂ ਤੋਂ ਅਧਿਆਤਮਕ ਨੇਤਾ ਤੇ ਸਿੰਘ ਭਰਾਵਾਂ ਵਿਚਾਲੇ ਵਿੱਚ ਲੈਣ-ਦੇਣ ਦਾ ਮਾਮਲਾ ਉਲਝਿਆ ਹੋਇਆ ਹੈ। ਮੰਨਿਆ ਜਾਂਦਾ ਹੈ ਕਿ ਡੇਰਾ ਬਿਆਸ ਮੌਜੂਦਾ ਸਮੇਂ ਵਿੱਚ ਦੇਸ਼ ਦਾ ਸਭ ਤੋਂ ਵੱਡਾ ਅਧਿਆਤਮਕ ਸੰਸਥਾਨ ਹੈ।

ਇਸ ਦੌਰਾਨ ਸਿੰਗਾਪੁਰ ਦੀ ਇੱਕ ਸਾਲਸੀ ਵਾਲੀ ਅਦਾਲਤ ਨੇ ਸਿੰਘ ਭਰਾਵਾਂ ਨੂੰ 2016 ਵਿੱਚ ਕਿਹਾ ਸੀ ਕਿ ਉਹ ਡਾਇਚੀ ਸੈਂਕਿਓ ਦੀ 2562 ਕਰੋੜ ਰੁਪਏ ਦੀ ਰਕਮ ਅਦਾ ਕਰਨ। ਇਹ ਹੁਕਮ ਜਾਪਾਨੀ ਕੰਪਨੀ ਦੇ ਰੈਨਬੈਕਸੀ ਨੂੰ ਖਰੀਦਣ ਨਾਲ ਪੈਦਾ ਹੋਏ ਵਿਵਾਦ ਦੇ ਹੱਲ ਲਈ ਦਿੱਤਾ ਗਿਆ ਸੀ। ਡਾਇਚੀ ਨੇ ਦੋਸ਼ ਲਾਇਆ ਸੀ ਕਿ ਸਿੰਘ ਭਰਾਵਾਂ ਨੇ ਰੈਨਬੈਕਸੀ ਨੂੰ ਵੇਚਣ ਦੌਰਾਨ ਜਾਣਬੁੱਝ ਕੇ ਕੁਝ ਤੱਥਾਂ ਨੂੰ ਲੁਕੋਇਆ ਸੀ। ਉਨ੍ਹਾਂ ਨੇ ਇਹ ਇਲਜ਼ਾਮ ਉਦੋਂ ਲਗਾਇਆ ਜਦੋਂ ਅਮਰੀਕਾ ਖੁਰਾਕ ਤੇ ਦਵਾਈਆਂ ਦੇ ਪ੍ਰਸ਼ਾਸਨ ਨੇ ਰੈਨਬੈਕਸੀ ਦੇ ਕਾਰਖਾਨੇ ਵਿੱਚ ਕੰਮ ਚਲਾਉਣ ਨਾਲ ਜੁੜੇ ਕੁਝ ਸਵਾਲ ਚੁੱਕੇ ਸਨ। ਰੈਨਬੈਕਸੀ ਦੇ ਸਾਬਕਾ ਪ੍ਰਮੋਟਰਾਂ ਨੇ ਸਾਲਸੀ ਅਦਾਲਤ ਦੇ ਫੈਸਲੇ ਨੂੰ ਭਾਰਤ ਅਤੇ ਸਿੰਗਾਪੁਰ ਦੀਆਂ ਅਦਾਲਤਾਂ ਵਿੱਚ ਚੁਣੌਤੀ ਦਿੱਤੀ ਸੀ, ਪਰ ਦਿੱਲੀ ਹਾਈ ਕੋਰਟ ਨੇ ਜਨਵਰੀ 2018 ਵਿੱਚ ਇਸ ਸਾਲਸੀ ਅਦਾਲਤ ਦੇ ਫੈਸਲੇ ਨੂੰ ਠੀਕ ਕਰਾਰ ਦਿੱਤਾ ਸੀ। ਫਰਵਰੀ ਵਿੱਚ ਮਾਲਵਿੰਦਰ ਸਿੰਘ ਨੇ ਦਿੱਲੀ ਪੁਲਸ ਦੇ ਆਰਥਿਕ ਜੁਰਮਾਂ ਬਾਰੇ ਵਿਭਾਗ ਨੂੰ ਸ਼ਿਕਾਇਤ ਕੀਤੀ ਸੀ ਕਿ ਗੁਰਿੰਦਰ ਸਿੰਘ ਢਿੱਲੋਂ ਤੇ ਉਸ ਦੇ ਹੋਰ ਸਹਿਯੋਗੀਆਂ ਨੇ 2008 ਵਿੱਚ ਰੈਨਬੈਕਸੀ ਦੀ ਵਿਕਰੀ ਤੋਂ ਪਹਿਲਾਂ ਹਾਸਲ 4.6 ਅਰਬ ਡਾਲਰ ਵਿੱਚੋਂ ਵੱਡੀ ਰਕਮ ਦਾ ਇਸਤੇਮਾਲ ਵੱਡੀਆਂ ਜਾਇਦਾਦਾਂ ਦੀ ਖਰੀਦ ਲਈ ਕੀਤਾ ਹੈ।

ਪਿਛਲੇ ਦਿਨੀਂ ਰਾਧਾ ਸਵਾਮੀ ਸਤਿਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ, ਉਨ੍ਹਾਂ ਦੇ ਪਰਵਾਰ ਦੇ ਮੈਂਬਰ ਤੇ ਸਹਿਯੋਗੀਆਂ ਸਣੇ 55 ਲੋਕਾਂ ਤੇ ਇਕਾਈਆਂ ਨੂੰ ਅਦਾਲਤ ਨੇ ਹੁਕਮ ਦਿੱਤਾ ਸੀ ਕਿ ਉਹ ਛੇ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਆਰ ਐੱਚ ਸੀ ਹੋਲਡਿੰਗਸ ਨੂੰ ਦੇਣ। ਅਦਾਲਤ ਨੇ ਡਾਇਚੀ ਸੈਂਕਿਓ ਦੇ ਹੱਥੀਂ ਰੈਨਬੈਕਸੀ ਲੈਬਾਰਟਰੀਜ਼ ਨੂੰ ਅਧਿਕਾਰ ਵਿੱਚ ਲੈਣ ਨਾਲ ਜੁੜੇ ਵਿਵਾਦ ਦੇ ਨਿਬੇੜੇ ਲਈ ਇਹ ਰਕਮ ਅਦਾ ਕਰਨ ਲਈ ਕਿਹਾ ਸੀ। ਪੈਸਾ ਰੈਲੀਗੇਅਰ ਇੰਟਰਪ੍ਰਾਈਜ਼ਿਜ਼ ਦੇ ਮੁਖੀ ਸੁਨੀਲ ਗੋਡਵਾਨੀ ਅਤੇ ਉਸ ਦੇ ਭਰਾ ਸੰਜੇ ਗੋਡਵਾਨੀ ਕੋਲੋਂ ਵੀ ਉਗਰਾਹਿਆ ਜਾਵੇਗਾ। ਇਹ ਸੰਸਥਾ ਸਿੰਘ ਭਰਾਵਾਂ ਨੇ ਹੀ ਪ੍ਰਮੋਟ ਕੀਤੀ ਸੀ। ਕੋਰਟ ਦੇ 27 ਸਤੰਬਰ ਦੇ ਹੁਕਮ ਮੁਤਾਬਕ ਇਹ ਰਕਮ ਤੀਹ ਦਿਨਾਂ ਦੇ ਅੰਦਰ-ਅੰਦਰ ਅਦਾਲਤ ਦੇ ਰਜਿਸਟਰਾਰ ਜਨਰਲ ਕੋਲ ਜਮ੍ਹਾ ਕਰਵਾਉਣੀ ਹੋਵੇਗੀ।

ਰੈਨਬੈਕਸੀ ਦੇ ਮਾਲਕਾਂ ਵਿੱਚ ਸ਼ਾਮਲ ਰਹੇ ਮਾਲਵਿੰਦਰ ਸਿੰਘ ਨੇ ਅਪ੍ਰੈਲ ਵਿੱਚ ਅਦਾਲਤ ਵਿੱਚ ਐਫੀਡੇਵਿਟ ਦਾਖਲ ਕਰ ਕੇ ਕਿਹਾ ਸੀ ਕਿ ਡੇਰਾ ਬਿਆਸ ਦੇ ਮੁਖੀ, ਉਸ ਦੇ ਪਰਵਾਰ ਤੇ ਨੇੜਲੇ ਸਹਿਯੋਗੀਆਂ ਦੇ ਕੰਟਰੋਲ ਵਾਲੇ ਯੂਨਿਟਾਂ ਸਣੇ ਕੁਝ ਹੋਰ ਯੂਨਿਟਾਂ ਦੇ ਸਿਰ ਆਰ ਐੱਚ ਸੀ ਹੋਲਡਿੰਗਸ ਅਤੇ ਸਿੰਘ ਭਰਾਵਾਂ ਦੀਆਂ ਗਰੁੱਪ ਕੰਪਨੀਆਂ ਦੇ ਛੇ ਹਜ਼ਾਰ ਕਰੋੜ ਰੁਪਏ ਤੋਂ ਵੱਧ ਬਕਾਇਆ ਹਨ। ਉਨ੍ਹਾਂ ਕਿਹਾ ਕਿ ਡਾਇਚੀ ਸੈਂਕਿਓ ਦੇ ਹੱਥਾਂ ਵਿੱਚ ਰੈਨਬੈਕਸੀ ਨੂੰ ਦੇਣ ਨਾਲ ਜੁੜੇ ਸਾਲਸੀ ਦੇ ਫੈਸਲਿਆਂ ਵਿੱਚ ਵੀ ਰਕਮ ਤਦੇ ਦਿੱਤੀ ਜਾ ਸਕਦੀ ਹੈ, ਜੇ ਉਨ੍ਹਾਂ ਦੀ ਬਕਾਇਆ ਰਕਮ ਮਿਲ ਜਾਵੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9
EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਆਪਣੇ-ਪਰਾਏ

-ਡਾ ਗੁਰਬਖ਼ਸ਼ ਸਿੰਘ ਭੰਡਾਲ

ਕੁਝ ਲੋਕ ਆਪਣੇ ਹੁੰਦੇ ਹੋਏ ਵੀ ਪਰਾਏ ਹੁੰਦੇ ਜਦ ਕਿ ਕੁਝ ਲੋਕ ਪਰਾਏ ਹੋਣ 'ਤੇ ਆਪਣੇ ਹੀ ਮਹਿਸੂਸ ਹੁੰਦੇ।

ਆਮ ਨਜ਼ਰ ਵਿਚ ਪਰਾਏ ਉਹ ਹੁੰਦੇ ਜਿਹਨਾਂ ਨਾਲ ਕੋਈ ਸਮਾਜਿਕ ਰਿਸ਼ਤਾ ਨਾ ਹੋਵੇ, ਕੋਈ ਲੈਣ-ਦੇਣ ਨਾ ਹੋਵੇ, ਸਰੋਕਾਰਾਂ ਦੀ ਸਾਂਝ ਨਾ ਹੋਵੇ ਅਤੇ ਨਾ ਹੀ ਵਿਚਾਰਾਂ ਤੇ ਮੁਫ਼ਾਦਾਂ ਦਾ ਟਕਰਾਅ ਹੋਵੇ। ਵੱਖੋ-ਵੱਖ ਰਾਹਾਂ 'ਤੇ ਤੁੱਰੇ ਜਾਂਦੇ ਰਾਹੀ ਬੇਪਛਾਣ ਹੀ ਹੁੰਦੇ ਅਤੇ ਪਰਾਏ ਵੀ। ਉਹਨਾਂ ਦੇ ਕੋਲ ਦੀ ਲੰਘ ਜਾਣ 'ਤੇ ਹਵਾ ਵਿਚ ਸਰਗੋਸ਼ੀ ਨਹੀਂ ਪੈਂਦਾ ਹੁੰਦੀ। ਪਰ ਜਦ ਕੋਈ ਆਪਣਾ ਮੂੰਹ ਭਵਾਂ ਕੇ ਕੋਲ ਦੀ ਲੰਘ ਜਾਵੇ ਤਾਂ ਹਵਾ ਵਿਚਲੀਆਂ ਨਰਮ-ਗੋਸ਼ੀਆਂ ਤੇ ਚੁੱਗਲੀਆਂ ਨੂੰ ਕੀ ਕਹੋਗੇ ਜੋ ਪਰਾਏਪਣ ਨੂੰ ਫ਼ਿਜ਼ਾ ਦੇ ਨਾਮ ਲਾ, ਤੁਹਾਡੇ ਕੋਲੋਂ ਲੰਘ ਗਏ ਸਖ਼ਸ਼ ਨਾਲ ਸਬੰਧਾਂ ਦੀ ਪੁੱਣਛਾਣ ਕਰਨ ਲੱਗ ਪਵੇ?

ਆਪਣੇ ਤੋਂ ਪਰਾਏ ਬਣਦਿਆਂ ਦੇਰ ਨਹੀਂ ਲਗਦੀ ਜਦ ਸੋਚ ਵਿਚ ਨਿੱਜੀ ਮੁਫ਼ਾਦ ਹਾਵੀ ਹੋ ਜਾਵੇ, ਤਰਜ਼ੀਹਾਂ ਵਿਚ ਟਕਰਾਓ ਪੈਦਾ ਹੋਵੇ, ਤਦਬੀਰਾਂ ਵਿਚ ਅਣਬਣ ਹੋ ਜਾਵੇ ਜਾਂ ਆਪਣਾ ਬਣ ਕੇ ਨਿੱਜ ਪਾਲਣ ਲੱਗ ਪਵੇ।

ਆਪਣੇਪਰਾਏ ਹੀ ਹੋ ਜਾਂਦੇ ਜਦ ਘਰਾਂ ਦੀ ਵੰਡ ਵੰਡਾਈ ਦਾ ਸਵਾਲ ਪੈਦਾ ਹੁੰਦਾ, ਖੇਤਾਂ ਵਿਚ ਪੈਂਦੀਆਂ ਵੱਟਾਂ ਵਿਚੋਂ ਕਤਲਾਂ ਦੀ ਪਰਿਭਾਸ਼ਾ ਸੁਰਖ਼ਦੀ ਜਾਂ ਆਪਣਿਆਂ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਭਾਵਨਾ ਭਾਰੂ ਹੋ ਜਾਂਦੀ।

ਆਪਣੇ ਹੀ ਪਰਾਏ ਹੁੰਦੇ ਜਦ ਜਾਇਦਾਦ ਦੇ ਲਾਲਚ ਕਾਰਨ ਲਾਲ ਖ਼ੂਨ ਵੀ ਸਫ਼ੈਦ ਹੋ ਜਾਂਦਾ, ਰਿਸ਼ਤਿਆਂ ਦੀ ਪਾਕੀਜ਼ਗੀ ਲੀਰਾਂ ਹੋ ਜਾਂਦੀ, ਬੰਧਨਾਂ ਦੇ ਧਾਗੇ ਜ਼ਰਜ਼ਰੀ ਹੋ ਜਾਂਦੇ ਜਾਂ ਸਬੰਧਾਂ ਵਿਚਲਾ ਨਿੱਘ ਸੀਤ ਹੋ ਜਾਂਦਾ।

ਆਪਣੇ ਹੀ ਪਰਾਇਆਂ ਦਾ ਰੂਪ ਹੋ ਜਾਂਦੇ ਜਦ ਉਹ ਰੰਗ ਬਦਲਣ ਲੱਗ ਪੈਂਦੇ, ਮਖੌਟਿਆਂ ਦੀ ਰੁੱਤ ਦੇ ਜਸ਼ਨ ਮਨਾਉਂਦੇ, ਜਾਂ ਬਹੁ-ਰੂਪੀਏ ਬਣ ਕੇ ਆਪਣਿਆਂ ਦੀਆਂ ਮਨੋ-ਭਾਵਨਾਵਾਂ ਨਾਲ ਖਿਲਵਾੜ ਕਰਦੇ।

ਆਪਣੇ ਤਾਂ ਪਰਾਏ ਹੀ ਹੋਣੇ ਹੁੰਦੇ ਜਦ ਉਹ ਆਪਣਿਆਂ ਦੀ ਕਬਰ ਨੂੰ ਵੀ ਵਿਉਂਤਣ ਲੱਗ ਪੈਣ, ਮਾਪਿਆਂ ਦੀ ਮਰਨ-ਮਿੱਟੀ ਨੂੰ ਉਛਾਲਣ ਲੱਗ ਪੈਣ ਜਾਂ ਆਪਣੇ ਦਾ ਸਿਵਾ ਸੇਕਣ ਲਈ ਆਪਣੀਆਂ ਹੋਛੀਆਂ ਹਰਕਤਾਂ 'ਤੇ ਉਤਾਰੂ ਹੋ ਜਾਣ।

ਆਪਣੇ ਪਰਾਏ ਹੀ ਹੁੰਦੇ ਜਦ ਉਹਨਾਂ ਵਿਚੋਂ ਖ਼ੁਦਗਰਜ਼ੀ ਦੀ ਬੂਅ ਆਉਣ ਲੱਗ ਪਵੇ। ਹੰਕਾਰ, ਹਉਮੈਂ ਅਤੇ ਅੜਬ-ਪੁਣਾ ਆਦਤ ਬਣ ਜਾਵੇ ਜਾਂ ਸਦਭਾਵਨਾ, ਹਮਦਰਦੀ, ਅਪਣੱਤ ਅਤੇ ਸੂਖ਼ਮ-ਅੰਦਾਜ਼ ਨੂੰ ਕੰਮਜ਼ੋਰੀ ਸਮਝ ਕੇ ਮਖੌਲ ਉਡਾਇਆ ਜਾਵੇ।

ਪਰਾਏ ਤਾਂ ਉਹ ਹੁੰਦੇ ਜਿਹਨਾਂ ਨੂੰ ਅੱਥਰੂਆਂ ਦਾ ਕੋਈ ਲਿਹਾਜ ਨਹੀਂ, ਭੁੱਖੇ ਪੇਟ ਲਈ ਦੁਆ ਵਿਚ ਨਹੀਂ ਜੁੜਦੇ ਹੱਥ ਅਤੇ ਨਾ ਹੀ ਉਹਨਾਂ ਦੇ ਸੁਰ-ਵਾਦ ਵਿਚ ਤੁਹਾਡੇ ਲਈ ਕੋਈ ਸੁੱਖਦ-ਸੁਨੇਹਾ ਜਾਂ ਅਲਹਾਮ ਹੁੰਦਾ।

ਪਰਾਏ ਤਾਂ ਉਹ ਹੁੰਦੇ ਜਿਹਨਾਂ ਨੂੰ ਆਪਣੇ ਆਪ ਤੋਂ ਹੀ ਵਿਹਲ ਨਹੀਂ ਮਿਲਦੀ ਤਾਂ ਕਿ ਅੱਖਰਹੀਣਾਂ ਵੰਨੀਂ ਧਿਆਨ ਧਰਨ ਜਾਂ ਬਸਤਿਆਂ ਵਿਚ ਵਿਲਕਦੀਆਂ ਪੁਸਤਕਾਂ ਤੇ ਸਿਸਕਦੇ ਪੂਰਨਿਆਂ ਨੂੰ ਵਰਾਅ ਲੈਣ।

ਪਰਾਏ ਤਾਂ ਹੁੰਦੇ ਹੀ ਜਿਹਨਾਂ ਦੇ ਮਨ ਵਿਚ ਝੁੱਗੀਆਂ ਵਿਚ ਸਾਹ ਵਰੋਲਦੀ ਜ਼ਿੰਦਗੀ ਲਈ ਕੋਈ ਹਾਉਕਾ ਨਹੀਂ ਪੈਦਾ ਹੁੰਦਾ ਜਾਂ ਉਹ ਕਿਸੇ ਦੀ ਹੂੰਗਰ ਦਾ ਹੁੰਗਾਰਾ ਭਰਨਾ, ਆਪਣੀ ਤੌਹੀਨ ਸਮਝਦੇ।

ਆਪਣਿਆਂ ਨੂੰ ਪਰਾਏ ਹੋਣ ਵਿਚ ਪਲ ਨਹੀਂ ਲੱਗਦਾ ਜਦ ਕਿ ਪਰਾਇਆਂ ਨੂੰ ਆਪਣਾ ਬਣਾਉਣ ਵਿਚ ਮੁੱਦਤਾਂ ਲੱਗ ਜਾਂਦੀਆਂ। ਆਪਣੇ ਕਦੇ ਵੀ ਪਰਾਏ ਹੋ ਸਕਦੇ ਨੇ। ਪਰ ਅਗਰ ਪਰਾਏ ਆਪਣੇ ਬਣ ਜਾਣ ਤਾਂ ਉਹਨਾਂ ਦਾ ਪਰਾਏ ਹੋਣਾ ਬਹੁਤ ਹੀ ਅਸੰਭਵ ਹੁੰਦਾ।

ਉਸ ਆਪਣੇ ਨੂੰ ਕਿੰਝ ਆਪਣਾ ਕਹੋਗੇ ਜੋਮਾਪਿਆਂ ਦੀ ਜਾਇਦਾਦ ਹੜੱਪਣ ਲਈ ਉਹਨਾਂ ਦੀ ਮੌਤ ਦੀਆਂ ਮੰਨਤਾਂ ਮੰਗਦਾ ਹੋਵੇ, ਜੋ ਬੁੱਢੇ ਮਾਪਿਆਂ ਨੂੰ ਬਦਨਦੀਬੀ ਦੇ ਹਵਾਲੇ ਕਰ, ਬਦਤਰ ਤੋਂ ਬਦਤਰ ਜ਼ਿੰਦਗੀ ਜਿਉਣ ਲਈ ਮਜਬੂਰ ਕਰੇ। ਉਹਨਾਂ ਦੀ ਬੈਸਾਖੀਆਂ ਬਣਨ ਵਾਲੇ ਹੀ ਉਹਨਾਂ ਲਈ ਖੌਫ਼ ਬਣ ਜਾਣ। ਘਰ ਦੇ ਪਿਛਵਾੜੇ ਵਿਚ ਪਏ ਮਾਪਿਆਂ ਦੀ ਸਾਰ ਲੈਣ ਤੋਂ ਬੇਮੁੱਖ ਹੋ ਗਈ ਔਲਾਦ ਨੂੰ ਆਪਣੇ ਕਹਿਣ ਲੱਗਿਆਂ ਵੀ ਸ਼ਰਮ ਆਉਂਦੀ।

ਆਪਣੇ ਬਣ ਕੇ ਠੱਗਣ ਵਾਲੇ ਲੋਕ ਪਰਾਇਆਂ ਤੋਂ ਵੀ ਭੈੜੇ। ਪਰਾਏ ਤਾਂ ਪਰਾਏ ਹੁੰਦੇ, ਉਹਨਾਂ 'ਤੇ ਕਾਹਦਾ ਗਿਲਾ? ਆਪਣਿਆਂ ਦੇ ਧੋਖੇ ਦਾ ਇਲਜ਼ਾਮ ਕਿਸ ਸਿਰ ਮੜੋਗੇ? ਆਪਣੀ ਹੀ ਰੂਹ ਨੂੰ ਸੂਲੀ ਚਾੜੋਗੇ।

ਅੱਜ ਕੱਲ ਅਕਸਰ ਹੀ ਲੋਕ ਆਪਣਾ ਬਣ ਕੇ ਲੁੱਟਦੇ। ਤੁਹਾਡੀ ਅਣਭੋਲਤਾ ਨੂੰ ਗੁੰਮਰਾਹ ਕਰ, ਤੁਹਾਡੀ ਸੋਚ-ਤਜੌਰੀ ਦੇ ਖਾਲੀਪਣ ਦਾ ਭਰਮ ਪਾਲਦੇ। ਪਰ ਇਹ ਭਰਮ ਹੀ ਹੁੰਦਾ ਅਤੇ ਅਜੇਹਾ ਭਰਮ ਬਹੁਤ ਹੀ ਜਲਦੀ ਟੁੱਟ ਜਾਂਦਾ। ਸਮੁੰਦਰ ਨੂੰ ਪਾਣੀ ਤੋਂ ਸੱਖਣਾ ਕਿੰਝ ਕਰੋਗੇ? ਭਰ ਲਈਆਂ ਕੁਝ ਕੁ ਚੁੱਲੀਆਂ ਤਾਂਇਸਨੂੰ ਖਾਲੀ ਕਰਨ ਦਾ ਸਿਰਫ਼ ਭਰਮ ਹੀ ਪਾਲ ਸਕਦੀਆਂ।

ਆਪਣੇ ਸਿਰਫ਼ ਉਹ ਨਹੀਂ ਹੁੰਦੇ ਜਿਹਨਾਂ ਨਾਲ ਖ਼ੂਨ ਦਾ ਰਿਸ਼ਤਾ ਹੋਵੇ, ਜਿਹਨਾਂ ਨਾਲ ਸਮਾਜਿਕ ਬੰਧਨ ਵਿਚ ਬੱਝੇ ਹੋਈਏ, ਜਿਹਨਾਂ ਨਾਲ ਸਮਾਜਿਕ ਸਰੋਕਾਰਾਂ ਦੀ ਸਾਂਝ ਹੋਵੇ।

ਆਪਣੇ ਤਾਂ ਉਹ ਹੁੰਦੇ ਜਿਹਨਾਂ ਨਾਲ ਵਿਚਾਰਾਂ ਦੀ ਸਾਂਝ ਹੋਵੇ, ਸੋਚਾਂ ਵਿਚ ਸਮਾਨਤਾ ਹੋਵੇ, ਭਾਵਾਂ ਵਿਚ ਇਕ-ਸੁਰਤਾ ਹੋਵੇ, ਚਾਅ ਸਾਂਝੇ ਹੋਣ ਅਤੇ ਅਹਿਸਾਸਾਂ ਵਿਚਲੀ ਧੜਕਣ ਨੂੰ ਇਕਸਾਰਤਾ ਮਿਲੇ। ਇਕ ਦੀ ਆਹ 'ਚ ਦੂਸਰੇ ਦੀ ਜਿੰਦ ਨਿਕਲੇ। ਇਕ ਦੀ ਅੱਖ ਵਿਚ ਕੱਖ ਪੈਣ 'ਤੇ ਦੂਸਰੇ ਦੀ ਅੱਖ ਰੜਕਦੀ ਰਹੇ। ਇਕ ਦੇ ਦਰਦ ਵਿਚ ਦੂਸਰਾ ਪੀੜ-ਪੀੜ ਹੁੰਦਾ ਰਹੇ ਜਾਂ ਇਕ ਦੀ ਸੰਵੇਦਨਾ ਵਿਚ ਦੂਸਰੇ ਦੀ ਵੇਦਨਾ ਘੁੱਲੀ ਹੋਵੇ।

ਆਪਣੇ ਤਾਂ ਉਹ ਵੀ ਹੁੰਦੇ ਜਿਹੜੇ ਤੁਹਾਡੀ ਪੀੜ ਨੂੰ ਆਪਣੀ ਕਿਆਸ, ਤੁਹਾਡੇ ਲਈ ਮਰ੍ਹਮ ਬਣਦੇ। ਉਹਨਾਂ ਦੀਆਂ ਦੁਆਵਾਂ ਵਿਚੋਂ ਤੁਹਾਨੂੰ ਤਸਕੀਨ ਮਿਲਦਾ। ਕਿਸੇ ਦੇ ਸ਼ੁਭ-ਚਿੰਤਨ ਵਿਚੋਂ ਤੁਹਾਡੀਆਂ ਆਸਾਂ ਨੂੰ ਬੂਰ ਪੈਂਦਾ ਅਤੇ ਕਿਸੇ ਦੀ ਫ਼ਿਕਰਮੰਦੀ ਵਿਚ ਤੁਹਾਨੂੰ ਫੱਕਰਤਾ ਦਾ ਅਲਹਾਮ ਹੁੰਦਾ।

ਆਪਣੇ ਤਾਂ ਉਹ ਹੁੰਦੇ ਜਿਹੜੇ ਕਿਸੇ ਦੇ ਨੀਵਿਆਂ ਦਰਾਂ ਨੂੰ ਵੀ ਉਚਾ ਸਮਝ ਕੇ ਨੱਤਮਸਤਕ ਹੁੰਦੇ, ਹੀਣ-ਭਾਵਨਾ ਨੂੰ ਦਰ-ਕਿਨਾਰ ਕਰ, ਮੋਹ ਦਾ ਰਿਸ਼ਤਾ ਜੋੜਦੇ ਅਤੇ ਤੁਹਾਡੀਆਂ ਦੇਣਦਾਰੀਆਂ ਨੂੰ ਵੀ ਆਪਣੀਆਂ ਕੀਰਤੀਆਂ ਦਾ ਹਾਸਲ ਬਣਾਉਂਦੇ।

ਆਪਣੇ ਉਹ ਵੀ ਹੁੰਦੇ ਜਿਹਨਾਂ ਦੀ ਲੋਅ ਵਿਚ ਦੀਦਿਆਂ ਨੂੰ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਨ ਵਿਚ ਮਦਦ ਮਿਲਦੀ, ਜਿਸਦੀ ਪੈੜ ਵਿਚ ਪੈਰ ਧਰਦਿਆਂ ਕਦਮਾਂ ਨੂੰ ਨਵੀਆਂ ਲੀਹਾਂ ਸਿਰਜਣ ਦੀ ਸੁਮੱਤ ਮਿਲਦੀ ਜਾਂ ਜਿਹਨਾਂ ਦੀ ਪ੍ਰੇਰਨਾ ਵਿਚੋਂ ਹੀ ਸੁਪਨ-ਉਡਾਣ ਤੇ ਸੁਪਨ-ਸਾਜ਼ਗਾਰੀ ਦੇ ਸ਼ਰਫ਼ ਦਾ ਝਲਕਾਰਾ ਪੈਂਦਾ।

ਆਪਣੇ ਤਾਂ ਉਹ ਹੱਥ ਵੀ ਹੁੰਦੇ ਜਿਹੜੇ ਬਜ਼ੁਰਗੀ ਅਸੀਸ ਨਾਲ ਨਿਵਾਜਦੇ, ਉਦਾਸੀਨ ਪਲਾਂ ਵਿਚ ਬੇਫ਼ਿਕਰੀ ਦਾ ਪੈਗ਼ਾਮ ਬਣਦੇ ਅਤੇ ਨਕਾਮੀਆਂ ਨੂੰ ਨਵੀਨਤਮ ਬੁਲੰਦੀਆਂ ਦਾ ਹਾਸਲ ਬਣਾਉਣ ਵਿਚ ਮਦਦ ਕਰਦੇ।

ਆਪਣੇ ਤਾਂ ਉਹੀ ਹੁੰਦੇ ਜੋ ਤੁਹਾਡੀ ਇਕੱਲਤਾ ਨੂੰ ਸਹਿਹੋਂਦ ਨਾਲ ਭਰਦੇ।ਨਿੱਕੀ ਨਿੱਕੀ ਗੁਫ਼ਤਗੂ ਨਾਲ ਸਕੂਨ ਦਾ ਆਬਸ਼ਾਰ ਸਿਰਜਦੇ।ਨਿੱਕੀਆਂ ਨਿੱਕੀਆਂ ਬਾਤਾਂ ਤੇ ਹੁੰਗਾਰਿਆਂ ਨਾਲ ਜੀਵਨ-ਜੋਤ ਨੂੰ ਨਵੀਂ ਜ਼ਿੰਦਗੀ ਦਿੰਦੇ।ਮੋਹ ਦੇ ਚਰਾਗ ਜਗਾਉਂਦੇ ਅਤੇ ਬੁੱਝਣ ਲਈ ਉਕਤਾਏ ਦੀਦਿਆਂ ਵਿਚ ਲੋਅ ਉਪਜਾਉਂਦੇ। ਆਪੇ ਸਿਰਜੇ ਖੋਲ ਵਿਚੋਂ ਬਾਹਰ ਨਿਕਲਣ ਵਿਚ ਮਦਦਗਾਰ ਸਾਬਤ ਹੁੰਦੇ।ਜਿੰਦ-ਦਰ 'ਤੇ ਚਾਵਾਂ ਦਾ ਸੰਧਾਰਾ ਲੈ ਕੇ ਆਉਂਦੇ।ਜ਼ਿੰਦਗੀ ਨੂੰ ਜਿਊਣ ਲਾਉਂਦੇ ਅਤੇ ਮਨ ਵਿਚ ਹਰ ਪਲ ਨੂੰ ਮਾਨਣ ਦਾ ਚਾਅ ਉਪਜਾਉਂਦੇ।

ਆਪਣੇ ਤਾਂ ਉਹੀ ਹੁੰਦੇ ਜੋ ਨਬਜ਼ ਜਾਣਦੇ ਅਤੇ ਰੂਹ-ਰਮਜ਼ ਦਾ ਹੁੰਗਾਰਾ ਬਣਦੇ। ਰੂਹ ਤੋਂ ਰੂਹ ਤੀਕ ਰਸਾਈ ਹੁੰਦੀ। ਇਕ ਦੂਸਰੇ ਦੀ ਰੂਹ ਵਿਚ ਬਸੇਰਾ ਕਰਕੇ, ਜੀਵਨ ਦੀਆਂ ਉਚਤਮ ਤੇ ਅਸੀਮਤ ਖ਼ੁਸ਼ੀਆਂ-ਖੇੜਿਆਂ ਨੂੰ ਦਿਲਜ਼ਾਨੀ ਦੇ ਨਾਮ ਕਰਦੇ ਅਤੇ ਚਿਰੰਜੀਵਤਾ ਦਾ ਹਰਦਮ ਦਮ ਭਰਦੇ।

ਆਪਣੇ ਤਾਂ ਉਹੀ ਹੁੰਦੇ ਜਿਹਨਾਂ ਨਾਲ ਸੁੱਖ-ਦੁੱਖ ਫਰੋਲਿਆ ਜਾਂਦਾ, ਜਿਹਨਾਂ ਦੇ ਸਾਥ ਵਿਚ ਦਿਲ ਦੀ ਵੇਦਨਾ ਨੂੰ ਰਾਹਤ ਮਿਲਦੀ ਅਤੇ ਜਿਹੜਾ ਦੂਰ ਹੋ ਕੇ ਸਭ ਤੋਂ ਕਰੀਬ ਹੁੰਦਾ। ਅਮੀਰ ਹੋ ਕੇ ਨਿਮਾਣਾ ਜਿਹਾ ਗਰੀਬ ਹੁੰਦਾ ਅਤੇ ਤੁਹਾਡੀਆਂ ਤਰਜ਼ੀਹਾਂ, ਤਮੰਨਾਵਾਂ, ਤਦਬੀਰਾਂ ਤੇ ਤਕਦੀਰਾਂ ਦਾ ਮੁਰੀਦ ਹੁੰਦਾ।

ਆਪਣੇ ਤਾਂ ਉਹ ਹੁੰਦੇ ਜਿਹਨਾਂ ਨਾਲ ਸੁਪਨਿਆਂ, ਸਾਧਨਾ, ਸਮਰਥਾਵਾਂ ਅਤੇ ਸੂਖ਼ਮਤਾ ਭਰੀ ਸਾਂਝ ਹੋਵੇ, ਜਿਸ ਵਿਚੋਂ ਤੁਹਾਡਾ ਹੀ ਮੁਹਾਂਦਰਾ ਨਜ਼ਰ ਆਵੇ, ਜਿਹੜਾ ਤੁਹਾਡੇ ਮਨ ਦੀਆਂ ਜਾਣੇ, ਤੁਹਾਨੂੰ ਖ਼ੁਦ 'ਚ ਰਚਾਵੇ ਅਤੇ ਤੁਹਾਡੇ ਸਾਹਾਂ ਦੀ ਮਹਿਕ ਬਣ ਜਾਵੇ।

ਆਪਣੇ ਤਾਂ ਉਹ ਹੀ ਹੁੰਦੇ ਜੋ ਲੋੜ ਵੇਲੇ ਬਾਂਹ ਫੜਦੇ, ਜੀਵਨ-ਮੰਝਧਾਰ ਵਿਚੋਂ ਬਾਹਰ ਨਿਕਲਣ ਵਿਚ ਮਦਦ ਕਰਦੇ ਅਤੇ ਤੁਹਾਨੂੰ ਦੁੱਖਾਂ ਦਾ ਦਰਿਆ ਪਾਰ ਕਰਵਾ, ਚੁੱਪ-ਚੁਪੀਤੇ ਹੀ ਤੁਹਾਡੇ ਖਿਆਲਾਂ ਵਿਚੋਂ ਅਲੋਪ ਹੋ ਜਾਂਦੇ। ਫਰਿਸ਼ਤਿਆਂ ਵਰਗੇ ਅਜੇਹੇ ਲੋਕ ਆਪਣਿਆਂ ਤੋਂ ਵੀ ਵੱਧ ਹੁੰਦੇ।

ਆਪਣੇ ਉਹ ਹੁੰਦੇ ਜਿਹਨਾਂ ਦੀ ਸੋਚ ਵਿਚ ਤੁਹਾਡੇ ਲਈ ਖਾਲੀ ਥਾਂ ਹੋਵੇ, ਜਿਹਨਾਂ ਦੇ ਜਿਹਨ ਵਿਚ ਤੁਹਾਡਾ ਧਿਆਨ ਹੋਵੇ, ਜਿਹਨਾਂ ਦੇ ਮਸਤਕ ਵਿਚ ਤੁਹਾਡੀਆਂ ਕਰਮ-ਰੇਖਾਵਾਂ ਦੀ ਕਲਾ-ਨਕਾਸ਼ੀ ਹੋਵੇ ਅਤੇ ਜਿਹਨਾਂ ਨੂੰ ਆਪਣੇ ਤੋਂ ਵੀ ਵੱਧ ਤੁਹਾਡੀ ਚਿੰਤਾ ਹੋਵੇ।

ਆਪਣੇ ਉਹ ਹੁੰਦੇ ਜਿਹਨਾਂ ਦੇ ਹਰਫ਼ਾਂ ਵਿਚੋਂ ਤੁਹਾਡੀ ਕਰਮਸ਼ੀਲਤਾ ਦੇ ਅਰਥਾਂ ਦੀ ਪੇਸ਼ੀਨਗੋਈ ਹੋਵੇ, ਜਿਸ ਦੇ ਵਿਯੋਗ ਵਿਚ ਤੁਹਾਡੀ ਅੱਖ ਰੋਵੇ, ਜਿਹਨਾਂ ਲਈ ਤੁਹਾਡੇ ਮਨ ਦੀ ਧਰਾਤਲ ਵਿਚ ਨਰੋਏ ਵਿਚਾਰਾਂ ਦੀ ਫ਼ਸਲ ਲਹਿਰਾਵੇ ਅਤੇ ਹਵਾਵਾਂ ਵਿਚ ਹਮਜੋਲਤਾ ਦਾ ਨਗ਼ਮਾ ਗੁਣਗੁਣਾਵੇ।

ਆਪਣੇ ਹੀ ਹੁੰਦੇ ਜਿਹਨਾਂ ਦੀ ਖ਼ੁਸ਼ਬੂ ਹਵਾ ਦੇ ਪਿੰਡੇ 'ਤੇ ਤੁਹਾਡੇ ਅਹਿਸਾਸਾਂ ਨੂੰ ਉਕਰਾਵੇ, ਜਿਸਦੀਆਂ ਸ਼ਕਲਾਂ ਬੱਦਲਾਂ 'ਚੋਂ ਨਜ਼ਰ ਆਉਣ ਅਤੇ ਜੋ ਅੰਬਰਾਂ ਨੂੰ ਹੱਥ ਲਾਉਣ ਲਈ ਤੁਹਾਡੇ ਲਈ ਉਦਮ ਤੇ ਸਾਧਨ ਜੁਟਾਏ।

ਆਪਣੇ ਉਹ ਹੁੰਦੇ ਜੋ ਸੋਚ, ਵਿਚਾਰ, ਕਰਮ, ਹਾਵ-ਭਾਵ ਅਤੇ ਦਿੱਬ-ਦ੍ਰਿਸ਼ਟੀ ਵਿਚੋਂ ਵੀ ਉਜ਼ਾਗਰ ਹੋਵੇ, ਜਿਸਦੀਆਂ ਸੋਚਾਂ ਤੁਹਾਡੇ ਲਈ ਅਸੀਸ ਦਾ ਜਾਗ ਲਾਵੇ ਅਤੇ ਹਮਦਮ, ਹਮਜੋਲੀ, ਹਮਦਰਦ ਅਤੇ ਹਮ-ਖਿਆਲ ਬਣ ਅਪਣਾਵੇ।

ਆਪਣੇ ਉਹ ਹੁੰਦੇ ਜੋ ਕਿਸੇ ਰੁੱਤਬੇ, ਅਮੀਰੀ, ਪਛਾਣ ਜਾਂ ਹਸਤੀਪੁਣੇ ਦੇ ਗੁਲਾਮ ਨਹੀਂ ਹੁੰਦੇ। ਸਗੋਂ ਉਹਨਾਂ ਵਿਚ ਮਾਨਵਤਾ ਦਾ ਵਾਸਾ, ਚੌਗਿਰਦੇ ਵਿਚ ਆਭਾ-ਮੰਡਲੀ ਹਾਸਾ ਅਤੇ ਉਹਨਾਂ ਦੀ ਹੋਂਦ ਵਿਚ ਕਦੇ ਨਹੀਂ ਸਤਾਉਂਦਾ ਚੌਮਾਸਾ। ਸਗੋਂ ਤੁਹਾਡੇ ਸੋਚ-ਦਾਇਰਿਆਂ ਵਿਚ ਹਮੇਸ਼ਾ ਉਗਮਦਾ ਏ ਚੰਗਿਆਈ ਵਾਲਾ ਖਾਸਾ ਜਿਸਨੇ ਤੁਹਾਡੀ ਵਿਅੱਕਤੀਤੱਵ ਨੂੰ ਬਣਾਇਆ ਹੁੰਦਾ ਏ ਚਾਨਣ-ਪਾਸਾ।

ਆਪਣੇ ਉਹ ਹੀ ਹੁੰਦੇ ਜਿਹਨਾਂ ਦੀ ਸੋਹਬਤ ਵਿਚ ਰੂਹ ਦੀ ਤਿਸ਼ਨਗੀ ਨੂੰ ਤ੍ਰਿਪਤੀ ਹਾਸਲ ਹੁੰਦੀ, ਅੰਤਰੀਵ ਨੂੰ ਭਰਪੂਰਤਾ ਦਾ ਅਹਿਸਾਸ ਹੁੰਦਾ। ਇਸ ਭਰਪੂਰਤਾ ਵਿਚੋਂ ਹੀ ਕੁਝ ਹੋਰ ਚੰਗੇਰਾ ਕਰ ਗੁਜ਼ਰਨ ਅਤੇ ਅਪਨਾਉਣ ਲਈ ਹਰਫ਼-ਹੌਂਸਲਾ ਸ਼ਰਫ਼ ਬਣਦਾ।

ਆਪਣੇ ਉਹ ਹੁੰਦੇ ਜੋ ਰੂਹ-ਰੇਜ਼ਾ ਬਣ ਕੇ ਦੁਆਵਾਂ ਲਈ ਹੱਥਾਂ ਨੂੰ ਅੰਬਰ ਵੱਲ ਉਛਾਲਦੇ ਅਤੇ ਹਰ ਪਲ ਤੁਹਾਡਾ ਸੰਗ ਭਿਆਲਦੇ। ਉਹਨਾਂ ਦੀ ਹਮਦਰਦੀ ਵਿਚੋਂ ਹੀ ਜ਼ਿੰਦਗੀ ਨੂੰ ਰੱਜ਼, ਸਬਰ, ਸੁੱਖਨ-ਸਬੂਰੀ ਅਤੇ ਸੁੰਦਰਤਾ ਹਾਸਲ ਹੁੰਦੀ। ਇਹ ਹਾਸਲ ਜ਼ਿੰਦਗੀ ਦੇ ਅਰਥਾਂ ਵਿਚ ਸੰਦਲੀ ਰੰਗ ਭਰਦਾ ਅਤੇ ਤੁਹਾਡੀ ਆਭਾ ਨੂੰ ਜਿਊਣ-ਜੋਗਾ ਕਰਦਾ।

ਆਪਣੇ ਉਹ ਹੁੰਦੇ ਜਿਹਨਾਂ ਦੀ ਕੋਮ-ਲਤਾ, ਮਨ ਨੂੰ ਪਿਘਲਾਉਂਦੀ, ਜਿਹਨਾਂ ਦੀ ਸੁਹਜਤਾ ਸੂਖ਼ਮ ਕਲਾਵਾਂ ਜਗਾਉਂਦੀ, ਜਿਹਨਾਂ ਦੀ ਦਿੱਬ-ਦ੍ਰਿਸ਼ਟੀ ਅੱਖਰਾਂ ਨੂੰ ਜੁਗਨੂੰ ਬਣਾਉਂਦੀ, ਜਿਹਨਾਂ ਦੀ ਸੰਗਤਾ ਬੋਲਾਂ ਨੂੰ ਅਪਣੱਤ ਨਾਲ ਭਿਉਂਦੀ ਅਤੇ ਜੀਵਨ-ਚਾਹਤਾਂ ਨੂੰ ਸੰਪੂਨਤਾ ਦੀ ਰਾਹੇ ਪਾਉਂਦੀ।

ਆਪਣਿਆਂ ਨੂੰ ਆਪਣੇ ਹੀ ਬਣਾਈ ਰੱਖੋ। ਪਰ ਜੇਕਰ ਆਪਣੇ ਪਰਾਏ ਹੋਣ ਲਈ ਬਜਿੱਦ ਹੋਣ ਤਾਂ ਮਨ ਮਸੋਸ ਕੇ ਰਹਿ ਜਾਂਦਾ ਅਤੇ ਇਸ ਹੋਣੀ 'ਤੇ ਹੰਝੂ ਵਹਾਉਣ ਤੋਂ ਬਗੈਰ ਨਹੀਂ ਰਹਿੰਦਾ ਕੋਈ ਚਾਰਾ, ਮਨ 'ਚ ਉਡਦਾ ਇਕ ਦਰਦ-ਕੁੰਵਾਰਾ ਅਤੇ ਜੀਵਨ ਨੂੰ ਬਣਾ ਦੇਂਦਾ ਹੋਰ ਦੁੱਖਿਆਰਾ।

ਕਈ ਵਾਰ ਆਪਣਿਆਂ ਦੀ ਬੇਰੁੱਖੀ,
ਦਰਦ ਦਾ ਅਸੀਮ ਸਾਗਰ ਬਣਕੇ
ਅੰਤਰੀਵ ਨੂੰ ਖਾਰਾ ਕਰ ਦੇਂਦੀ ਤਾਂ
ਕਲਮ ਕੂਕਦੀ;
ਆਪਣਿਆਂ ਜਦ ਆਪਣੇ ਬਣ ਕੇ
ਆਂਦਰੀਂਰੁੱਗ ਭਰੇ
ਤਾਂ ਨੈਣਾਂ ਦੇ ਉਛਲੇ ਸਰਵਰ
ਸਾਹਾਂ ਔਖੇ ਤਰੇ
ਚਾਵਾਂ ਦਾ ਇਕ ਮਿਰਗ ਤ੍ਰਿਹਾਇਆ
ਮਾਰੂਥਲੀਂ ਚਰੇ
ਅਤੇ ਆਸਾਂ ਦੀ ਬੇਵਾ ਰੁੱਤ ਵੀ
ਹਾਉਕਾ ਨਿੱਤ ਭਰੇ
ਪਿੰਡ ਨੂੰ ਜਾਂਦੇ ਰਾਹਾਂ ਉਤੇ
ਪ੍ਰਛਾਵਾਂ ਨਿੱਤ ਮਰੇ
ਪਰ
ਉਦਾਸ ਨਾ ਹੋ ਵੇ ਰਾਹੀਆ!
ਅਜੇਹੇ ਵੇਲੇ ਜਾਂ ਨੂਰ-ਇਲਾਹੀ
ਆਪਣੀ ਨਦਰਿ ਕਰੇ
ਤਾਂ ਜ਼ਿੰਦਗੀ ਦੇ ਮੱਥੇ ਉਤੇ
ਸੱਗਵਾਂ ਚੰਦ ਚੜੇ
ਪੱਤਵੱਤਾਂ ਨੇ ਥਿਰ ਨਹੀਂ ਰਹਿਣਾ,
ਹੋਣੇ ਬਾਗ ਹਰੇ
ਅਤੇ ਪਲ ਪਲ ਮਰਦੀ ਜ਼ਿੰਦਗੀ ਨੂੰ
ਜਿਉਣ ਜੋਗਾ ਕਰੇ।

ਜੇਸੱਚੇ ਸੁੱਚੇ ਹੋਣ ਤਾਂ ਆਪਣੇ, ਆਪਣੇ ਹੀ ਹੁੰਦੇ। ਉਹਨਾਂ ਦਾ ਕੋਈ ਬਦਲ ਨਹੀਂ ਹੁੰਦਾ। ਉਹਨਾਂ ਲਈ ਹਰਫ਼-ਰੁੱਤ ਮੌਲਦੀ;

ਆਪਣਿਆਂਕਾਰਨ ਹੀ ਜਿੰਦ-ਬੀਹੀਏ
ਗੂੰਜੇ ਹਰਦਮ ਨਾਦ
ਆਪਣੇ ਹੋਣ ਤਾਂ ਉਜੜੇ ਬਾਗ ਵੀ
ਕਰਦੇ ਆਣ ਅਬਾਦ
ਆਪਣੇ ਹੋਣ ਭਾਵੇਂ ਵਿਚ ਪ੍ਰਦੇਸੀਂ
ਪਰ ਮਨ ਵਸੇਂਦੀ ਯਾਦ
ਆਪਣਿਆਂ ਨਾਲ ਚੇਤ-ਅਚੇਤੇ
ਕਰੀਏ ਵਾਦ-ਸੰਵਾਦ
ਆਪਣਿਆਂ ਦੀ ਇਕ ਮੁਸਕਣੀ
ਦਿਲ ਨੂੰ ਕਰਦੀ ਸ਼ਾਦ
ਆਪਣਿਆਂ ਦਾ ਹਾਕ-ਹੁੰਗਾਰਾ
ਰਹਿਮਤ ਦੀ ਫਰਿਆਦ
ਆਪਣਿਆਂ ਦੀ ਰੂਹ-ਰੇਜ਼ਤਾ
ਬਣਦੀ ਖੰਭ-ਖ਼ੁਆਬ।

ਕਦੇ ਕਦੇ ਵਤਨ ਜਾਵਾਂਤਾਂ ਕੁਝ ਕੁ ਆਪਣਿਆਂ ਦਾ ਮੋਹ ਤੇ ਅਪਣੱਤ, ਸੱਖਣੇ ਮੁਹੱਬਤੀ ਭੰਡਾਰਾਂ ਨੂੰ ਨੱਕੋਨੱਕ ਭਰ ਦੇਂਦੀ। ਕਿਰਤ-ਲੱਗਰਾਂ ਦੀ ਜ਼ਰਖੇਜ਼ਤਾ ਅੱਖਰਾਂ ਦਾ ਰੂਪ ਧਾਰ ਸਫ਼ਿਆਂ 'ਤੇ ਫੈਲਦੀ;

ਆਪਣਿਆਂਨੇ ਘਰ ਪੈਰ ਧਰਦਿਆਂ
ਡੰਗਿਆ ਚਾਅ-ਚਰਾਗ
ਕਿ ਬੰਦ ਦਰਵਾਜੀਂ ਚਾਨਣ ਚਾਨਣ
'ਤੇ ਸੁੱਤੇ ਜਾਗੇ ਭਾਗ
ਆਪਣਿਆਂ ਨੇ ਸਾਹ-ਸੁਰੰਗੀ 'ਤੇ
ਸਰਗਮ ਐਸਾ ਖੁਣਿਆ
ਕਿ ਰੂਹ ਦੀ ਨਗਰੀ ਵੱਸਦੀ ਹੋਗੀ
ਰੂਹ-ਨਾਦ ਜਦ ਸੁਣਿਆ
ਆਪਣਿਆਂ ਨੇ ਮਨ-ਮਮਟੀ 'ਤੇ
ਐਸੀ ਅਲਖ਼ ਜਗਾਈ
ਕਿ ਵਿਚ ਫ਼ਿਜਾਵੀਂ ਹਵਾ ਹੋ ਗਈ
ਮਸਤਕ ਦੀ ਤਨਹਾਈ
ਆਪਣਿਆਂ ਨੇ ਵਕਤ-ਸਫ਼ੇ 'ਤੇ
ਉਕਰੀ ਅਜੇਹੀ ਇਬਾਰਤ
ਕਿ ਉਹਨਾਂ ਵਰਕਿਆਂ ਦੀ ਹਰਫ਼-ਬੰਧਨਾ
ਜਾਪੇ ਨਿਰੀ ਇਬਾਦਤ।

ਲੋੜ ਹੈ ਕਿ ਆਪਣੇ ਕਦੇ ਵੀ ਪਰਾਏ ਨਾ ਹੋਣ। ਸਗੋਂ ਪਰਾਇਆਂ ਨੂੰ ਆਪਣੇ ਬਣਾਉਣ ਦੀ ਜੁੱਗਤ ਨੂੰ ਜੀਵਨ-ਜਾਚ ਬਣਾ ਲਿਆ ਜਾਵੇ ਤਾਂ ਇਸ ਸੁੰਦਰ ਦੁਨੀਆਂ ਨੂੰ ਹੋਰ ਖ਼ੂਬਸੂਰਤ ਬਣਾਇਆ ਜਾ ਸਕਦਾ। ਜਦ ਪਰਾਏ ਵੀ ਆਪਣੇ ਬਣ ਕੇ ਤੁਹਾਡੀਆਂ ਬਾਹਾਂ ਬਣਦੇ ਅਤੇ ਸੋਚਾਂ ਵਿਚਲੀ ਤਦਬੀਰ ਤੇ ਤਕਦੀਰ ਬਣਦੇ ਤਾਂ ਜ਼ਿੰਦਗੀ ਨੂੰ ਹੋਰ ਹੁਸੀਨ ਹੋਣ ਦਾ ਸ਼ਰਫ਼ ਹਾਸਲ ਹੁੰਦਾ। ਅਜੇਹਾ ਸ਼ਰਫ਼ਹੋਣਾ ਤਾਂ ਮਨੁੱਖ ਦੀ ਹਮੇਸ਼ਾਹੀ ਪਹਿਲ ਰਹੀ ਏ ਅਤੇ ਪਹਿਲ ਬਣੀ ਰਹੇਗੀ।

ਕਲਮ ਅਜੇਹੀ ਤਵੱਕੋਂ ਤਾਂ ਕਰ ਹੀ ਸਕਦੀ ਆ।ਆਮੀਨ.............


INTERNATIONAL SARB-SANJHA PUNJABI KAVI DARBAR

ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ

ਕਲਿ ਤਾਰਣ ਗੁਰੂ ਨਾਨਕ ਆਇਆ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਪ੍ਰਗਟ ਪੁਰਬ ਦੀ ਵਰ੍ਹੇ ਗੰਢ ਨੂੰ ਸਮਰਪਿਤ:

"ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ - 2019"

ਜੋ ਕਿ ਰਾਮਗੜ੍ਹੀਆ ਸਿੱਖ ਫਾਉਂਡੇਸ਼ਨ ਦੇ ਉੱਦਮ ਸਦਕਾ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਵਿਚ ਭਾਰਤ, ਪਾਕਿਸਤਾਨ, ਅਮਰੀਕਾ, ਇੰਗਲੈਂਡ, ਆਸਟਰੇਲੀਆ ਅਤੇ ਯੂਰਪ ਤੋਂ ਨਾਮਵਰ ਸਾਹਿਤਕਾਰ ਅਤੇ ਕਵੀ-ਸਾਹਿਬਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਰਹੇ ਹਨ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਜੀਵਨ-ਫਿਲਾਸਫੀ, ਜੀਵਨ-ਜਾਚ, ਜੀਵਨ-ਕਲਾ, ਜੀਵਨ-ਯੁਕਤ ਅਤੇ ਅਨਮੋਲ ਸਿਖਿਆਵਾਂ ਦੇ ਸੰਦਰਭ ਵਿਚ ਉੱਚ-ਕੋਟੀ ਦੇ ਵਿਦਵਾਨਾਂ ਪਾਸੋਂ ਕਵਿਤਾਵਾਂ, ਗ਼ਜ਼ਲਾਂ ਅਤੇ ਰੌਚਕ-ਰਚਨਾਵਾਂ ਦਾ ਆਨੰਦ ਮਾਣਨ ਲਈ ਆਪ ਸਭ ਸਾਹਿਤਕ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

DATE: Sunday Nov. 17th, 2019
TIME: 10:00 AM - 5:00 PM

VENUE: Century Gardens Recreation Complex (Auditorium-1)
340 Vodden Street East, Brampton, Ontario L6V 2N2

Daljit Singh Gaidhu
Chairman
416-305-9878

Hardial Singh Jheeta
General Secretary
647-409-8915

Dr. Pargat Singh Bagga
President
905-531-8901




ORGANIZED BY:

RSFO Ramgarhia Sikh Foundation of Ontario RSFO

7956 Torbram Road #40, Brampton (ONT) CANADA

Email: internationalkavidarbar@gmail.com • Website: www.rsfo.org


# ਬਚਪਨ ਵਿੱਚ ਆਪਾਂ ਕਿੰਨੇ ਅਮੀਰ ਸਾਂ

-ਪ੍ਰਿੰਸੀਪਲ ਵਿਜੈ ਕੁਮਾਰ-



ਬਚਪਨ ਦੀ ਅਮੀਰੀ ਅੱਗੇ ਧਨ-ਦੌਲਤ, ਆਲੀਸ਼ਾਨ ਕੋਠੀਆਂ ਤੇ ਬੈਂਕ ਬੈਲੈਂਸ ਦੀ ਅਮੀਰੀ ਨਿਗੂਣੀ ਹੈ। ਜੇ ਬੰਦਾ ਮਨ ਦੀ ਅਮੀਰੀ ਦੀ ਪਰਿਭਾਸ਼ਾ ਸਮਝ ਜਾਵੇ ਤਾਂ ਆਪਸੀ ਵੈਰ-ਵਿਰੋਧ ਅਤੇ ਇੱਕ-ਦੂਜੇ ਨੂੰ ਨੀਵਾਂ ਵਿਖਾਉਣ ਦੀ ਭਾਵਨਾ ਮਨ ਵਿੱਚ ਪੈਦਾ ਹੀ ਨਹੀਂ ਹੋ ਸਕਦੀ। ਕੁਝ ਦਿਨ ਪਹਿਲਾਂ ਮੈਂ ਆਪਣੇ ਘਰ ਦੇ ਬਰਾਮਦੇ ਵਿੱਚ ਬੈਠਾ ਬੱਚਿਆਂ ਨੂੰ ਖੇਡਦਿਆਂ ਤੱਕ ਰਿਹਾ ਸਾਂ। ਖੇਡ-ਖੇਡ ਵਿੱਚ ਉਹ ਗੁੱਥਮ-ਗੱਥਾ ਹੋ ਗਏ। ਇੱਕ ਨੇ ਦੂਜੇ ਦੀ ਕਮੀਜ਼ ਪਾੜ ਸੁੱਟੀ। ਬੱਚਿਆਂ ਦੇ ਝਗੜੇ ਵਿੱਚ ਮਾਪੇ ਆ ਫਸੇ। ਇੱਕ-ਦੂਜੇ ਨੂੰ ਤਾਅਨੇ-ਮਿਹਣੇ ਦਿੱਤੇ ਗਏ। ਉਨ੍ਹਾਂ ਦੀ ਆਪਸੀ ਲੜਾਈ ਇਸ ਗੱਲ 'ਤੇ ਖਤਮ ਹੋਈ ਕਿ ਉਨ੍ਹਾਂ ਦੇ ਬੱਚੇ ਅੱਗੇ ਤੋਂ ਇੱਕਠੇ ਨਹੀਂ ਖੇਡਣਗੇ।

ਮੇਰਾ ਮਨ ਚਾਹੁੰਦਾ ਸੀ ਕਿ ਉਨ੍ਹਾਂ ਮਾਪਿਆਂ ਕੋਲ ਜਾ ਕੇ ਸਮਝਾਵਾਂ ਕਿ ਇਨ੍ਹਾਂ ਨਿਆਣਿਆਂ ਨੇ ਕੱਲ੍ਹ ਨੂੰ ਮੁੜ ਇੱਕਠੇ ਖੇਡਣ ਲੱਗ ਜਾਣਾ ਹੈ, ਤੁਸੀਂ ਕਿਉਂ ਆਪਣੇ ਸਬੰਧਾਂ ਵਿੱਚ ਕੁੜੱਤਣ ਪੈਦਾ ਕਰਦੇ ਹੋ। ਦੂਜੇ ਦਿਨ ਉਹੋ ਬੱਚੇ ਮਾਪਿਆਂ ਤੋਂ ਅੱਖ ਬਚਾ ਕੇ ਲੁਕਣਮੀਟੀ ਖੇਡ ਰਹੇ ਸਨ। ਉਹ ਫਿਰ ਇੱਕਠੇ ਹੋ ਕੇ ਇਸ ਲਈ ਖੇਡ ਰਹੇ ਸਨ ਕਿ ਉਹ ਮਨ ਦੇ ਅਮੀਰ ਸਨ। ਉਨ੍ਹਾਂ ਦੀ ਲੜਾਈ ਵੀ ਇੱਕ ਖੇਡ ਸੀ। ਬੰਟੇ, ਪਿੱਠੂ ਗਰਮ, ਗੁੱਲੀ ਡੰਡਾ ਅਤੇ ਪਤੰਗ ਉਡਾਉਣ ਦੀ ਖੇਡ ਵਿੱਚ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਨੇ ਸਾਨੂੰ ਆਪਣੇ ਘਰ ਆਉਣ 'ਤੇ ਇਹ ਕਹਿ ਕੇ ਵਰਜਿਆ ਹੁੰਦਾ ਸੀ ਕਿ ਤੁਸੀਂ ਲੜਾਕੇ ਬਹੁਤ ਹੋ, ਤੁਸੀਂ ਖੇਡਦੇ ਘੱਟ ਤੇ ਲੜਦੇ ਜ਼ਿਆਦਾ ਹੋ, ਉਨ੍ਹਾਂ ਮਾਪਿਆਂ ਦੇ ਬੱਚੇ ਸਾਨੂੰ ਤਾਕੀਆਂ ਥਾਣੀ ਇਸ਼ਾਰੇ ਕਰਕੇ ਖੇਡਣ ਨੂੰ ਬੁਲਾ ਲੈਂਦੇ ਸਨ, ਕਿਉਂਕਿ ਉਹ ਮਨ ਦੇ ਅਮੀਰ ਸਨ। ਉਨ੍ਹਾਂ ਨੂੰ ਵੈਰ-ਵਿਰੋਧ ਅਤੇ ਦੁਸ਼ਮਣੀ ਦਾ ਪਤਾ ਨਹੀਂ ਹੁੰਦਾ ਸੀ। ਜਿਨ੍ਹਾਂ ਬੱਚਿਆਂ ਨੂੰ ਆਪਾਂ ਝੂਠ ਬੋਲਣ ਕਾਰਨ, ਸਕੂਲ ਦਾ ਕੰਮ ਨਾ ਕਰਨ ਕਾਰਨ ਜਾਂ ਫਿਰ ਸ਼ਰਾਰਤਾਂ ਕਰਨ ਕਾਰਨ ਅਧਿਆਪਕਾਂ ਤੋਂ ਕੁੱਟ ਪੁਆਈ ਹੁੰਦੀ ਸੀ, ਉਹ ਛੁੱਟੀ ਤੋਂ ਬਾਅਦ ਸਾਡੇ ਨਾਲ ਮਾਰ-ਕੁਟਾਈ ਕਰਦੇ ਸਨ ਪਰ ਫੁੱਟਬਾਲ ਖੇਡਣ ਲਈ ਉਹ ਸਾਡੇ ਤਰਲੇ ਕੱਢਣ ਲੱਗ ਪੈਂਦੇ ਸਨ, ਕਿਉਂਕਿ ਅਸੀਂ ਮਨ ਦੇ ਅਮੀਰ ਹੁੰਦੇ ਸਾਂ।


ਬਚਪਨ ਦੇ ਦਿਨਾਂ ਨੂੰ ਯਾਦ ਕਰਦਿਆਂ ਮੈਨੂੰ ਆਪਣੇ ਉਹ ਗੁਆਂਢੀ ਯਾਦ ਆ ਜਾਂਦੇ ਹਨ ਜਿਨ੍ਹਾਂ ਨਾਲ ਸਾਡਾ ਕਿਸੇ ਵੀ ਤਰ੍ਹਾਂ ਦਾ ਮਿਲਵਰਤਣ ਨਹੀਂ ਸੀ। ਦੋਵੇਂ ਪਰਵਾਰਾਂ ਦੀ ਬੋਲਚਾਲ ਬੰਦ ਸੀ। ਪਰ ਮੇਰਾ ਜਮਾਤੀ ਉਨ੍ਹਾਂ ਦਾ ਮੁੰਡਾ ਮੋਹਣੂ ਤੇ ਮੋਹਣੂ ਦੀ ਭੈਣ ਸੰਯੋਗਤਾ ਸਾਡੇ ਬਗੈਰ ਕਿਸੇ ਹੋਰ ਨਾਲ ਖੇਡਦੇ ਨਹੀਂ ਸਨ। ਮਾਂ ਸਾਨੂੰ ਵਾਰ-ਵਾਰ ਉਨ੍ਹਾਂ ਨਾਲ ਖੇਡਣ ਤੋਂ ਰੋਕਦੀ ਸੀ, ਪਰ ਸਾਡੇ ਉਤੇ ਮਾਂ ਦੇ ਕਹਿਣ ਦਾ ਅਸਰ ਹੀ ਨਹੀਂ ਸੀ ਹੁੰਦਾ, ਕਿਉਂਕਿ ਸਾਡੇ ਮਨਾਂ ਵਿੱਚ ਕਿਸੇ ਵੀ ਤਰ੍ਹਾਂ ਦਾ ਛਲ-ਕਪਟ ਨਹੀਂ ਸੀ। ਅਸੀਂ ਮਨਾਂ ਦੇ ਸ਼ਾਹ ਹੁੰਦੇ ਸਾਂ। ਬੰਦੇ ਖੇਡਦਿਆਂ ਖੁੱਤੀ ਵਿੱਚ ਮੂਤ ਦੇਣਾ, ਗੁੱਲੀ ਡੰਡਾ ਖੇਡਦਿਆਂ ਗੁੱਲੀ ਚੁੱਕ ਕੇ ਲੈ ਜਾਣਾ, ਪਿੱਠੂ ਗਰਮ ਖੇਡਦਿਆਂ ਪਿੱਠੂ ਢਾਹ ਦੇਣਾ ਅਤੇ ਗੇਂਦ ਚੁੱਕ ਕੇ ਲੈ ਜਾਣਾ ਕੁਝ ਸ਼ਰਾਰਤੀ ਬੱਚਿਆਂ ਦੀਆਂ ਸ਼ਰਾਰਤਾਂ ਦਾ ਹਿੱਸਾ ਹੁੰਦੇ ਸਨ। ਇੱਕਠੇ ਹੋ ਕੇ ਇੱਕ-ਦੂਜੇ ਨੂੰ ਕੁੱਟਣਾ। ਉਨ੍ਹਾਂ ਬੱਚਿਆਂ ਦੇ ਮਾਪਿਆਂ ਦਾ ਸਾਡੇ ਘਰ ਉਲਾਂਭੇ ਲੈ ਕੇ ਆਉਣਾ ਅਤੇ ਮਾਂ ਤੋਂ ਜੁੱਤੀਆਂ ਨਾਲ ਕੁੱਟ ਖਾਣੀ, ਰਾਤ ਨੂੰ ਬਿਨਾਂ ਰੋਟੀ ਖਾਧੇ ਸੌਂ ਜਾਣਾ। ਫਿਰ ਉਨ੍ਹਾਂ ਬੱਚਿਆਂ ਨਾਲ ਹੀ ਖੇਡਣਾ। ਇਹ ਜ਼ਿੰਦਗੀ ਦੀਆਂ ਉਹ ਯਾਦਾਂ ਹਨ, ਜੋ ਬਚਪਨ ਦੀ ਅਮੀਰੀ ਯਾਦ ਕਰਵਾ ਦਿੰਦੀਆਂ ਹਨ। ਸਾਡੇ ਕੋਲ ਕੋਈ ਵੀ ਰਿਮੋਟ ਤੇ ਸੈਲਾਂ ਨਾਲ ਚੱਲਣ ਵਾਲਾ ਖਿਡੌਣਾ ਨਹੀਂ ਸੀ। ਸਾਡੇ ਖਿਡੌਣੇ ਬੰਟਿਆਂ ਨਾਲ ਭਰੇ ਡੱਬੇ, ਖੱਗੇ, ਸਾਈਕਲ ਦੇ ਟਾਇਰ, ਕੜਾ ਕੂੰਜੀ, ਕਿੱਕਰ ਦੀਆਂ ਲੱਕੜੀਆਂ ਦੀਆਂ ਬਣੀਆਂ ਹਾਕੀਆਂ ਅਤੇ ਵੀਹ-ਪੱਚੀ ਵਾਲੀ ਗੇਂਦ ਸਾਡੀ ਦੌਲਤ ਹੁੰਦੇ ਸਨ। ਮੂੰਗਫਲੀ ਨਾਲ ਨੱਕਾ ਪੂਰ ਦੀ ਖੇਡ-ਖੇਡ ਕੇ ਉਸ ਨੂੰ ਬਾਅਦ ਵਿੱਚ ਵੰਡਣ ਲੱਗਿਆਂ ਲੜ ਪੈਣਾ ਤੇ ਮਾਂ ਤੋਂ ਕੁੱਟ ਖਾ ਕੇ ਭੈਣ-ਭਰਾਵਾਂ ਦਾ ਰੁੱਸਣਾ ਬਚਪਨ ਦੀ ਅਮੀਰੀ ਦੀਆਂ ਹਸੀਨ ਯਾਦਾਂ ਹਨ।

ਸਾਡੀ ਛੇ ਭੈਣ-ਭਰਾਵਾਂ ਦੀ ਆਪੋ ਵਿੱਚ ਕਦੇ ਬਣੀ ਨਹੀਂ ਸੀ, ਪਰ ਜੇ ਸਾਡੇ ਵਿੱਚੋਂ ਕਦੇ-ਕਦਾਈ ਕੋਈ ਨਾਨਕੇ ਤੇ ਭੂਆ ਦੇ ਘਰ ਚਲਿਆ ਜਾਂਦਾ ਤਾਂ ਅਸੀਂ ਮਾਂ ਨੂੰ ਵਾਰ-ਵਾਰ ਪੁੱਛਣ ਲੱਗ ਪੈਂਦੇ ਸਾਂ ਕਿ ਉਸ ਨੇ ਕਦੋਂ ਆਉਣਾ ਹੈ। ਪਿਤਾ ਜੀ ਨੂੰ ਤੰਗ ਹੋ ਕੇ ਉਸ ਨੂੰ ਲੈ ਕੇ ਆਉਣਾ ਪੈਂਦਾ ਸੀ। ਪਿਤਾ ਜੀ ਤੋਂ ਨਵਾਂ ਪੈਨ ਲੈਣ ਲਈ ਤਰਸ ਜਾਣਾ, ਗੋਲੀ ਵਾਲੇ ਸੋਡੇ ਦੀ ਬੋਤਲ ਪੀਣ ਲਈ ਉਨ੍ਹਾਂ ਤੋਂ ਵਾਅਦਾ ਲੈਣਾ, ਆਪਣੀ ਮਨਪਸੰਦ ਦੇ ਕੱਪੜੇ ਲੈ ਕੇ ਦੇਣ ਲਈ ਮਾਂ ਦੇ ਹਾੜੇ ਕੱਢਣੇ ਅੱਜ ਵੀ ਜਦੋਂ ਯਾਦ ਆਉਂਦਾ ਹੈ ਉਦੋਂ ਬਚਪਨ ਵਿੱਚ ਮੁੜ ਜਾਣ ਨੂੰ ਮਨ ਕਰਦਾ ਹੈ। ਪਰਵਾਰ ਦੀ ਕਮਾਈ ਦਾ ਸਾਧਨ ਬਣਨ ਲਈ ਛੁੱਟੀਆਂ ਦੇ ਦਿਨਾਂ ਵਿੱਚ ਬੱਸਾਂ ਵਿੱਚ ਗੋਲੀਆਂ, ਸਿਗਰਟਾਂ ਵੇਚਣਾ ਅਤੇ ਦੁਕਾਨ ਅੱਗੇ ਗੁੜ ਦੀਆਂ ਢੇਰੀਆਂ ਲਗਾ ਕੇ ਵੇਚਣਾ ਬਚਪਨ ਦੀਆਂ ਸਾਂਭ ਕੇ ਰੱਖੀਆਂ ਹੋਈਆਂ ਯਾਦਾਂ ਹਨ।

ਮੈਂ ਅੱਜ ਜਦੋਂ ਆਪਣੇ ਪੁੱਤਰਾਂ ਨੂੰ ਇਨ੍ਹਾਂ ਘਟਨਾਵਾਂ ਬਾਰੇ ਦੱਸਦਾ ਹਾਂ ਤਾਂ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੁੰਦਾ ਕਿ ਉਨ੍ਹਾਂ ਦੇ ਪਿਉ ਨੇ ਬੱਸਾਂ ਵਿੱਚ ਗੋਲੀਆਂ, ਸਿਗਰਟਾਂ ਤੇ ਮੇਲਿਆਂ ਵਿੱਚ ਜੁੱਤੀਆਂ ਵੇਚੀਆਂ ਹੋਈਆਂ ਹਨ। ਮੇਰੇ ਲਈ ਇਹ ਬਚਪਨ ਦੀ ਅਮੀਰੀ ਸੀ ਕਿਉਂਕਿ ਉਸ ਵੇਲੇ ਪਰਵਾਰ ਦੇ ਗੁਜ਼ਾਰੇ ਨਾਲੋਂ ਹੋਰ ਕੁਝ ਮਹੱਤਵ ਪੂਰਨ ਨਹੀਂ ਸੀ। ਅੱਜ ਮੈਂ ਜਦੋਂ ਉਨ੍ਹਾਂ ਦਿਨਾਂ ਨੂੰ ਯਾਦ ਕਰਦਾ ਹਾਂ ਤਾਂ ਮੈਂ ਇਹ ਸੋਚ ਕੇ ਬੜਾ ਹੈਰਾਨ ਹੁੰਦਾ ਹਾਂ ਕਿ ਮੈਂ ਇਹ ਸਾਰਾ ਕੁਝ ਕਿਵੇਂ ਕਰਦਾ ਰਿਹਾ ਹਾਂ।

ਮੈਂ ਸੋਚਦਾ ਹਾਂ ਕਿ ਚੰਗਾ ਹੁੰਦਾ ਜੇ ਅਸੀਂ ਬਚਪਨ ਵਿੱਚ ਹੀ ਰਹਿੰਦੇ। ਬਚਪਨ ਦੀ ਅਮੀਰੀ ਸਾਡੇ ਕੋਲੋਂ ਨਾ ਖੁੱਸਦੀ। ਮਨਾਂ ਵਿੱਚ ਵੈਰ-ਵਿਰੋਧ ਅਤੇ ਬਦਲੇ ਲੈਣ ਦੀ ਭਾਵਨਾ ਪੈਦਾ ਨਾ ਹੁੰਦੀ। ਸਾਡੇ ਆਪਸੀ ਸੰਵਾਦ ਬੰਦ ਨਾ ਹੁੰਦੇ। ਧਨ ਦੀ ਅਮੀਰੀ ਲਈ ਸਾਨੂੰ ਹੇਰਾਫੇਰੀਆਂ ਅਤੇ ਬੇਈਮਾਨੀਆਂ ਨਾ ਕਰਨੀਆਂ ਪੈਂਦੀਆਂ। ਅਸੀਂ ਇੱਕ-ਦੂਜੇ ਨਾਲ ਮਿਲਣਾ-ਜੁਲਣਾ ਬੰਦ ਨਾ ਕਰਦੇ। ਨਾ ਥਾਣੇ ਹੁੰਦੇ ਅਤੇ ਨਾ ਹੀ ਕਚਹਿਰੀਆਂ। ਫਰਾਖਦਿਲੀ ਨਾਲ ਇੱਕ-ਦੂਜੇ ਦੀਆਂ ਖੁਨਾਮੀਆਂ ਅਤੇ ਭੁੱਲਾਂ ਨੂੰ ਭੁਲਾਉਣ ਦੀ ਸਾਡੇ ਵਿੱਚ ਸਮਰੱਥਾ ਹੁੰਦੀ। ਮੈਨੂੰ ਇੱਕ ਬੁੱਧੀਜੀਵੀ ਦਾ ਕਿਹਾ ਗਿਆ ਇਹ ਕਥਨ ਅਕਸਰ ਯਾਦ ਆਉਂਦਾ ਰਹਿੰਦਾ ਹੈ ਕਿ ਸਾਨੂੰ ਸਭ ਨੂੰ ਪਤਾ ਹੈ ਕਿ ਗੁੱਸਾ, ਵੈਰ-ਵਿਰੋਗਧ ਤੇ ਖੁੰਧਕਬਾਜ਼ੀ ਮਨੁੱਖ ਦੀ ਸ਼ਖਸੀਅਤ ਨੂੰ ਪੇਤਲਾ ਕਰਦੇ ਹਨ, ਪਰ ਫਿਰ ਵੀ ਅਸੀਂ ਇਹ ਸਾਰਾ ਕੁਝ ਕਰਦੇ ਰਹਿੰਦੇ ਹਾਂ।

# ਭਾਰਤ ਦੀ ਆਰਥਿਕਤਾ, ਬੈਂਕਾਂ ਦੀ ਹਾਲਤ ਤੇ ਗ੍ਰਾਹਕ ਦੇ ਪੈਸੇ ਦੀ ਗਾਰੰਟੀ ਦਾ ਮੁੱਦਾ



ਜਤਿੰਦਰ ਪੰਨੂ

ਭਾਰਤ ਦੀ ਡਾਂਵਾਂਡੋਲ ਹੋ ਰਹੀ ਆਰਥਿਕਤਾ ਇਸ ਵਕਤ ਵੱਡੀ ਬਹਿਸ ਦਾ ਮੁੱਦਾ ਸਮਝੀ ਜਾਂਦੀ ਹੈ। ਇਸ ਤੋਂ ਪਰੇ ਹਟ ਕੇ ਵੇਖਿਆ ਜਾਵੇ ਤਾਂ ਦੁਨੀਆ ਭਰ ਵਿੱਚ ਫੈਲੇ ਹੋਏ ਭਾਰਤੀ ਬੈਂਕਾਂ ਦੇ ਖਾਤੇਦਾਰਾਂ ਦੇ ਮਨਾਂ ਵਿੱਚ ਬਹੁਤ ਸਾਰੇ ਸਵਾਲ ਹਨ ਅਤੇ ਉਹ ਇਨ੍ਹਾਂ ਬੈਂਕਾਂ ਵਿੱਚ ਪਏ ਆਪਣੇ ਪੈਸੇ ਬਾਰੇ ਵੱਡੀ ਚਿੰਤਾ ਵਿੱਚ ਹਨ। ਸਵਾਲ ਦੋ ਹਨ ਤੇ ਦੋਵਾਂ ਦੀ ਬਹਿਸ ਦੇ ਦੌਰਾਨ ਭੰਬਲਭੂਸਾ ਏਨਾ ਵੱਡਾ ਹੈ ਕਿ ਆਮ ਲੋਕ ਇਸ ਵੇਲੇ ਬੜੀ ਵੱਡੀ ਬੇਚੈਨੀ ਮਹਿਸੂਸ ਕਰਦੇ ਅਤੇ ਇੱਕ ਜਾਂ ਦੂਸਰੀ ਧਿਰ ਦੇ ਆਗੂਆਂ ਦੇ ਮੂੰਹ ਵੱਲ ਵੇਖਦੇ ਹਨ। ਬਾਹਲਾ ਵੱਡਾ ਮੁੱਦਾ ਬੈਂਕਾਂ ਵਿੱਚ ਪਏ ਪੈਸੇ ਦੀ ਗਾਰੰਟੀ ਦਾ ਹੈ। ਇਸ ਸਵਾਲ ਬਾਰੇ ਲੋਕ ਬੈਂਕਾਂ ਵਿੱਚ ਫੋਨ ਕਰਦੇ ਜਾਂ ਆਪ ਜਾ ਕੇ ਪੁੱਛਦੇ ਹਨ ਤਾਂ ਕੋਈ ਸਿੱਧਾ ਅਤੇ ਸਹੀ ਜਵਾਬ ਦੇਣ ਵਾਲਾ ਅਧਿਕਾਰੀ ਨਹੀਂ ਮਿਲਦਾ। ਕਈ ਅਫਸਰ ਕੋਈ ਗੱਲ ਕਰਨੋਂ ਇਸ ਲਈ ਡਰਦੇ ਹਨ ਕਿ ਅੱਜਕੱਲ੍ਹ ਹਰ ਕੋਈ ਆਪਣੀ ਜੇਬ ਵਿੱਚ ਫੋਨ ਨਾਲ ਰਿਕ-ਾਰਡਰ ਲਾਈ ਫਿਰਦਾ ਹੈ, ਕੋਈ ਗਲਤ ਗੱਲ ਨਿਕਲ ਗਈ ਤਾਂ ਪਿੱਛੋਂ ਰੱਫੜ ਨਾ ਪੈ ਜਾਂਦਾ ਹੋਵੇ।

ਸਾਡੇ ਕੋਲ ਕਈ ਲੋਕਾਂ ਦੇ ਫੋਨ ਆਏ ਸਨ ਅਤੇ ਇਨ੍ਹਾਂ ਵਿੱਚੋਂ ਬਹੁਤੇ ਲੋਕ ਵਿਦੇਸ਼ੀਂ ਵੱਸਦੇ ਹਨ, ਜਿਨਾਂ ਦੀ ਸਾਰੀ ਉਮਰ ਦੀ ਬੱਚਤ ਭਾਰਤ ਦੇ ਬੈਂਕਾਂ ਵਿੱਚ ਹੈ। ਇਸ ਬਾਰੇ ਜੋ ਕੁਝ ਸਾਨੂੰ ਪਤਾ ਲੱਗਾ, ਅਸੀਂ ਪੇਸ਼ ਕਰ ਰਹੇ ਹਾਂ। ਪਹਿਲੀ ਗੱਲ ਇਹ ਸਮਝਣੀ ਚਾਹੀਦੀ ਹੈ ਕਿ ਹਰ ਦੇਸ਼ ਵਿੱਚ ਬੈਂਕਾਂ ਬਾਰੇ ਨਿਯਮ ਤੇ ਕਾਨੂੰਨ ਉਸ ਦੇਸ਼ ਦੇ ਆਪਣੇ ਹੁੰਦੇ ਹਨ ਤੇ ਇਹ ਕਈ ਵਾਰੀ ਇੱਕ ਦੂਸਰੇ ਦੇਸ਼ ਤੋਂ ਵੱਖ ਹੋ ਸਕਦੇ ਹਨ। ਦੂਸਰੀ ਇਹ ਕਿ ਕਿਸੇ ਵੀ ਦੇਸ਼ ਵਿੱਚ ਚੱਲਦਾ ਭਾਰਤੀ ਬੈਂਕ ਆਪਣੇ ਭਾਰਤ ਦੇਸ਼ ਵਿੱਚ ਹਰ ਗੱਲ ਲਈ ਇਨ੍ਹਾਂ ਨਿਯਮਾਂ ਦੀ ਪਾਲਣਾ ਕਰੇਗਾ, ਪਰ ਕਿਸੇ ਹੋਰ ਦੇਸ਼ ਵਿੱਚ ਉਸ ਦੀ ਬ੍ਰਾਂਚ ਹੋਈ ਤਾਂ ਉਸ ਲਈ ਪਹਿਲੀ ਜ਼ਿਮੇਵਾਰੀ ਉਸ ਦੇਸ਼ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਹੁੰਦੀ ਹੈ। ਉਹ ਜਿਸ ਦੇਸ਼ ਵਿੱਚ ਚੱਲਦਾ ਹੈ, ਓਥੋਂ ਦੇ ਨਿਯਮਾਂ ਦੀ ਉਲੰਘਣਾ ਨਹੀਂ ਕਰ ਸਕਦਾ, ਇਸ ਲਈ ਜਿਹੜੇ ਭਾਰਤੀ ਬੈਂਕ ਦੂਸਰੇ ਦੇਸ਼ਾਂ ਵਿੱਚ ਚੱਲਦੇ ਹਨ, ਉਹ ਓਥੋਂ ਦੇ ਨਿਯਮਾਂ ਨਾਲ ਬੱਝੇ ਹੋਣਗੇ, ਜਿਨ੍ਹਾਂ ਦੀ ਜਾਣਕਾਰੀ ਸਾਨੂੰ ਨਹੀਂ। ਭਾਰਤ ਵਿੱਚ ਜਿਹੜੇ ਵੀ ਭਾਰਤੀ ਜਾਂ ਵਿਦੇਸ਼ੀ ਬੈਂਕ ਦਾ ਕਾਰੋਬਾਰ ਹੈ, ਉਨ੍ਹਾਂ ਸਭਨਾਂ ਵਿੱਚ ਰੱਖੇ ਹੋਏ ਪੈਸੇ, ਬੇਸ਼ੱਕ ਉਹ ਸੇਵਿੰਗਜ਼, ਕਰੰਟ ਜਾਂ ਕਿਸੇ ਹੋਰ ਖਾਤੇ ਵਿੱਚ ਹੋਣ, ਦੀ ਗਾਰੰਟੀ ਖੁਦ ਉਹ ਬੈਂਕ ਨਹੀਂ ਦੇਂਦਾ, ਇਹ ਗਾਰੰਟੀ ਇੱਕ ਕਾਰਪੋਰੇਸ਼ਨ ਵੱਲੋਂ ਹੈ। ਭਾਰਤ ਦੀ ਸਰਕਾਰ ਨੇ ਇਹ ਕਾਰਪੋਰੇਸ਼ਨ ਮੋਰਾਰਜੀ ਡਿਸਾਈ ਦੇ ਰਾਜ ਵੇਲੇ ਲਗਭਗ ਇਕਤਾਲੀ ਸਾਲ ਪਹਿਲਾਂ ਬਣਾਈ ਸੀ, ਜਿਸ ਨੇ ਬੈਂਕਾਂ ਵਿੱਚ ਪਏ ਪੈਸੇ ਬਾਰੇ ਜਿਹੜੇ ਨਿਯਮ ਉਸ ਵੇਲੇ ਰੱਖੇ ਸਨ, ਉਹ ਉਸ ਤੋਂ ਪਿੱਛੋਂ ਬਦਲਦੇ ਵੀ ਰਹੇ ਹਨ।

ਇਸ ਬੀਮਾ ਕਾਰਪਰੇਸ਼ਨ ਦੇ ਬਣਨ ਤੋਂ ਪਹਿਲਾਂ ਇਹੋ ਗਾਰੰਟੀ 1961 ਵਿੱਚ ਬਣਾਏ ਕਰੈਡਿਟ ਗਾਰੰਟੀ ਐਕਟ ਦੇ ਅਧੀਨ ਸੀ ਅਤੇ ਓਦੋਂ ਵੀ ਬੈਂਕਾਂ ਕੋਲ ਪਏ ਪੈਸੇ ਦੀ ਗਾਰੰਟੀ ਦਿੱਤੀ ਜਾਂਦੀ ਸੀ, ਪਰ ਇਹ ਸਿਸਟਮ ਤੇ ਗਾਰੰਟੀ ਬਦਲਦੀ ਰਹੀ ਸੀ। ਮਿਸਾਲ ਵਜੋਂ 1968 ਵਿੱਚ ਇਹ ਗਾਰੰਟੀ ਪੰਜ ਹਜ਼ਾਰ ਰੁਪਏ ਮਿਥੀ ਗਈ ਸੀ, ਫਿਰ 1970 ਵਿੱਚ ਵਧਾਉਣ ਪਿੱਛੋਂ ਦਸ ਹਜ਼ਾਰ ਰੁਪਏ ਕੀਤੀ ਗਈ ਤੇ ਸਾਲ 1976 ਵਿੱਚ ਐਮਰਜੈਂਸੀ ਦੌਰਾਨ ਵੀਹ ਹਜ਼ਾਰ ਕਰ ਦਿੱਤੀ ਸੀ, ਜਿਹੜੀ ਹੋਰ ਚਾਰ ਸਾਲ ਪਿੱਛੋਂ 1980 ਵਿੱਚ ਵਧਾ ਕੇ ਤੀਹ ਹਜ਼ਾਰ ਕੀਤੀ ਗਈ ਸੀ। ਇਸ ਵਿੱਚ ਅਖੀਰਲਾ ਵਾਧਾ ਸਾਲ 1993 ਵਿੱਚ ਕੀਤਾ ਗਿਆ ਅਤੇ ਇਹ ਗਾਰੰਟੀ ਇੱਕ ਲੱਖ ਰੁਪਏ ਤੱਕ ਕਰ ਦਿੱਤੀ ਗਈ ਸੀ। ਇਸ ਦਾ ਅਰਥ ਇਹ ਹੈ ਕਿ ਬੈਂਕ ਵਿੱਚ ਤੁਹਾਡੇ ਦੋ ਲੱਖ ਰੁਪਏ ਹੋਣ ਜਾਂ ਦੋ ਕਰੋੜ ਜਾਂ ਇਸ ਤੋਂ ਵੱਧ ਵੀ ਹੋਣ, ਉਹ ਬੈਂਕ ਕਿਸੇ ਗੱਲ ਕਰ ਕੇ ਬੰਦ ਕਰਨ ਦੀ ਨੌਬਤ ਆ ਗਈ ਤਾਂ ਤੁਹਾਨੂੰ ਘੱਟੋ-ਘੱਟ ਇੱਕ ਲੱਖ ਰੁਪਏ ਉਸ ਬੈਂਕ ਦੀ ਬਜਾਏ ਡਿਪਾਜ਼ਿਟ ਇੰਸ਼ੋਰੈਂਸ ਐਂਡ ਕਰੈਡਿਟ ਗਾਰੰਟੀ ਕਾਰਪੋਰੇਸ਼ਨ ਵੱਲੋਂ ਮਿਲ ਜਾਣਗੇ। ਜਿਸ ਗ੍ਰਾਹਕ ਦੇ ਇੱਕ ਲੱਖ ਤੋਂ ਘੱਟ ਹੋਣ ਤੇ ਉਸ ਦਾ ਵਿਆਜ਼ ਪਾ ਕੇ ਇਸ ਤੋਂ ਵੱਧ ਬਣਦੇ ਹੋਣਗੇ, ਉਸ ਨੂੰ ਉੱਪਰਲੇ ਨਹੀਂ ਮਿਲਣੇ, ਸਿਰਫ ਇੱਕ ਲੱਖ ਮਿਲਣਗੇ ਅਤੇ ਜਿਸ ਦੇ ਏਨੇ ਘੱਟ ਪੈਸੇ ਹੋਣ ਕਿ ਵਿਆਜ਼ ਪਾ ਕੇ ਵੀ ਇੱਕ ਲੱਖ ਤੋਂ ਹੇਠਾਂ ਰਹਿਣ, ਉਹ ਇੱਕ ਲੱਖ ਵਾਲੀ ਝਾਕ ਨਹੀਂ ਰੱਖ ਸਕਦਾ, ਉਸ ਨੂੰ ਉਸ ਦੇ ਬਣਦੇ ਪੈਸੇ ਹੀ ਮਿਲਣਗੇ। ਜਿਹੜੀ ਕਾਰਪੋਰੇਸ਼ਨ ਇਹ ਗਾਰੰਟੀ ਦੇਂਦੀ ਹੈ, ਉਸ ਕੋਲ ਸਾਰੀਆਂ ਬੈਂਕਾਂ ਆਪਣੇ ਗ੍ਰਾਹਕਾਂ ਦੀ ਰਕਮ ਦਾ ਹਰ ਸਾਲ ਬਾਕਾਇਦਾ ਬੀਮਾ ਕਰਾਉਂਦੀਆਂ ਅਤੇ ਆਪਣੇ ਕੋਲੋਂ ਪ੍ਰੀਮੀਅਮ ਦੇਂਦੀਆਂ ਹਨ, ਤਾਂ ਕਿ ਕੱਲ੍ਹ ਨੂੰ ਮੁਸ਼ਕਲ ਦੀ ਨੌਬਤ ਆ ਜਾਵੇ ਤਾਂ ਉਨ੍ਹਾਂ ਦੀ ਥਾਂ ਗਾਰੰਟੀ ਦਾ ਭੁਗਤਾਨ ਕਰਨ ਦੀ ਜ਼ਿਮੇਵਾਰੀ ਇਹ ਕਾਰਪੋਰੇਸ਼ਨ ਚੁੱਕ ਲਵੇ। ਬੈਂਕਾਂ ਵਿੱਚ ਪਿਆ ਪੈਸਾ ਭਾਵੇਂ ਸੇਵਿੰਗਜ਼ ਵਿੱਚ, ਕਰੰਟ ਖਾਤੇ, ਰੈਕਰਿੰਗ ਜਾਂ ਫਿਕਸਡ ਡਿਪਾਜ਼ਿਟ ਵਿੱਚ ਹੋਵੇ, ਸਾਰਿਆਂ ਖਾਤਿਆਂ ਲਈ ਇਹ ਹੀ ਨਿਯਮ ਚੱਲੇਗਾ ਤੇ ਇਹ ਭਾਰਤ ਦੇ ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਦੇ ਨਾਲ ਕੋਆ-ਪਰੇਟਿਵ ਅਤੇ ਵਿਦੇਸ਼ੀ ਬੈਂਕਾਂ ਉੱਤੇ ਵੀ ਲਾਗੂ ਹੋਵੇਗਾ, ਪਰ ਕੋਆਪਰੇਟਿਵ ਸੋਸਾਈਟੀਆਂ ਇਸ ਗਾਰੰਟੀ ਸਕੀਮ ਤੋਂ ਬਾਹਰ ਹਨ।



ਨੋਟ ਕਰਨ ਵਾਲੀ ਜ਼ਰੂਰੀ ਗੱਲ ਇਹ ਹੈ ਕਿ ਜੇ ਕਿਸੇ ਦਾ ਇੱਕੋ ਬੈਂਕ ਦੀਆਂ ਇੱਕ ਤੋਂ ਵੱਧ ਬਰਾਂਚਾਂ ਵਿੱਚ ਖਾਤਾ ਹੈ ਤੇ ਹਰ ਥਾਂ ਇੱਕੋ ਨਾਂਅ ਚੱਲਦਾ ਹੈ ਤਾਂ ਉਸ ਨੂੰ ਇੱਕੋ ਕਲੇਮ ਮਿਲੇਗਾ, ਪਰ ਜੇ ਉਹ ਬਰਾਂਚਾਂ ਵੱਖੋ-ਵੱਖ ਬੈਂਕਾਂ ਦੀਆਂ ਹਨ ਤਾਂ ਹਰ ਬੈਂਕ ਦੇ ਓਸੇ ਨਾਂਅ ਵਾਲੇ ਖਾਤੇ ਲਈ ਵੱਖਰਾ ਕਲੇਮ ਮਿਲ ਸਕਦਾ ਹੈ। ਇਹੀ ਨਹੀਂ, ਪਰਵਾਰ ਜਾਂ ਭਾਈਵਾਲੀ ਦੇ ਖਾਤੇ ਵਿੱਚ ਜੇ ਫਰਜ ਕਰੋ ਗਿਆਨ ਸਿੰਘ, ਰਾਮ ਚੰਦ ਅਤੇ ਤੇਜ ਮਸੀਹ ਦਾ ਸਾਂਝਾ ਖਾਤਾ ਹੈ ਤਾਂ ਉੱਪਰ ਦੱਸੇ ਨਿਯਮ ਲਾਗੂ ਹੋਣਗੇ, ਪਰ ਜੇ ਇੱਕ ਖਾਤੇ ਵਿੱਚ ਗਿਆਨ ਸਿੰਘ, ਰਾਮ ਚੰਦ ਅਤੇ ਤੇਜ ਮਸੀਹ ਅਤੇ ਦੂਸਰੇ ਖਾਤੇ ਵਿੱਚ ਰਾਮ ਚੰਦ, ਤੇਜ ਮਸੀਹ ਅਤੇ ਗਿਆਨ ਸਿੰਘ ਲਿਖੇ ਹੋਏ ਅਤੇ ਤੀਸਰੇ ਵਿੱਚ ਤੇਜ ਮਸੀਹ ਪਹਿਲੀ ਥਾਂ ਲਿਖ ਲਿਆ ਤਾਂ ਉਹ ਤਿੰਨ ਵੱਖ-ਵੱਖ ਖਾਤੇ ਗਿਣੇ ਜਾਣਗੇ ਅਤੇ ਭਾਵੇਂ ਇੱਕੋ ਬੈਂਕ ਵਿੱਚ ਹੋਣ, ਤਿੰਨਾਂ ਲਈ ਵੱਖਰੇ ਕਲੇਮ ਮਿਲ ਜਾਣਗੇ ਅਤੇ ਜੇ ਕਿਸੇ ਹੋਰ ਬੈਂਕ ਵਿੱਚ ਵੀ ਏਦਾਂ ਦੇ ਨਾਂਅ ਵਾਲੇ ਬਦਲਵੇਂ ਖਾਤੇ ਹਨ ਤਾਂ ਓਥੇ ਵੀ ਮਿਲਣਗੇ। ਹੈਰਾਨੀ ਦੀ ਗੱਲ ਹੈ ਕਿ ਕਈ ਬੈਂਕ ਅਫਸਰ ਵੀ ਇਹ ਗੱਲਾਂ ਨਾ ਕਦੀ ਪੁੱਛਣ ਦੀ ਕੋਸ਼ਿਸ਼ ਕਰਦੇ ਹਨ ਤੇ ਨਾ ਉਨ੍ਹਾਂ ਨੂੰ ਬੈਂਕ ਮੈਨੇਜਮੈਂਟ ਨੇ ਕਦੇ ਦੱਸਣ ਦੀ ਲੋੜ ਸਮਝੀ ਹੈ, ਕਿਉਂਕਿ ਸਾਰੇ ਇਹ ਸੋਚਦੇ ਹਨ ਕਿ ਕੁਝ ਹੋਣਾ ਹੀ ਨਹੀਂ। ਪੰਜਾਬ ਐਂਡ ਮਹਾਰਾਸ਼ਟਰ ਕੋਆ-ਪਰੇਟਿਵ ਬੈਂਕ ਦਾ ਜਲੂਸ ਨਿਕਲਣ ਤੇ ਇਸ ਦੇ ਸਦਮੇ ਨਾਲ ਕਈ ਗ੍ਰਾਹਕਾਂ ਦੀਆਂ ਮੌਤਾਂ ਹੋਣ ਮਗਰੋਂ ਇਸ ਬਾਰੇ ਹਰ ਕੋਈ ਪੁੱਛ ਰਿਹਾ ਹੈ ਤੇ ਬੈਂਕਾਂ ਦੇ ਅਧਿਕਾਰੀ ਇਸ ਬਾਰੇ ਦੱਸਣ ਤੋਂ ਅਸਮਰਥ ਹਨ ਜਾਂ ਦੱਸ ਕੇ ਮੈਨੇਜਮੈਂਟ ਕੋਲ ਬੁਰਾ ਬਣਨ ਤੋਂ ਝਿਜਕਦੇ ਹਨ।

ਨਰਿੰਦਰ ਮੋਦੀ ਸਰਕਾਰ ਨੇ ਦੋ ਸਾਲ ਪਹਿਲਾਂ 2017 ਵਿੱਚ ਇਸ ਗਾਰੰਟੀ ਕਾਰਪੋਰੇਸ਼ਨ ਦੀ ਥਾਂ ਇੱਕ ਰੈਜ਼ੂਲੇਸ਼ਨ ਕਾਰਪੋਰੇਸ਼ਨ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਸੀ, ਜਿਸ ਤੋਂ ਰੌਲਾ ਪੈ ਗਿਆ ਸੀ। ਇਸ ਦਾ ਕਾਰਨ ਇਹ ਸੀ ਕਿ ਨਵੀਂ ਬਣਨ ਵਾਲੀ ਕਾਰਪੋਰੇਸ਼ਨ ਵਿੱਚ ਨਾ ਇਹੀ ਲਿਖਿਆ ਸੀ ਕਿ ਇੰਸ਼ੋਰੈਂਸ ਦੀ ਹੱਦ ਕੀ ਹੋਵੇਗੀ ਅਤੇ ਨਾ ਬੈਂਕ ਦੇ ਗ੍ਰਾਹਕ ਨੂੰ ਮੁਆਵਜ਼ੇ ਵਜੋਂ ਦਿੱਤੀ ਜਾਣ ਵਾਲੀ ਰਕਮ ਬਾਰੇ ਸਪੱਸ਼ਟ ਕੀਤਾ ਸੀ। ਹਾਲੇ ਵੀ ਉਹ ਵਿਚਾਰ ਛੱਡਿਆ ਨਹੀਂ ਗਿਆ।

ਇੱਕ ਹੋਰ ਗੱਲ ਨੋਟ ਕਰਨ ਵਾਲੀ ਹੈ ਤੇ ਉਹ ਇਹ ਕਿ ਕਿਸੇ ਏਦਾਂ ਦੀ ਅਣਸੁਖਾਵੀਂ ਸਥਿਤੀ ਵਿੱਚ ਆਪਣੇ ਬੈਂਕ ਤੋਂ ਪੈਸੇ ਮੰਗਣ ਦੀ ਥਾਂ ਗ੍ਰਾਹਕ ਨੂੰ ਉਸ ਲਿਕੁਈਡੇਟਰ ਕੋਲ ਅਰਜ਼ੀ ਦੇਣੀ ਪਵੇਗੀ, ਜਿਹੜਾ ਸਰਕਾਰ ਅਤੇ ਰਿਜ਼ਰਵ ਬੈਂਕ ਨੇ ਉਸ ਬੈਂਕ ਦੀ ਸਮਾਪਤੀ ਪ੍ਰਕਿਰਿਆ ਲਈ ਨਿਯੁਕਤ ਕੀਤਾ ਹੋਵੇਗਾ। ਅੱਗੋਂ ਉਹ ਲਿਕੁਈਡੇਟਰ ਜਦੋਂ ਕਿਸੇ ਗ੍ਰਾਹਕ ਦੇ ਪੈਸਿਆਂ ਦਾ ਕਲੇਮ ਇਸ ਗਾਰੰਟੀ ਕਾਰਪੋਰੇਸ਼ਨ ਨੂੰ ਭੇਜੇਗਾ, ਕਾਰਪੋਰੇਸ਼ਨ ਉਸ ਤਰੀਕ ਤੋਂ ਦੋ ਮਹੀਨਿਆਂ ਦੇ ਅੰਦਰ ਇਹ ਪੈਸੇ ਗ੍ਰਾਹਕ ਨੂੰ ਦੇਣ ਲਈ ਜ਼ਿਮੇਵਾਰ ਹੋਵੇਗੀ। ਗੱਲ ਸਾਰੀ ਲਿਕੁਈਡੇਟਰ ਉੱਤੇ ਨਿਰਭਰ ਕਰੇਗੀ। ਉਸ ਵੱਲੋਂ ਕਲੇਮ ਪਾਸ ਕਰਨ ਦੀ ਸਮਾਂ ਹੱਦ ਕੋਈ ਨਹੀਂ ਮਿਥੀ ਗਈ, ਜਿਸ ਕਰ ਕੇ ਆਪਣੇ ਕੇਸ ਪਾਸ ਕਰਵਾਉਣ ਲਈ ਲੋਕਾਂ ਨੂੰ ਭ੍ਰਿਸ਼ਟਾਚਾਰੀ ਤਰੀਕਿਆਂ ਦੀ ਵਰਤੋਂ ਕਰਨ ਵਾਲੇ ਅਫਸਰਾਂ ਅਤੇ ਦਲਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਇਸ ਤਰ੍ਹਾਂ ਦੁਖੀ ਲੋਕਾਂ ਦੀ ਹੋਰ ਵੀ ਖੱਜਲ-ਖੁਆਰੀ ਹੋਣ ਦੀ ਇੱਕ ਨਵੀਂ ਅਣ-ਚਾਹੀ ਗੁੰਜਾਇਸ਼ ਪੈਦਾ ਹੋ ਸਕਦੀ ਹੈ। ਜਿੰਨੀ ਜਾਣਕਾਰੀ ਮਿਲ ਸਕੀ, ਜਨਤਕ ਹਿੱਤ ਵਿੱਚ ਅਸੀਂ ਇਹ ਦੱਸੀ ਨਹੀਂ ਕਹਿ ਸਕਦੇ, ਦੱਸਣ ਦੀ ਕੋਸ਼ਿਸ਼ ਹੀ ਕੀਤੀ ਕਹਿ ਸਕਦੇ ਹਾਂ, ਇਸ ਦੇ ਬਾਅਦ ਵੀ ਇਸ ਵਿੱਚ ਕਚਿਆਈ ਰਹਿ ਜਾਵੇ ਤਾਂ ਅਗੇਤੀ ਖਿਮਾ ਚਾਹੁੰਦੇ ਹਾਂ।

# ਕੈਨੇਡਾ ਦੀ ਪੱਤਝੜ: ਰੰਗਾਂ ਦੀ ਲੀਲ੍ਹਾ



-ਪ੍ਰਿੰ. ਸਰਵਣ ਸਿੰਘ-



ਬਹਾਰ ਦਾ ਆਪਣਾ ਨਜ਼ਾਰਾ ਹੁੰਦੈ ਤੇ ਪੱਤਝੜ ਦਾ ਆਪਣਾ ਨਜ਼ਾਰਾ। ਕੈਨੇਡਾ ਦੀ ਪੱਤਝੜ ਦੇ ਨਜ਼ਾਰੇ ਬੜੇ ਹੁਸੀਨ ਹੁੰਦੇ ਹਨ। ਛਹਿਬਰ ਲੱਗ ਜਾਂਦੀ ਹੈ ਰੰਗਾਂ ਦੀ। ਕੁਦਰਤ ਦੀ ਰੰਗਲੀ ਲੀਲ੍ਹਾ ਰਚੀ ਜਾਂਦੀ ਹੈ! ਪਤਝੜ ਦੇ ਰੰਗ ਬਹਾਰ ਦੇ ਰੰਗਾਂ ਨੂੰ ਵੀ ਮਾਤ ਪਾ ਦਿੰਦੇ ਹਨ। ਰੰਗਾਂ ਦਾ ਜਲੌਅ ਵੀ ਚੜ੍ਹਦੇ ਤੋਂ ਚੜ੍ਹਦਾ, ਸ਼ੋਖ ਤੋਂ ਸ਼ੋਖ ਤੇ ਸੋਹਣੇ ਤੋਂ ਸੋਹਣਾ। ਮੈਂ ਅਕਤੂਬਰ ਦੀਆਂ ਰੰਗੀਨ ਸ਼ਾਮਾਂ ਨੂੰ ਛਿਪਦੇ ਸੂਰਜ ਦੀ ਲਾਲੀ ਵਿੱਚ ਰੱਖਾਂ ਦੀਆਂ ਪਹੀਆਂ ਉੱਤੇ ਸੈਰ ਕਰਦਾ ਹਾਂ ਤਾਂ ਰੁੱਖਾਂ/ਝਾੜੀਆਂ ਦੀਆਂ ਟਾਹਣੀਆਂ ਉੱਤੇ ਅਤੇ ਹੇਠਾਂ ਧਰਤੀ 'ਤੇ ਰੰਗਾਂ ਦੀ ਰਚੀ ਅਪਾਰ ਲੀਲ੍ਹਾ ਪਸਰੀ ਦਿਸਦੀ ਹੈ। ਅਨੇਕਾਂ ਰੰਗ ਹੁੰਦੇ ਹਨ ਪੱਤਿਆਂ, ਝਾੜੀਆਂ, ਫਲਾਂ-ਫੁੱਲਾਂ, ਘਾਹ-ਫੂਸ, ਰੁੱਖਾਂ-ਬੂਟਿਆਂ ਤੇ ਆਲੇ-ਦੁਆਲੇ ਰੰਗ ਵਟਾ ਰਹੀ ਬਨਸਪਤੀ ਦੇ। ਹੈਰਾਨੀ ਹੁੰਦੀ ਹੈ ਏਨੇ ਰੰਗ! ਖੜ੍ਹ-ਖੜ੍ਹ ਵੇਖੀਦੈ ਤੇ ਵੇਖ-ਵੇਖ ਤੁਰੀਦੈ। ਕੁਦਰਤ ਦੇ ਬਲਿਹ-ਾਰ ਜਾਈਦੈ। ਖਿੜਣ ਵੇਲੇ ਤਾਂ ਰੰਗਾਂ ਨੇ ਟਹਿਕਣਾ ਹੀ ਹੋਇਆ, ਇਹ ਤਾਂ ਮੁਰਝਾਉਣ ਲੱਗੇ ਵੀ ਟਹਿਕਦੇ ਨੇ!

ਧਰਤੀ ਦੇ ਰੰਗ ਵੇਖਦਿਆਂ ਕਦੇ-ਕਦੇ ਨਿਗ੍ਹਾ ਉਪਰ ਅੰਬਰ ਵੱਲ ਵੀ ਉਠ ਜਾਂਦੀ ਹੈ। ਅਸਮਾਨ 'ਚ ਤੈਰਦੀਆਂ ਤਿੱਤਰ-ਖੰਭੀਆਂ ਬੱਦਲੀਆਂ ਕਦੇ ਬੱਗੀਆਂ, ਕਦੇ ਕਾਲੀਆਂ ਤੇ ਕਦੇ ਸਾਂਵਲੀਆਂ ਹੋ ਜਾਂਦੀਆਂ ਹਨ। ਕਦੇ ਸੂਰਜ ਦੀ ਲਿਸ਼ਕੋਰ ਵਿੱਚ ਸੰਤਰੀ ਭਾਅ ਮਾਰਦੀਆਂ ਹਨ। ਲੱਗਦੈ ਜਿਵੇਂ ਬੱਦਲੀਆਂ ਦੀਆਂ ਕੰਨੀਆਂ ਨੂੰ ਗੁਲਾਨਾਰੀ ਗੋਟਾ-ਕਿਨਾਰੀ ਲੱਗੀ ਹੋਵੇ। ਜਿਵੇਂ ਸੁਹ-ਪਣ ਦੀਆਂ ਮਤਾਬੀਆਂ ਜਗ ਰਹੀਆਂ ਹੋਣ। ਉਡਦੇ ਪੰਖੇਰੀਆਂ ਦੇ ਖੰਭ ਪਲ-ਪਲ ਰੰਗ ਵਟਾਉਂਦੇ ਲੱਗਦੇ ਹਨ। ਕਦੇ ਕਾਲੇ, ਕਦੇ ਚਿੱਟੇ, ਕਦੇ ਕੇਸਰੀ ਤੇ ਕਦੇ ਕਪਾਹੀ ਦਿਸਦੇ ਹਨ। ਕਦੇ ਉੱਘੜਵੇਂ, ਕਦੇ ਮੱਧਮ, ਕਦੇ ਨਿੱਖਰੇ ਤੇ ਕਦੇ ਘਸਮੈਲੇ। ਹੇਠਾਂ ਰੁੱਖਾਂ ਅਤੇ ਵੇਲਾਂ-ਬੂਟਿਆਂ ਉਤੇ ਰੰਗ ਖੇਡਦੇ ਹਨ, ਉੱਤੇ ਬੱਦਲਾਂ ਅਤੇ ਪੰਛੀਆਂ ਦੇ ਖੰਭਾਂ 'ਤੇ ਰੰਗ ਕਲੋਲਾਂ ਕਰਦੇ ਹਨ। ਦਿਲ ਕੂਕ ਉਠਦੇ, ਸੁਭਾਨ ਤੇਰੀ ਕੁਦਰਤ!

ਕਦੇ ਕਦੇ ਮੈਨੂੰ ਪੰਜਾਬ ਦੇ ਧਰਤ-ਦ੍ਰਿਸ਼ ਯਾਦ ਆਉਣ ਲਗਦੇ ਹਨ। ਮੈਂ ਪੰਜਾਬ ਦੀਆਂ ਰੁੱਤਾਂ ਵੇਖਦਾ ਹੀ ਵੱਡਾ ਹੋਇਆ ਹਾਂ। ਰੰਗ ਵਟਾਉਂਦੀ ਪ੍ਰਕਿਰਤੀ ਮੈਨੂੰ ਹਮੇਸ਼ਾਂ ਸਰਸ਼ਾਰ ਕਰਦੀ ਰਹੀ ਹੈ। ਪੰਜਾਬ ਦੀਆਂ ਹਰੀਆਂ ਭਰੀਆਂ ਪੈਲੀਆਂ ਦੇ ਰੰਗ ਵੀ ਕਮਾਲ ਦੇ ਨੇ। ਦੂਰ-ਦਿਸਹੱਦਿਆਂ ਤਕ ਝੋਨਿਆਂ ਦੀ ਹਰਿਆਵਲ ਦਾ ਲਹਿਲਹਾਉਣਾ, ਬੰਬੀਆਂ ਦੀਆਂ ਚਾਂਦੀ-ਰੰਗੀਆਂ ਧਾਰਾਂ ਦਾ ਵਹਿਣਾ, ਚਰ੍ਹੀਆਂ ਦੀ ਮਿੱਠੀ ਮਹਿਕ, ਬਾਜਰੇ ਦੇ ਗੁੰਦਵੇਂ ਸਿੱਟੇ, ਮੱਕੀ ਦੇ ਬੁੰਬਲਦਾਰ ਬਾਵੂ, ਹਰੇ ਭਰੇ ਲੂਸਣ, ਬਰਸੀਮ, ਵਗਦੀਆਂ ਆੜਾਂ ਦੀ ਲਿਸ਼ਕ ਤੇ ਗਿੱਲੀ ਮਿੱਟੀ ਦੀ ਖ਼ੁਸ਼ਬੋ, ਸੁਨਹਿਰੀ ਕਣਕਾਂ ਦਾ ਝੂੰਮਣਾ ਤੇ ਸੂਰਜਮੁਖੀ ਦੇ ਫੁੱਲਾਂ ਦਾ ਦਗਦੇ ਸੁਨਹਿਰੇ ਰੰਗਾਂ ਨਾਲ ਮੂੰਹ ਵਿਖਾਉਣਾ ਕਦੇ ਨਹੀਂ ਭੁੱਲਿਆ। ਸਰਵ੍ਹਾਂ ਦੇ ਪੀਲੇ ਫੁੱਲਾਂ ਦੀ ਬਹਾਰ ਦਾ ਆਪਣਾ ਰੰਗ ਹੈ ਤੇ ਤਿਲਾਂ ਦੇ ਚਿੱਟੇ ਅਤੇ ਅਲਸੀ ਦੇ ਅਲਸਾਏ ਫੁੱਲਾਂ ਦਾ ਆਪਣਾ। ਤਦੇ ਤਾਂ ਲੋਕ ਗੀਤ ਜੁੜਿਆ: ਨਣਦ ਚੱਲੀ ਮੁਕਲਾਵੇ ਅਲਸੀ ਦੇ ਫੁੱਲ ਵਰਗੀ। ਮੈਂ ਵੀ ਕਦੇ ਸਿਰੇ ਦੇ ਸ਼ੌਕੀ ਅਥਲੀਟ ਮਹਿੰਦਰ ਸਿੰਘ ਗਿੱਲ ਦੇ ਰੇਖਾ ਚਿੱਤਰ ਦਾ ਨਾਂ 'ਅਲਸੀ ਦਾ ਫੁੱਲ' ਹੀ ਰੱਖਿਆ ਸੀ।

ਮੈਨੂੰ ਉਹ ਦ੍ਰਿਸ਼ ਮੁੜ-ਮੁੜ ਦਿਖਾਈ ਦਿੰਦੇ ਨੇ ਜਦੋਂ ਟਿੱਬਿਆਂ ਉਤੋਂ ਦੀ ਛਿਪਦਾ ਸੰਧੂਰੀ ਸੂਰਜ ਕਿਸੇ ਕਾਲੀ ਕਿੱਕਰ ਦੇ ਦੁਸਾਂਗ ਉੱਤੇ ਠੋਡੀ ਰੱਖ ਕੇ ਝਾਤ ਕਰਦਾ ਤੇ ਸਵੇਰਸਾਰ ਸੁਨਹਿਰੀ ਕਿਰਨਾਂ ਦਾ ਛੱਟਾ ਦਿੰਦਾ ਫਿਰ ਹਾਜ਼ਰ ਹੋ ਜਾਂਦਾ। ਉਹਦੀਆਂ ਲਿਸ਼ਕਦੀਆਂ ਕਿਰਨਾਂ ਵਿੱਚ ਕਣਕਾਂ ਦੇ ਹਰੇ ਕਚੂਰ ਪੱਤਿਆਂ ਨਾਲ ਲਟਕਦੇ ਤ੍ਰੇਲ ਤੁਪਕੇ ਅਨੇਕਾਂ ਰੰਗਾਂ 'ਚ ਚਮਕਦੇ। ਕਦੇ ਉਹ ਹੀਰੇ ਮੋਤੀ ਬਣ ਜਾਂਦੇ ਤੇ ਉਨ੍ਹਾਂ 'ਚ ਪਈਆਂ ਸੱਤਰੰਗੀਆਂ ਪੀਂਘਾਂ ਦੇ ਹੁਲ੍ਹਾਰੇ ਨੱਚਦੇ ਦਿਸਦੇ। ਨ੍ਹਾਤੇ ਧੋਤੇ ਪੱਤਿਆਂ 'ਤੇ ਮੋਰ ਦੀ ਧੌਣ ਤੇ ਕਲਗੀ ਵਰਗੀ ਸਾਵੀ-ਸੁਨਹਿਰੀ ਭਾਅ ਲਿਸ਼ਕਦੀ। ਲਵੀਆਂ ਕਣਕਾਂ ਤੋਤੇਰੰਗੀ ਸ਼ਨੀਲ ਦੀ ਭਾਅ ਮਾਰਦੀਆਂ। ਸੂਰਜ ਦੀ ਲਿਸ਼ਕੋਰ ਵਿੱਚ ਇਹ ਭਾਅ ਮੇਰੇ ਨਾਲ-ਨਾਲ ਤੁਰੀ ਜਾਂਦੀ।

ਪੰਜਾਬ ਤੋਂ ਕੈਨੇਡਾ ਆ ਕੇ ਜਦੋਂ ਮੈਂ ਕੈਨੇਡਾ ਦੀ ਪਤਝੜ ਦੇ ਅਨੰਤ ਰੰਗ ਵੇਖਣ ਲੱਗਾ ਹਾਂ ਤਾਂ ਕੁਦਰਤ ਦੇ ਹੋਰ ਵੀ ਬਲਿਹਾਰੇ ਜਾਣ ਨੂੰ ਜੀਅ ਕਰਦੈ। ਬਾਬੇ ਦੀ ਬਾਣੀ ਵੀ ਕਹਿੰਦੀ ਹੈ: ਬਲਿਹਾਰੀ ਕੁਦਰਤ ਵੱਸਿਆ, ਤੇਰਾ ਅੰਤ ਨਾ ਜਾਈ ਲੱਖਿਆ। ਏਥੇ ਕਿਸੇ ਉੱਚੇ ਥਾਂ ਖੜ੍ਹ ਕੇ ਹੇਠਾਂ ਪਸਰੀਆਂ ਰੱਖਾਂ ਤੇ ਢਲਵਾਣਾਂ 'ਤੇ ਝਾਤ ਮਾਰਦਾ ਹਾਂ ਤਾਂ ਰੰਗਾਂ ਦੀ ਦਿਵਾਲੀ ਜਗਦੀ ਜਾਪਦੀ ਹੈ। ਅਨੇਕਾਂ ਰੰਗਾਂ ਦੀਆਂ ਫੁੱਲਝੜੀਆਂ ਚੱਲਦੀਆਂ ਮਲੂਮ ਹੁੰਦੀਆਂ ਹਨ। ਰੰਗਾਂ ਦੀ ਆਤਸ਼ਬਾਜ਼ੀ, ਉਪਰ ਆਕਾਸ਼ ਵਿੱਚ ਨਹੀਂ ਧਰਤੀ 'ਤੇ ਹੋ ਰਹੀ ਲੱਗਦੀ ਹੈ। ਕਦੇ-ਕਦੇ ਮੈਂ ਰੁੱਖਾਂ ਬੂਟਿਆਂ ਤੇ ਫੁੱਲਾਂ ਝਾੜੀਆਂ ਕੋਲ ਖੜ੍ਹ ਕੇ ਉਨ੍ਹਾਂ ਦੇ ਰੰਗ ਨਿਹਾਰਦਾ ਹੈਰਾਨ ਹੁੰਨਾਂ ਕਿ ਕੁਦਰਤ ਨੇ ਏਨੇ ਰੰਗ ਬਖ਼ਸ਼ੇ ਕਿਥੋਂ ਨੇ? ਕਿਹਾ ਜਾਂਦਾ ਹੈ ਕਿ ਕਾਲਾ, ਚਿੱਟਾ, ਹਰਾ, ਲਾਲ ਤੇ ਨੀਲਾ ਮੁੱਖ ਰੰਗ ਹਨ। ਓਲੰਪਿਕ ਖੇਡਾਂ ਦੇ ਝੰਡੇ 'ਤੇ ਵੀ ਇਨ੍ਹਾਂ ਰੰਗਾਂ ਦੇ ਹੀ ਚੱਕਰ ਪਰੋਏ ਹਨ। ਇਹ ਵੀ ਕਿਹਾ ਜਾਂਦੈ ਕਿ ਸਾਰੇ ਰੰਗ ਇਨ੍ਹਾਂ ਦੇ ਘੁਲਣ ਮਿਲਣ 'ਚੋਂ ਹੀ ਨਿਕਲੇ ਹਨ। ਤੇ ਉਹ ਏਨੇ ਰੰਗ ਬਣ ਗਏ ਹਨ ਕਿ ਗਿਣਤੀ ਹੀ ਕੋਈ ਨਹੀਂ। ਹਰ ਬੋਲੀ 'ਚ ਇਨ੍ਹਾਂ ਰੰਗਾਂ ਦੇ ਵੱਖ-ਵੱਖ ਨਾਂ ਰੱਖੇ ਹੋਏ ਹਨ। ਰੰਗਾਂ ਦੀ ਸ਼ਨਾਖ਼ਤ ਕਰਨ ਵਿੱਚ ਪੰਜਾਬੀ ਭਾਸ਼ਾ ਵੀ ਕਿਸੇ ਤੋਂ ਘੱਟ ਨਹੀਂ।

ਸੈਰ ਕਰਦਾ ਮੈਂ ਵੇਖਦਾ ਹਾਂ ਕਿਸੇ ਪੱਤੇ/ਪੱਤੀ, ਫਲ/ਫੁੱਲ ਤੇ ਝਾੜ/ਝਾੜੀ ਦਾ ਰੰਗ ਸੁਰਮਈ ਹੈ, ਕਿਸੇ ਦਾ ਅੰਗੂਰੀ, ਕਿਸੇ ਦਾ ਦਾਖੀ, ਕਿਸੇ ਦਾ ਅੰਬਰੀ ਤੇ ਕਿਸੇ ਦਾ ਕਥਈ। ਕੋਈ ਬਲੰਭਰੀ ਹੈ, ਕੋਈ ਦਾਲਚੀਨੀ, ਕੋਈ ਮੂੰਗੀਆ, ਕੋਈ ਫਿਰੋਜ਼ੀ ਤੇ ਕੋਈ ਅੰਡਰਈ। ਕਿਸੇ ਦਾ ਗੁਲਾਬਾਸੀ, ਕਿਸੇ ਦਾ ਦੂਧੀਆ, ਕਿਸੇ ਦਾ ਰਾਣੀ ਕਲਰ, ਕਿਸੇ ਦਾ ਕਰੀਮ ਕਲਰ, ਕੋਈ ਕੱਚਾ ਪੀਲਾ, ਕੋਈ ਪੱਕਾ ਪੀਲਾ, ਕੋਈ ਸ਼ਬਨਮੀ, ਕੋਈ ਸੰਦਲੀ, ਕੋਈ ਲੂਸਣੀ, ਕੋਈ ਲਾਖਾ, ਕੋਈ ਸਾਵਾ, ਕੋਈ ਬੱਗਾ, ਕੋਈ ਬੂਰਾ, ਕੋਈ ਚਿਤਕ-ਬਰਾ, ਕੋਈ ਮਟਮੈਲਾ, ਘਸਮੈਲਾ ਤੇ ਕੋਈ ਅਰਬੀ ਹੈ। ਕਿਸੇ ਦਾ ਰੰਗ ਮੋਰਪੰਖੀਆ, ਕਿਸੇ ਦਾ ਗੁਲਮੋਹਰੀ, ਕਿਸੇ ਦਾ ਯਾਕੂਤੀ ਤੇ ਕਿਸੇ ਦਾ ਸ਼ਰਬਤੀ!

ਖਿਲਰੇ ਹੋਏ ਪੱਤਿਆਂ ਤੇ ਖਿੜੇ ਹੋਏ ਫੁੱਲਾਂ ਦੀਆਂ ਪੱਤੀਆਂ ਦੇ ਰੰਗ, ਫਲਾਂ ਦੇ ਰੰਗ, ਰਾਹ ਜਾਂਦਿਆਂ ਨੂੰ ਰੋਕਦੇ ਹਨ। ਕਿਤੇ ਗੂੜ੍ਹੇ ਰੰਗਾਂ ਦੇ ਪੱਕੇ ਫਲ ਦਿਸਦੇ ਹਨ ਤੇ ਕਿਤੇ ਹਲਕੇ ਰੰਗਾਂ ਦੇ ਕੱਚੇ ਫਲ। ਕਿਸੇ ਫਲ ਦਾ ਰੰਗ ਅਨਾਰੀ ਹੈ, ਕਿਸੇ ਦਾ ਬਦਾਮੀ, ਕਿਸੇ ਦਾ ਬਿਸਕੁਟੀ, ਕਿਸੇ ਦਾ ਗਾਜਰੀ ਤੇ ਕਿਸੇ ਦਾ ਸੰਤਰੀ। ਝਾੜੀਆਂ ਨੂੰ ਲੱਗੇ ਮਲ੍ਹਿਆਂ ਦੇ ਬੇਰਾਂ ਵਰਗੇ ਨਿੱਕੇ ਸੁਰਖ਼ ਫਲ ਖਾਣ ਨੂੰ ਜੀਅ ਕਰਦਾ ਹੈ। ਸੰਧੂਰੀ ਅੰਬੀਆਂ ਵਰਗੇ ਰੱਤੇ ਸੇਬ ਲੱਗੇ ਹੁੰਦੇ ਨੇ ਕਈ ਥਾਂਈਂ। ਕਦੇ-ਕਦੇ ਤੋੜ ਵੀ ਬਹੀਦੈ। ਝਾੜੀਆਂ ਦੇ ਪੱਤੇ ਭਾਵੇਂ ਨਿੱਕੇ ਹੁੰਦੇ ਹਨ ਪਰ ਉਨ੍ਹਾਂ ਦੇ ਰੰਗਾਂ ਦਾ ਵੀ ਅੰਤ ਨਹੀਂ। ਟਾਹਣੀਓਂ ਟੁੱਟ ਕੇ ਤਾਂ ਉਹ ਹੋਰ ਹੀ ਰੰਗ ਵਟਾ ਲੈਂਦੇ ਹਨ। ਕਿਸੇ ਦਾ ਪੱਤੀ ਦਾ ਰੰਗ ਮੋਤੀਆ, ਕਿਸੇ ਦਾ ਬਡਮੋਤੀਆ, ਕਿਸੇ ਦਾ ਕੱਦੂਮੋਤੀਆ, ਕਿਸੇ ਦਾ ਕਪੂਰੀ, ਕਿਸੇ ਦਾ ਘਿਉਕਪੂਰੀ, ਕਿਸੇ ਦਾ ਪਿਆਜ਼ੀ ਤੇ ਕਿਸੇ ਦਾ ਹਵਾਪਿਆਜ਼ੀ। ਸ਼ਾਮ ਨੂੰ ਕਈ ਸੱਜਣ ਉਂਜ ਹੀ ਹਵਾਪਿਆਜ਼ੀ ਹੋਏ ਮਿਲਦੇ ਹਨ!

ਕੈਨੇਡਾ ਦਾ ਰਾਜਰੁੱਖ ਮੇਪਲ ਟ੍ਰੀ ਹੈ। ਮੇਪਲ ਦਾ ਪੱਤਾ ਕੈਨੇਡਾ ਦੇ ਰਾਸ਼ਟਰੀ ਝੰਡੇ 'ਤੇ ਅੰਕਿਤ ਹੈ। ਕੈਨੇਡਾ ਵਿੱਚ ਉਂਜ ਵੀ ਮੇਪਲ ਰੁੱਖਾਂ ਦੀ ਭਰਮਾਰ ਹੈ। ਰੁੱਖ ਭਾਵੇਂ ਕੋਈ ਵੀ ਹੈ ਪੱਤੇ ਉਹਦੇ ਮੇਪਲ ਵਰਗੇ ਹੀ ਲੱਗਦੇ ਹਨ। ਪੱਤਝੜ ਵਿੱਚ ਮੇਪਲ ਦੇ ਪੱਤੇ ਵੀ ਅਨੇਕਾਂ ਰੰਗ ਵਟਾਉਂਦੇ ਹਨ। ਮੇਪਲ ਜਦੋਂ ਹਰਿਆ ਭਰਿਆ ਹੋਵੇ ਤਾਂ ਤੋਤੇਰੰਗਾ ਹੁੰਦੈ ਜਿਨ੍ਹਾਂ 'ਚ ਤੋਤੇ ਲੁਕ ਵੀ ਸਕਦੇ ਨੇ। ਫਿਰ ਇਸ ਦੇ ਪੱਤੇ ਕਦੇ ਤਰਬੂਜ਼ੀਆ, ਕਦੇ ਬੈਂਗਣੀ, ਕਦੇ ਜਾਮਣੀ ਕਦੇ ਮਹਿੰਦੀਰੰਗੇ, ਕਦੇ ਨਸਵਾਰੀ ਤੇ ਕਦੇ ਲਾਜਵਰੀ ਰੰਗਾਂ 'ਚ ਰੰਗੇ ਜਾਂਦੇ ਨੇ। ਪੱਤਝੜ ਦੀ ਰੁੱਤ ਜਦੋਂ ਸ਼ੁਰੂ ਹੁੰਦੀ ਹੈ ਉਦੋਂ ਪੱਤੇ ਅਤੇ ਫੁੱਲ, ਰੁੱਖਾਂ ਅਤੇ ਬੂਟਿਆਂ ਉੱਤੇ ਹੀ ਰੰਗ ਵਟਾਉਂਦੇ ਰਹਿੰਦੇ ਹਨ। ਰੁੱਖ ਇੰਜ ਲੱਗਦੇ ਹਨ ਜਿਵੇਂ ਰੰਗ ਬਰੰਗੀਆਂ ਚੀਨੀ/ਜਪਾਨੀ ਛਤਰੀਆਂ ਤਾਣੀਆਂ ਹੋਈਆਂ ਹੋਣ। ਜਦੋਂ ਪਤਝੜ ਪੱਤੇ ਝਾੜਨ 'ਤੇ ਆਉਂਦੀ ਹੈ ਤਾਂ ਪੱਤੇ ਧਰਤੀ 'ਤੇ ਡਿੱਗ ਕੇ ਹੋਰ ਵੀ ਰੰਗ ਵਟਾਉਂਦੇ ਹਨ। ਧਰਤੀ 'ਤੇ ਡਿੱਗੇ ਪਏ ਪੱਤਿਆਂ ਤੇ ਫੁੱਲ-ਪੱਤੀਆਂ 'ਤੇ ਝਾਤ ਮਾਰੀਏ ਤਾਂ ਇਉਂ ਲੱਗਦੈ ਜਿਵੇਂ ਰੰਗੀਨ ਫੁਲਕਾਰੀਆਂ ਵਿਛਾ ਰੱਖੀਆਂ ਹੋਣ। ਉਨ੍ਹਾਂ ਵਿੱਚ ਅਸਮਾਨੀ ਰੰਗ ਵੀ ਹੁੰਦੇ ਹਨ, ਸਰ੍ਹੋਂਫੁੱਲੇ ਵੀ, ਊਦੇ ਵੀ, ਮੋਰਪੰਖੀਏ ਵੀ, ਗਿੱਦੜਰੰਗੇ ਵੀ ਤੇ ਘੁੱਗੀਰੰਗੇ ਵੀ। ਕਿਸੇ ਪੱਤੇ ਦਾ ਰੰਗ ਕਾਸ਼ਨੀ ਹੁੰਦੈ, ਕਿਸੇ ਦਾ ਭਗਵਾਂ, ਕਿਸੇ ਦਾ ਗੇਰੂਆ, ਕਿਸੇ ਦਾ ਗੁਲਾਨਾਰੀ, ਕਿਸੇ ਦਾ ਉਨਾਬੀ, ਕਿਸੇ ਦਾ ਜਾਮਣੀ, ਕਿਸੇ ਦਾ ਗੁਲਾਬੀ, ਕਿਸੇ ਦਾ ਕਬੂਤਰੀ ਤੇ ਕਿਸੇ ਦਾ ਕਿਰਮਚੀ।

ਇੱਕ ਦਿਨ ਬੱਦਲ ਛਾਏ ਹੋਏ ਸਨ। ਮੈਂ ਬਾਰੀ 'ਚੋਂ ਬਾਹਰ ਵੇਖਿਆ, ਅੰਬਰ ਸੁਰਮਈ/ਸਲੇਟੀ ਹੋਇਆ ਪਿਆ ਸੀ। ਗੂੜ੍ਹੇ ਬੱਦਲਾਂ 'ਤੇ ਕਾਲੋਂ ਫਿਰੀ ਹੋਈ ਸੀ। ਬੱਦਲ ਖਿੰਡੇ ਤਾਂ ਚੁਫੇਰੇ ਚਿੱਟਾ/ਸਫੈਦ ਚਾਨਣ ਹੋ ਗਿਆ। ਸੂਰਜ ਦੀਆਂ ਧੁਪੀਲੀਆਂ ਕਿਰਨਾਂ ਨਾਲ ਬਨਸਪਤੀ ਦੇ ਰੰਗ ਫਿਰ ਜਗ ਪਏ। ਪੌਣਾਂ ਵਿੱਚ ਵੀ ਜਿਵੇਂ ਮਹਿਕਾਂ ਘੁਲ ਗਈਆਂ ਹੋਣ। ਹਵਾ ਦੀ ਸਰਸਰਾਹਟ ਟੂਣੇਹਾਰੀ ਲੱਗਣ ਲੱਗੀ। ਲੱਗਾ ਜਿਵੇਂ ਪੌਣ ਬਾਰੀਆਂ 'ਚੋਂ ਬਣ ਠਣ ਕੇ ਲੰਘਦੀ ਹੋਵੇ। ਮੈਨੂੰ ਬਾਰੀ 'ਚੋਂ ਅੰਬਰ ਦੇ ਅਸਮਾਨੀ ਰੰਗਾਂ ਹੇਠਾਂ ਬਨਸਪਤੀ ਦੇ ਕਿਧਰੇ ਜੋਗੀਆ, ਕਿਧਰੇ ਅੰਬਰਸੀਆ, ਕਿਧਰੇ ਗਾਜਰੀ, ਕਿਧਰੇ ਲਸੂੜੀਆ, ਕਿਧਰੇ ਨਾਸ਼ਪਾਤੀ ਤੇ ਕਿਧਰੇ ਕਾਸ਼ਨੀ ਰੰਗਾਂ ਦੇ ਦਰਸ਼ਨ ਹੋਏ। ਸੁੱਕੀ ਭੋਇੰ ਦਾਖੀ ਤੇ ਖਾਕੀ ਜਿਹੀ ਦਿਸ ਰਹੀ ਸੀ। ਛੰਭ ਦਾ ਪਾਣੀ ਭਾਵੇਂ ਮਟਮੈਲਾ ਸੀ ਪਰ ਝੀਲ ਦਾ ਪਾਣੀ ਨੀਲਾ ਤੇ ਨਿਰਮਲ ਸੀ। ਫੁਹਾਰਿਆਂ ਵਿੱਚੋਂ ਚਾਂਦੀਰੰਗੇ, ਤਾਂਬੇਰੰਗੇ ਤੇ ਸੋਨਰੰਗੇ ਪਾਣੀ ਦੀਆਂ ਬੁਛਾੜਾਂ ਪੈ ਰਹੀਆਂ ਸਨ। ਧੁੱਪ ਗੋਰੀ-ਗੋਰੀ ਸੀ ਤੇ ਛਾਂ ਸਾਂਵਲੀ-ਸਾਂਵਲੀ। ਮਧਰੀਆਂ ਝਾੜੀਆਂ ਹਰੀਆਂ ਚੁੰਨੀਆਂ ਓੜੀ ਘੁੰਡ ਕੱਢੀ ਖੜ੍ਹੀਆਂ ਸਨ। ਪੱਤਿਆਂ 'ਚ ਟਹਿਕ ਸੀ ਤੇ ਫੁੱਲਾਂ 'ਚ ਮਹਿਕ। ਅਗੱਸਤ ਸਤੰਬਰ ਦੀ ਹੁੰਮਸ ਅਕਤੂਬਰ ਦੀ ਮੱਠੀ-ਮੱਠੀ ਠਾਰੀ ਵਿੱਚ ਬਦਲ ਗਈ ਸੀ।

ਕੈਨੇਡਾ ਦੀਆਂ ਚਾਰ ਰੁੱਤਾਂ ਵਿੱਚ ਸਭ ਤੋਂ ਦੁਸ਼ਵਾਰ ਰੁੱਤ ਸਰਦੀ ਦੀ ਗਿਣੀ ਜਾਂਦੀ ਹੈ। ਉਦੋਂ ਟੋਰਾਂਟੋ ਵੱਲ ਬਰਫ਼ਾਂ ਪੈ ਜਾਂਦੀਆਂ ਹਨ। ਬਾਹਰ ਨਿਕਲਦਿਆਂ ਹੱਡ ਪੈਰ ਠਰਦੇ ਹਨ। ਉਦੋਂ ਬਾਰੀ ਤੋਂ ਬਾਹਰ ਬਰਫ਼ਾਂ ਦਾ ਚਿੱਟਾ ਸਫ਼ੈਦ ਰੰਗ ਦਿਸਦਾ ਹੈ ਜਾਂ ਸੁੱਕੇ ਰੱਖਾਂ ਤੇ ਨੰਗੀਆਂ ਟਾਹਣੀਆਂ ਦਾ ਭੂਰਾ ਭੂਸਲਾ। ਉਦੋਂ ਰੰਗਾਂ ਵਿੱਚ ਵਿਲੱਖਣਤਾ ਨਹੀਂ ਹੁੰਦੀ। ਰੰਗਾਂ ਦਾ ਜਲੌਅ ਨਹੀਂ ਦਿਸਦਾ, ਰੰਗਾਂ ਦੀ ਹੋਲੀ ਨਹੀਂ ਹੁੰਦੀ। ਰੰਗ ਬਹਾਰ ਦੀ ਰੁੱਤ ਵਿੱਚ ਉਗਮਦੇ ਹਨ ਤੇ ਗਰਮੀਆਂ ਦੇ ਦਿਨਾਂ 'ਚ ਪੱਕਦੇ ਹਨ। ਬਹਾਰ ਸੋਹਣੀ ਹੈ ਤੇ ਗਰਮੀ ਸੁਖਾਵੀਂ। ਪਰ ਪਤਝੜ ਦਾ ਜਲਵਾ ਵੀ ਕਿਸੇ ਤੋਂ ਘੱਟ ਨਹੀਂ। ਤਦੇ ਤਾਂ ਸ਼ੁਰੂ 'ਚ ਕਿਹਾ ਸੀ ਕਿ ਕੈਨੇਡਾ ਦੀ ਪਤਝੜ ਦੇ ਨਜ਼ਾਰੇ ਵੀ ਹੁਸੀਨ ਹੁੰਦੇ ਹਨ। ਕਹਿਣ ਵਾਲਾ ਤਾਂ ਇਹ ਵੀ ਹੈ ਕਿ 'ਗੁਰੀਬਣੀ' ਕਹੀ ਜਾਂਦੀ ਸਾਡੀ ਮਾਂ ਬੋਲੀ ਪੰਜਾਬੀ 'ਚ ਰੰਗਾਂ ਦੇ ਨਾਂ ਰੱਖਣ ਵਾਲਿਆਂ ਦੇ ਵੀ ਕਿਆ ਕਹਿਣੇ! ਰੰਗਾਂ ਦੇ ਸੌ ਕੁ ਨਾਂ ਤਾਂ ਰੱਖੇ ਹੀ ਗਏ ਹਨ। ਮੈਂ ਕੈਨੇਡਾ ਦੀ ਪੱਤਝੜ ਨੂੰ ਸਿਰ ਨਿਵਾਉਂਦਾ ਹਾਂ ਜਿਸ ਨੇ ਮੈਨੂੰ ਸਾਡੀ ਮਾਂ-ਬੋਲੀ ਦੇ ਭੁੱਲ ਰਹੇ ਰੰਗਾਂ ਦੇ ਨਾਂ ਮੁੜ ਚੇਤੇ ਕਰਾ ਦਿੱਤੇ ਹਨ।

# ਪੰਜਾਬ, ਪਰਵਾਸ ਅਤੇ ਬਾਲ ਮਨ

-ਤਰਲੋਚਨ ਸਿੰਘ

ਵੱਡੇ ਪੱਧਰ ਉੱਤੇ ਹੋ ਰਹੇ ਪਰਵਾਸ ਨਾਲ ਪੰਜਾਬ ਖਾਲੀ ਹੋ ਰਿਹਾ ਹੈ। ਬੱਚੇ ਵਿਦੇਸ਼ਾਂ ਜਾਣ ਨੂੰ ਕਹਾਲੇ ਹਨ। ਪੰਜਾਬ ਵਿੱਚ ਵਿਦੇਸ਼ ਭੇਜਣ ਵਾਲੇ ਏਜੰਟਾਂ ਦਾ ਹੜ੍ਹ ਆਇਆ ਪਿਆ ਹੈ। ਪਰਵਾਸ ਕਾਰਨ ਪੰਜਾਬ ਬਜ਼ੁਰਗ ਘਰ ਤੇ ਵਿਰਲਾਪ ਨਾਲ ਭਰਿਆ ਖਿੱਤਾ ਬਣ ਰਿਹਾ ਹੈ। ਚੰਗੇ ਪੜ੍ਹੇ-ਲਿਖੇ ਪੁੱਤ ਤੇ ਧੀਆਂ ਦੇ ਵਿਦੇਸ਼ੀਂ ਜਾਣ ਨਾਲ ਸੂਬੇ ਵਿੱਚ ਨਵੀਂ ਤਰ੍ਹਾਂ ਦਾ ਖਲਾਅ ਪੈਦਾ ਹੋ ਰਿਹਾ ਹੈ। ਪੰਜਾਬ ਦਾ ਵੱਡਾ ਸਰਮ-ਾਇਆ ਵਿਦਿਆਰਥੀ ਵੀਜ਼ਿਆਂ ਦੀ ਭੇਟ ਚੜ੍ਹ ਕੇ ਜਹਾਜ਼ ਭਰ ਕੇ ਵਿਦੇਸ਼ਾਂ ਵਿੱਚ ਉਡਾਰੀ ਮਾਰ ਰਿਹਾ ਹੈ। ਕਈ ਪਿੰਡਾਂ ਵਿਚਲੀਆਂ ਜਹਾਜ਼ਾਂ ਵਰਗੀਆਂ ਕੋਠੀਆਂ ਧੂੜ ਨਾਲ ਲਿੱਬੜੀਆਂ ਖੰਡਰਾਂ ਦਾ ਰੂਪ ਧਾਰ ਰਹੀਆਂ ਹਨ ਅਤੇ ਵਿਦੇਸ਼ ਗਏ ਲੋਕ ਇਨ੍ਹਾਂ ਕੋਠੀਆਂ ਨੂੰ ਵੀ ਭੁੱਲ-ਭੁਲਾ ਗਏ ਜਾਪਦੇ ਹਨ।

ਏਜੰਟਾਂ ਦੇ ਜਾਲ ਵਿੱਚ ਫਸੇ ਪੰਜਾਬੀਆਂ ਦੀਆਂ ਦੁੱਖ ਭਰੀਆਂ ਕਹਾਣੀਆਂ ਰੋਜ਼ ਮੀਡੀਆ ਵਿੱਚ ਸੁਰਖੀਆਂ ਬਣਦੀਆਂ ਹਨ। ਜਿਵੇਂ ਪੰਜਾਬ ਦੇ ਬੇਰੁਜ਼ਗਾਰ ਸਰਕਾਰ ਕੋਲੋਂ ਨੌਕਰੀਆਂ ਹਾਸਲ ਕਰਨ ਲਈ ਟੈਂਕੀਆਂ ਉਪਰ ਚੜ੍ਹ ਕੇ ਪਿੱਟ-ਸਿਆਪਾ ਕਰ ਰਹੇ ਹਨ, ਉਸੇ ਤਰ੍ਹਾਂ ਏਜੰਟਾਂ ਦੇ ਠੱਗੇ ਪੰਜਾਬੀ ਉਨ੍ਹਾਂ ਦੇ ਦਫਤਰਾਂ ਅੱਗੇ ਧਰਨੇ ਮਾਰਦੇ ਦੇਖੇ ਜਾਂਦੇ ਹਨ। ਏਜੰਟਾਂ ਦੀਆਂ ਠੱਗੀਆਂ ਦੇ ਕੇਸ ਥਾਣਿਆਂ ਦੇ ਵਿਹੜਿਆਂ ਵਿੱਚ ਪੁਲਸ ਲਈ 'ਸ਼ਿੰਗਾਰ' ਬਣੇ ਪਏ ਹਨ। ਇਸ ਵਕਤ ਪੰਜਾਬ ਦੇ ਪਾਸਪੋਰਟ ਦਫਤਰ ਸਭ ਤੋਂ ਸਭ ਤੋਂ ਵੱਧ 'ਰੌਣਕਾਂ' ਵਾਲੇ ਹਨ। ਹਰ ਪੰਜਾਬੀ ਪਾਸਪੋਰਟ ਬਣਾਉਣ ਲਈ ਭੱਜਾ ਫਿਰਦਾ ਹੈ। ਪੰਜਾਬੀਆਂ ਦੇ ਇਹ ਸਾਰੇ ਡਰਾਉਣੇ ਤੱਥ ਅੱਜ 'ਪੰਜ ਆਬ' ਦੀ ਹਰ ਨੁਕਰ ਅਤੇ ਗਲੀ ਵਿੱਚ ਚਰਚਾ ਦਾ ਵਿਸ਼ਾ ਬਣੇ ਪਏ ਹਨ। ਇਹ ਡਰਾਉਣੇ ਤੱਥ ਓਦੋਂ ਸੱਚ ਸਾਬਤ ਹੁੰਦੇ ਜਾਪਦੇ ਹਨ, ਜਦ ਸੜਕ 'ਤੇ ਜਾਂਦੇ ਹਰ ਥ੍ਰੀਵ੍ਹੀਲਰ ਦੀ ਤਰਪਾਲ ਦੇ ਪਰਦਿਆਂ ਉਪਰ ਆਈਲੈਟਸ ਕਰਾਉਣ ਵਾਲਿਆਂ ਹੱਟੀਆਂ ਦੀ ਮਸ਼ਹੂਰੀ ਦੇ ਇਸ਼ਤਿਹਾਰ ਪੜ੍ਹਨ ਨੂੰ ਮਿਲਦੇ ਹਨ। ਇਥੋਂ ਤੱਕ ਕਿ ਕੈਨੇਡਾ, ਅਮਰੀਕਾ ਆਸਟਰੇਲੀਆਂ, ਨਿਊਜ਼ੀਲੈਂਡ ਆਦਿ ਭੇਜਣ ਵਾਲੇ ਏਜੰਟਾਂ ਦੇ ਬੋਰਡ ਸੜਕਾਂ ਦੇ ਕਿਨਾਰੇ ਲੱਗੇ ਦਰਖਤਾਂ ਉਪਰ ਲਟਕੇ ਮਿਲਦੇ ਹਨ। ਜਾਪਦਾ ਹੈ, ਪੰਜਾਬ ਦੇ ਪੱਤੇ-ਪੱਤੇ ਦਾ ਵੀ ਸ਼ਾਇਦ ਆਪਣੇ ਸੂਬੇ ਤੋਂ ਮੋਹ ਭੰਗ ਹੋ ਗਿਆ ਹੈ।

ਇਸ ਵਰਤਾਰੇ ਉਪਰ ਮੋਹਰ ਓਦੋਂ ਲਗਦੀ ਜਾਪਦੀ ਹੈ, ਜਦੋਂ ਆਂਢ-ਗੁਆਂਢ, ਮਿੱਤਰਾਂ-ਰਿਸ਼ਤੇਦਾਰਾਂ, ਨਜ਼ਦੀਕੀਆਂ ਵੱਲ ਝਾਤ ਮਾਰਦਾ ਹਾਂ। ਹਰ ਪਾਸੇ 'ਪਰਵਾਸ-ਪਰਵਾਸ' ਦੀ ਗੂੰਜ ਸੁਣਦੀ ਹੈ। ਪੰਜਾਬੀ ਦੇ ਬਹੁਤੇ ਘਰ 'ਬਿਰਧ ਆਸ਼ਰਮ' ਦੀ ਝਾਤ ਪਾਉਂਦੇ ਹਨ। ਜਿਸ ਵੀ ਪੁਰਾਣੇ-ਨਵੇਂ ਸੱਜਣ-ਮਿੱਤਰ ਨੂੰ ਮਿਲਦਾ ਹਾਂ ਤਾਂ ਇੱਕੋ ਆਵਾਜ਼ ਆਉਂਦੀ ਹੈ; ਬੱਚੇ ਤਾਂ ਬਾਹਰ ਚਲੇ ਗਏ, ਬਸ ਮੀਆਂ-ਬੀਵੀ ਪਿੱਛੇ ਰਹਿ ਗਏ ਹਾਂ।.. ਕਈ ਘਰਾਂ ਵਿੱਚ ਤਾਂ ਵਿਦੇਸ਼ ਗਏ ਬੱਚਿਆਂ ਦੀ ਲੋੜਾਂ-ਥੁੜਾਂ ਕਾਰਨ ਜੀਵਨ ਸਾਥੀਆਂ ਦੇ ਸਾਥ ਵੀ ਟੁੱਟ ਰਹੇ ਹਨ ਕਿਉਂਕਿ ਨੂੰਹ-ਧੀਆਂ ਦੇ ਜਣੇਪੇ ਕਰਵਾਉਣ ਲਈ ਮਾਵਾਂ ਬਾਹਰ ਬੁਲਾ ਲਈਆਂ ਜਾਂਦੀਆਂ ਹਨ ਅਤੇ ਬੁੱਢਿਆਂ ਨੂੰ ਇਥੇ ਜ਼ਿੰਦਗੀ ਦੇ ਅਖੀਰਲੇ ਪੜਾਅ 'ਤੇ ਇਕਲਿਆਂ ਖੁਦ ਰੋਟੀ-ਟੁੱਕ ਕਰਕੇ ਬੁੱਤਾ ਸਾਰਨਾ ਪੈ ਰਿਹਾ ਹੈ। ਇਸ ਹਾਲਾਤ ਵਿੱਚ ਪਰਵਾਸ ਨੂੰ ਖ਼ੁਸ਼ਹਾਲੀ ਦੀ ਚਾਬੀ ਕਿਹਾ ਜਾਵੇ ਜਾਂ ਵਿਰਲਾਪ ਦੀ ਦਾਸਤਾਨ, ਸੋਚ ਤੋਂ ਪਰੇ ਹੈ।

ਉਪਰੋਂ ਪੰਜਾਬ ਸਰਕਾਰ ਨੇ ਸਕੂਲਾਂ ਵਿੱਚ ਪੰਜਾਬੀਆਂ ਦੀ ਨਵੀਂ ਪੌਦ ਨੂੰ ਆਈਲੈਟਸ ਦੇ ਲਈ ਤਿਆਰ ਕਰਨ ਰਣਨੀਤੀ ਆ ਗਈ ਹੈ, ਜਿਸ ਨੇ ਪੰਜਾਬ ਦੇ ਭਵਿੱਖ ਨੂੰ ਸਕੂਲਾਂ ਵਿੱਚ ਹੀ ਵਿਦੇਸ਼ੀ ਖੰਭ ਲਾਉਣ ਦਾ ਪ੍ਰਬੰਧ ਕਰ ਦਿੱਤਾ ਹੈ। ਪੰਜਾਬ ਦੇ ਘਰਾਂ ਵਾਂਗ ਇਥੇ ਕਾਲਜ ਵੀ ਖਾਲੀ ਹੋ ਰਹੇ ਹਨ, ਨਵੇਂ ਰੁਝਾਨ ਹੇਠ ਬਾਰਵੀਂ ਤੋਂ ਬਾਅਦ ਪੰਜਾਬ ਦੀ ਜਵਾਨੀ ਵਿਦੇਸ਼ ਜਾਣ ਲੱਗ ਪਈ ਹੈ। ਹਰ ਵਰ੍ਹੇ ਸੂਬੇ ਦੇ ਸਕੂਲਾਂ ਵਿੱਚ ਨਵੇਂ ਬੱਚਿਆਂ ਦੀ ਗਿਣਤੀ ਵਧਣ ਦੀ ਥਾਂ ਘੱਟ ਰਹੀ ਹੈ। ਪੰਜਾਬੀਆਂ ਦੇ ਬੱਚੇ ਵਿਦੇਸ਼ ਜਾਣ ਕਾਰਨ ਅਗਾਂਹ ਉਨ੍ਹਾਂ ਦੇ ਬੱਚੇ ਪੰਜਾਬ ਦੀ ਥਾਂ ਵਿਦੇਸ਼ਾਂ ਵਿੱਚ ਜਨਮ ਲੈ ਰਹੇ ਹਨ।

ਪੰਜਾਬ ਸਰਕਾਰ ਨੇ ਨਵੀਂ ਪੀੜ੍ਹੀ ਨੂੰ ਵਿਦੇਸ਼ ਭੇਜਣ ਲਈ ਹਾਈਟੈਕ ਇੰਮੀਗਰੇਸ਼ਨ ਵਿੰਗ ਖੋਲ੍ਹਣ ਦਾ ਫੈਸਲਾ ਕੀਤਾ ਹੈ ਜਿਸ ਦਾ ਮੁੱਖ ਕਾਰਨ ਭਾਵੇਂ ਬੱਚਿਆਂ ਨੂੰ ਠੱਗ ਏਜੰਟਾਂ ਤੋਂ ਬਚਾਉਣਾ ਹੈ ਪਰ ਜਾਪਦਾ ਹੈ, ਸਰਕਾਰ ਨੇ ਇਹ ਪ੍ਰਵਾਨ ਕਰ ਲਿਆ ਹੈ ਕਿ ਪੰਜਾਬ ਬੇਰੁਜ਼ਗਾਰਾਂ ਦੇ ਮੂੰਹ ਵਿੱਚ ਰੋਟੀ ਪਾਉਣ ਦੇ ਸਮਰੱਥ ਨਹੀਂ ਰਿਹਾ।

ਮਨ ਅੰਦਰ ਲੰਮੇ ਸਮੇਂ ਤੋਂ ਚੱਲਦੀਆਂ ਇਨ੍ਹਾਂ ਸੋਚਾਂ ਦੌਰਾਨ ਜਦੋਂ ਇੱਕ ਅਧਿਆਪਕ ਮਿੱਤਰ ਨੇ ਪਿਛਲੇ ਦਿਨੀਂ ਫੋਨ ਕਰਕੇ ਕਿਹਾ; ਪੰਜਾਬ ਦਾ ਮੁੱਖ ਧੰਦਾ ਅੱਜ ਕੱਲ੍ਹ ਖੇਤੀਬਾੜੀ ਨਹੀਂ, ਪਰਵਾਸ ਬਣ ਗਿਆ ਹੈ, ਮੈਂ ਉਸ ਦੀ ਗੱਲ ਦਾ ਬਹੁਤ ਹੁੰਗਾਰਾ ਨਾ ਭਰਿਆ। ਉਸ ਨੇ ਉਹ ਸੱਚ ਦੱਸਿਆ, ਜੋ ਧੁਰ ਅੰਦਰੋਂ ਝੰਜੋੜ ਗਿਆ। ਉਸ ਨੇ ਆਪਣੀ ਗੱਲ ਜਚਾਉਣ ਲਈ ਵਟਸਐਪ ਰਾਹੀਂ ਪੰਜਾਬ ਦੇ ਇੱਕ ਸਰਕਾਰੀ ਸਕੂਲ ਦੇ ਪੰਜਵੀਂ ਜਮਾਤ ਦੇ ਸਤੰਬਰ 2019 ਵਿੱਚ ਵਾਤਾਵਰਨ ਸਿੱਖਿਆ ਦੀ ਪ੍ਰੀਖਿਆ ਦੀ ਇੱਕ ਬੱਚੇ ਦੀ ਉਤਰ ਕਾਪੀ ਭੇਜੀ। ਇਸ ਵਿੱਚ ਇੱਕ ਸਵਾਲ ਸੀ: 'ਪੰਜਾਬ ਦੇ ਲੋਕਾਂ ਦਾ ਮੁੱਖ ਧੰਦਾ ਕੀ ਹੈ?' ਜਵਾਬ ਵਿੱਚ ਪੰਜਵੀਂ ਜਮਾਤ ਦੇ ਇੱਕ ਬੱਚੇ ਨੇ ਲਿਖਿਆ' 'ਪੰਜਾਬ ਦੇ ਲੋਕਾਂ ਦਾ ਮੁੱਖ ਧੰਦਾ ਪਰਵਾਸ ਕਰਨਾ।' ਇਸੇ ਤਰ੍ਹਾਂ ਇੱਕ ਸਹੀ ਸ਼ਬਦ ਚੁਣ ਕੇ ਖਾਲੀ ਥਾਵਾਂ ਭਰਨ ਦੇ ਸਵਾਲਾਂ ਵਿੱਚ ਇੱਕ ਸਵਾਲ ਸੀ: 'ਬਹੁਤ ਸਾਰੇ ਲੋਕਾਂ ਨੂੰ .. .. .. ਲਈ ਦੂਰ-ਦੂਰ ਜਾਣਾ ਪੈਂਦਾ ਹੈ।' ਇੱਕ ਬੱਚੇ ਨੇ ਇਸ ਦੇ ਜਵਾਬ ਵਿੱਚ ਖਾਲੀ ਥਾਂ 'ਰੁਜ਼ਗਾਰ' ਲਿਖ ਕੇ ਭਰੀ ਹੋਈ ਸੀ।

ਮਾਸੂਮ ਬੱਚਿਆਂ ਦੇ ਧੁਰ ਅੰਦਰੋਂ ਨਿਕਲੀ ਆਵਾਜ਼ ਸੁਣ ਕੇ ਮੈਂ ਮੰਨਣ ਲਈ ਮਜਬੂਰ ਸੀ ਕਿ ਪੰਜਾਬ ਦਾ ਮੁੱਖ ਧੰਦਾ ਪਰਵਾਸ ਬਣ ਗਿਆ ਹੈ! ਇਨ੍ਹਾਂ ਮਾਸੂਮ ਬੱਚਿਆਂ ਦੇ ਮਨ ਵਿੱਚੋਂ ਨਿਕਲੇ ਇਨ੍ਹਾਂ ਸ਼ਬਦਾਂ ਦਾ ਅਰਥ ਇੰਜ ਜਾਪਦਾ ਹੈ, ਜਿਵੇਂ ਪੰਜਾਬ ਨੌਜਵਾਨ ਰੂਪੀ ਰੁੱਖਾਂ ਨੂੰ ਪਾਲ ਕੇ ਅਤੇ ਫਲ ਲਗਣ ਦੇ ਸਮਰੱਥ ਕਰ ਕੇ ਵਿਦੇਸ਼ਾਂ ਵੱਲ ਤੋਰ ਰਿਹਾ ਹੈ-ਜਿਥੇ ਵਿਦੇਸ਼ੀ ਸਾਡੇ ਪਲੇ-ਪਲਾਏ ਰੁੱਖਾਂ ਦੀਆਂ ਛਾਵਾਂ ਤੇ ਫਲਾਂ (ਕਿਰਤ) ਦਾ ਲਾਭ ਉਠਾਉਣਗੇ ਅਤੇ ਇਨ੍ਹਾਂ ਦੇ ਮਾਪੇ ਵਿਰਲਾਪ ਨਾਲ ਘੁਲਣਗੇ। ਇਨ੍ਹਾਂ ਫਲਦਾਰ ਦਰਖਤਾਂ ਤੋਂ ਬਿਨਾ ਪੰਜਾਬ ਦਾ ਕੀ ਬਣੇਗਾ?.. ਇਸ ਸਵਾਲ ਦਾ ਕੌੜਾ ਜਵਾਬ ਦੇਣ ਨੂੰ ਜੀਅ ਜਿਹਾ ਨਹੀਂ ਕਰਦਾ!

## ਹਲਕਾ ਫੁਲਕਾ

ਗੁਆਂਢਣ, "ਭੈਣ ਜੀ, ਤੁਹਾਡੇ ਭਾਂਡੇ ਬੜੇ ਚਮਕ ਰਹੇ ਹਨ। ਧੋਣ ਲਈ ਕਿਸ ਦੀ ਵਰਤੋਂ ਕਰਦੇ ਹੋ?"
ਔਰਤ, "ਪਤੀ ਦੀ।"

*********

ਇੱਕ ਆਦਮੀ ਦੇ ਪਿਤਾ ਦੀ ਮੌਤ ਹੋ ਗਈ, ਉਹ ਬਿਲਕੁਲ ਨਹੀਂ ਰੋਇਆ। ਮਾਂ ਮਰੀ, ਉਹ ਨਹੀਂ ਰੋਇਆ। ਭੈਣ ਮਰੀ, ਭਰਾ ਮਰਿਆ, ਵਿਚਾਰਾ ਫਿਰ ਵੀ ਨਹੀਂ ਰੋਇਆ, ਪਰ ਪਤਨੀ ਮਰੀ ਤਾਂ ਜ਼ੋਰ-ਜ਼ੋਰ ਨਾਲ ਰੋਇਆ। ਦੂਸਰੇ ਲੋਕਾਂ ਨੇ ਬਾਕੀਆਂ ਦੇ ਮਰਨ ਉਤੇ ਨਾ ਰੋਣ ਅਤੇ ਪਤਨੀ ਦੀ ਮੌਤ 'ਤੇ ਇੰਝ ਰੋਣ ਦਾ ਕਾਰਨ ਪੁੱਛਿਆ ਤਾਂ ਉਹ ਬੋਲਿਆ, 'ਜਦੋਂ ਪਿਓ ਮਰਿਆ ਤਾਂ ਉਸ ਦੀ ਉਮਰ ਦੇ ਲੋਕਾਂ ਨੇ ਕਿਹਾ ਸੀ, ਫਿਕਰ ਨਾ ਕਰ, ਅਸੀਂ ਤੇਰੇ ਪਿਓ ਸਮਾਨ ਹਾਂ। ਮਾਂ ਦੇ ਮਰਨ 'ਤੇ ਵੀ ਉਸ ਉਮਰ ਦੀਆਂ ਔਰਤਾਂ ਨੇ ਇਹੋ ਕਿਹਾ। ਭਰਾ ਦੇ ਮਰਨ 'ਤੇ, ਭੈਣ ਦੇ ਮਰਨ 'ਤੇ ਵੀ ਮੈਨੂੰ ਦੂਸਰੇ ਮਿਲ ਗਏ। ਪਤਨੀ ਦੇ ਮਰਨ 'ਤੇ ਇੱਕ ਵੀ ਔਰਤ ਨੇ ਇਹ ਨਹੀਂ ਕਿਹਾ ਕਿ ਫਿਕਰ ਨਾ ਕਰ, ਮੈਂ ਤੇਰੀ ਪਤਨੀ ਦੇ ਸਮਾਨ ਹਾਂ।"

## ਜ਼ਮੀਨ ਦਾ ਜਾਅਲੀ ਇਕਰਾਰਨਾਮਾ ਬਣਾ ਕੇ 88 ਲੱਖ ਦੀ ਠੱਗੀ

ਮੁਕਤਸਰ ਸਾਹਿਬ, 20 ਅਕਤੂਬਰ (ਪੋਸਟ ਬਿਊਰੋ)- ਜਾਅਲੀ ਦਸਤਾਵੇਜ਼ ਬਣਾ ਕੇ ਜ਼ਮੀਨ ਦੇ ਇਕਰਾਰਨਾਮੇ ਦੇ ਧੋਖੇ ਨਾਲ 88 ਲੱਖ ਰੁਪਏ ਦੀ ਠੱਗੀ ਕੀਤੀ ਗਈ ਹੈ। ਦੋਸ਼ੀਆਂ ਨੇ ਪੈਸੇ ਠੱਗ ਕੇ ਜ਼ਮੀਨ ਦੀ ਰਜਿਸਟਰੀ ਨਹੀਂ ਕਰਾਈ ਅਤੇ ਵਾਰ-ਵਾਰ ਤਰੀਕ ਅੱਗੇ ਵਧਾਉਂਦੇ ਰਹੇ। ਸ਼ਿਕਾਇਤ ਉੱਤੇ ਥਾਣਾ ਸਦਰ ਪੁਲਸ ਨੇ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਜਤਿੰਦਰ ਸਿੰਘ ਵਾਸੀ ਗੋਹਲਵੜ੍ਹ ਤਰਨ ਤਾਰਨ ਨੇ ਦੱਸਿਆ ਕਿ ਉਸ ਨੇ 24 ਦਸੰਬਰ ਨੂੰ ਪਿੰਡ ਨੂਰਪੁਰ ਕ੍ਰਿਪਾਲਕੇ ਵਿੱਚ 65 ਕਨਾਲ ਸਾਢੇ ਛੇ ਮਰਲੇ ਜਗ੍ਹਾ ਅਤੇ 154 ਕਨਾਲ ਸੱਤ ਮਰਲੇ ਜਗ੍ਹਾ ਲੈਬੋ ਤਹਿਸੀਲ ਗੁਰੂਹਰਸਹਾਏ (ਫਿਰੋਜ਼ਪੁਰ) ਦਾ 13 ਲੱਖ 87 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਇਕਰਾਰਨਾਮਾ ਕੀਤਾ ਸੀ। ਇਹ ਸਾਰੀ ਜ਼ਮੀਨ 33 ਏਕੜ ਬਣਦੀ ਹੈ। ਇਸ ਤੋਂ ਪਹਿਲਾਂ ਉਸ ਨੇ ਫੌਜਾ ਸਿੰਘ ਅਤੇ ਆਸਾ ਸਿੰਘ ਦੇ ਨਾਲ ਜਾ ਕੇ ਇਹ ਰਕਬਾ ਦੇਖਿਆ ਸੀ। ਉਥੇ ਉਨ੍ਹਾਂ ਲੋਕਾਂ ਨੇ ਆਪਣੇ ਪੂਰੇ ਪਛਾਣ ਪੱਤਰ ਦਿਖਾਏ, ਪਰ ਉਨ੍ਹਾਂ ਨੂੰ ਪਿੱਛੋਂ ਪਤਾ ਲੱਗਾ ਕਿ ਇਹ ਕਾਗਜ਼ ਜਾਅਲੀ ਸਨ। ਉਨ੍ਹਾਂ ਨੇ ਪੰਜ ਲੱਖ ਰੁਪਏ ਦਾ ਚੈੱਕ ਅਤੇ ਦਸ ਲੱਖ ਰੁਪਏ ਨਕਦ ਇਕਰਾਰਨਾਮੇ ਵਜੋਂ ਲਏ ਸਨ। ਇਸੇ ਤਰ੍ਹਾਂ ਲੈਬੋ ਦੀ ਜ਼ਮੀਨ ਲਈ ਦਸ ਲੱਖ ਦਾ ਚੈੱਕ ਅਤੇ ਦਸ ਲੱਖ ਨਕਦ ਲਿਆ ਸੀ। ਰਜਿਸਟਰੀ ਦੋ ਫਰਵਰੀ 2019 ਅਤੇ ਨੂਰਪੁਰ ਵਾਲੀ ਜ਼ਮੀਨ ਦੀ ਰਜਿਸਟਰੀ 11 ਜਨਵਰੀ 2019 ਨੂੰ ਰੱਖੀ ਸੀ, ਪ੍ਰੰਤੂ ਪਿੱਛੋਂ ਤਰੀਕ ਵਧਾ ਦਿੱਤੀ ਗਈ। ਇਸ ਦੌਰਾਨ ਉਨ੍ਹਾਂ ਲੋਕਾਂ ਨੇ 35 ਲੱਖ ਰੁਪਏ ਹੋਰ ਲੈ ਲਏ। ਜਦ ਤਰੀਕ ਆਈ ਤਾਂ ਫਿਰ ਮਾਰਚ ਦੀ ਤਰੀਕ ਕਰਵਾ ਦਿੱਤੀ ਗਈ। ਇਸ ਦੌਰਾਨ ਉਨ੍ਹਾਂ ਨੇ ਫਿਰ 18 ਲੱਖ ਰੁਪਏ ਦਾ ਚੈਕ ਲੈ ਲਿਆ। ਉਹ ਵਾਰ-ਵਾਰ ਤਰੀਕ ਵਧਾਉਂਦੇ ਰਹੇ, ਪਰ ਰਜਿਸਟਰੀ ਨਹੀਂ ਕਰਵਾਈ। ਉਨ੍ਹਾਂ ਨੂੰ ਸ਼ੱਕ ਹੋਣ 'ਤੇ ਪਤਾ ਕੀਤਾ ਤਾਂ ਸਾਰਾ ਸੱਚ ਸਾਹਮਣੇ ਆਇਆ ਜਿਸ ਮਗਰੋਂ ਪੁਲਸ ਕੋਲ ਮਾਮਲਾ ਦਰਜ ਕਰਵਾਇਆ ਗਿਆ।

## ਵਿਧਾਇਕ ਦਾ ਸੈਕਟਰੀ ਬਣ ਕੇ ਮਨੀ ਟ੍ਰਾਂਸਫਰ ਏਜੰਟ ਤੋਂ 87000 ਠੱਗ ਲਏ




ਅਮਲੋਹ, 20 ਅਕਤੂਬਰ (ਪੋਸਟ ਬਿਊਰੋ)- ਇੱਕ ਫੋਨ ਕਾਲਰ ਵੱਲੋਂ ਅਮਲੋਹ ਦੇ ਵਿਧਾਇਕ ਕਾਕਾ ਰਣਦੀਪ ਸਿੰਘ ਦਾ ਸੈਕਟਰੀ ਬਣ ਕੇ ਮਨੀ ਟਰਾਂਸਫਰ ਏਜੰਟ ਤੋਂ 87906 ਰੁਪਏ ਦੀ ਠੱਗਣ ਦਾ ਪਤਾ ਲੱਗਾ ਹੈ। ਅਮਲੋਹ ਦੇ ਸੁਨਿਆਰਾ ਬਾਜ਼ਾਰ ਵਿੱਚ ਵਰਮਾ ਇੰਟਰਪ੍ਰਾਈਜ਼ਿਜ਼ ਦੇ ਮਾਲਕ ਰਾਜੀਵ ਕੁਮਾਰ ਨੇ ਕੱਲ੍ਹ ਦੱਸਿਆ ਕਿ 17 ਅਕਤੂਬਰ ਨੂੰ ਸਾਢੇ ਨੌਂ ਵਜੇ ਉਸ ਨੂੰ ਫੋਨ ਕਰ ਕੇ ਕਿਸੇ ਨੇ ਖੁਦ ਨੂੰ ਹਲਕਾ ਵਿਧਾਇਕ ਕਾਕਾ ਰਣਦੀਪ ਸਿੰਘ ਦਾ ਸੈਕਟਰੀ ਸਹਿਗਲ ਦੱਸ ਕੇ ਕਿਹਾ ਕਿ ਮੇਰੀ ਬੇਟੀ ਦੀ ਫੀਸ ਕਰੀਬ 24 ਹਜ਼ਾਰ ਰੁਪਏ ਖਾਤੇ ਵਿੱਚ ਟਰਾਂਸਫਰ ਕਰਨੇ ਹਨ ਅਤੇ ਇਹ ਰੁਪਏ ਮੈਨੂੰ ਵਿਧਾਇਕ ਕਾਕਾ ਰਣਦੀਪ ਸਿੰਘ ਦੇ ਘਰੋਂ ਲੈ ਜਾਓ ਜਾਂ ਰਾਹੁਲ ਵੱਲੋਂ ਉਸ ਦੀ ਦੁਕਾਨ 'ਤੇ ਦੇ ਕੇ ਜਾਣ ਦੀ ਗੱਲ ਕਹੀ। ਕਾਲਰ ਨੇ ਉਸ ਵਿਧਾਇਕ ਦੀ ਆਵਾਜ਼ ਵਰਗੇ ਕਿਸੇ ਬੰਦੇ ਨਾਲ ਗੱਲ ਕਰਵਾ ਦਿੱਤੀ, ਜਿਸ ਨੇ ਪੈਸੇ ਟਰਾਂਸਫਰ ਕਰਨ ਦੀ ਗੱਲ ਕਹੀ। ਕਾਲਰ ਨੇ ਦੁਕਾਨਦਾਰ ਨੂੰ ਵਾਟਸਐਪ ਨੰਬਰ ਉਤੇ ਸਾਕਸ਼ੀ ਨਾਂਅ ਦਾ ਸਟੇਟ ਬੈਂਕ ਆਫ ਇੰਡੀਆ ਦਾ ਖਾਤਾ ਭੇਜ ਕੇ 22876 ਰੁਪਏ ਅਤੇ ਫਿਰ 22876 ਰੁਪਏ ਟਰਾਂਸਫਰ ਕਰਨ ਨੂੰ ਕਿਹਾ। ਪੈਸੇ ਟਰਾਂਸਫਰ ਕਰਨ ਪਿੱਛੋਂ ਕਾਲ ਆਈ ਕਿ ਉਸ ਦੇ ਅਕਾਊਂਟ ਵਿੱਚ 60000 ਰੁਪਏ ਦੀ ਰਾਸ਼ੀ ਨੈਫਟ ਕਰ ਦਿੱਤੀ ਹੈ। ਜਦ ਕਾਲਰ ਨੂੰ ਨੈਫਟ ਨਾ ਮਿਲਣ ਬਾਰੇ ਦੱਸਿਆ ਤਾਂ ਉਸ ਨੇ ਕਿਹਾ ਤਾਂ ਉਹ ਨੈਫਟ ਦੋਬਾਰਾ ਕਰਨ ਅਤੇ 13,600 ਰੁਪਏ ਹੋਰ ਟਰਾਂਸਫਰ ਕਰਨ ਨੂੰ ਵੀ ਕਹਿ ਦਿੱਤਾ। ਰਾਜੀਵ ਨੇ ਦੱਸਿਆ ਕਿ ਅਗਲੇ ਦਿਨ ਸਵੇਰੇ ਕਰੀਬ ਸਵਾ 10 ਵਜੇ ਕਾਲਰ ਨੇ ਫਿਰ ਕਾਲ ਕਰ ਕੇ ਮੇਰੇ ਤੋਂ ਨੈਫਟ ਪਹੁੰਚਣ ਬਾਰੇ ਪੁੱਛਿਆ ਅਤੇ 28644 ਰੁਪਏ ਹੋਰ ਉਕਤ ਖਾਤੇ ਵਿੱਚ ਪਾਉਣ ਨੂੰ ਕਹਿੰਦੇ ਹੋਏ ਕਿਹਾ ਰਾਹੁਲ ਨਾਂਅ ਦਾ ਲੜਕਾ ਕਰੀਬ ਦੋ ਵਜੇ ਤੱਕ 50 ਹਜ਼ਾਰ ਰੁਪਏ ਦੇ ਕੇ ਜਾਏਗਾ। ਅਮਲੋਹ ਪੁਲਸ ਨੇ ਰਾਜੀਵ ਕੁਮਾਰ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ ਹੈ।

ਇਸ ਬਾਰੇ ਹਲਕਾ ਵਿਧਾਇਕ ਕਾਕਾ ਰਣਦੀਪ ਸਿੰਘ ਨੇ ਕਿਹਾ ਕਿ ਮੇਰਾ ਨਾਂਅ ਦਾ ਇਸਤੇਮਾਲ ਤੇ ਨਕਲੀ ਆਵਾਜ਼ ਨਕਲੀ ਆਵਾਜ਼ ਕੱਢ ਕੇ ਚਾਲਬਾਜ਼ਾਂ ਨੇ ਠੱਗੀ ਮਾਰੀ ਹੈ। ਉਨ੍ਹਾਂ ਕਿਹਾ ਕਿ ਪੁਲਸ ਨੂੰ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰ ਕੇ ਦੋਸ਼ੀਆਂ ਨੂੰ ਕਾਬੂ ਕਰਨ ਦੀ ਹਦਾਇਤ ਕੀਤੀ ਗਈ ਹੈ। ਥਾਣਾ ਮੁਖੀ ਅਮਰਦੀਪ ਸਿੰਘ ਨੇ ਦੱਸਿਆ ਕਿ ਕੇਸ ਦੀ ਜਾਂਚ ਦੌਰਾਨ ਉਕਤ ਖਾਤਾ ਐੱਸ ਬੀ ਆਈ ਬੈਂਕ ਮੁਜੱਫਰਪੁਰ ਬਿਹਾਰ ਦਾ ਹੋਣ ਦੀ ਗੱਲ ਸਾਹਮਣੇ ਆਈ ਹੈ, ਜਿਸ ਦੀ ਆਖਰੀ ਟ੍ਰਾਂਜੈਕਸ਼ਨ ਗੋਆ ਦੇ ਕਿਸੇ ਏ ਟੀ ਐੱਮ ਤੋਂ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਉਕਤ ਖਾਤੇ ਦੀ ਡੀਟੇਲ ਦੇ ਲਈ ਐੱਸ ਬੀ ਆਈ ਅਮਲੋਹ ਬ੍ਰਾਂਚ ਤੋਂ ਜਾਣਕਾਰੀ ਮੰਗੀ ਹੈ।

## ਅਕਾਲੀ ਦਲ ਦੀ ਮਾਨਤਾ ਰੱਦ ਕਰਨ ਦਾ ਫੈਸਲਾ ਅੱਗੇ ਪਿਆ

* ਅਦਾਲਤ ਨੇ 30 ਅਕਤੂਬਰ ਦੀ ਨਵੀਂ ਤਰੀਕ ਤੈਅ ਕੀਤੀ

ਹੁਸ਼ਿਆਰਪੁਰ, 20 ਅਕਤੂਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਕਾਇਮ ਰਹੇਗੀ ਜਾਂ ਰੱਦ ਕਰਨ ਦਾ ਹੁਕਮ ਹੋ ਜਾਵੇਗਾ, ਇਸ ਦੇ ਸੰਬੰਧ ਵਿੱਚ ਅਦਾਲਤ ਨੇ 30 ਅਕਤੂਬਰ ਦੀ ਨਵੀਂ ਤਰੀਕ ਦੇ ਦਿੱਤੀ ਹੈ। ਸਮਾਜਵਾਦੀ ਨੇਤਾ ਬਲਵੰਤ ਸਿੰਘ ਖੇੜਾ ਵੱਲੋਂ ਅਕਾਲੀ ਦਲ (ਬਾਦਲ) ਦੀ ਮਾਨਤਾ ਰੱਦ ਕਰਨ ਦੀ ਮੰਗ ਬਾਰੇ ਸਥਾਨਕ ਸਿਵਲ ਜੱਜ ਮੋਨਿਕਾ ਸ਼ਰਮਾ ਦੀ ਅਦਾਲਤ ਵਿੱਚ ਸੁਣਵਾਈ ਪਿੱਛੋਂ ਦੋਵਾਂ ਪੱਖਾਂ ਵੱਲੋਂ ਬਹਿਸ ਦੇ ਬਾਅਦ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਲਈ ਅਗਲੀ ਤਰੀਕ 30 ਅਕਤੂਬਰ ਤੈਅ ਕਰ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਸਮਾਜਵਾਦੀ ਨੇਤਾ ਬਲਵੰਤ ਸਿੰਘ ਖੇੜਾ ਨੇ ਅਕਾਲੀ ਦਲ ਦੀ ਮਾਨਤਾ ਨੂੰ ਖਤਮ ਕਰਨ ਲਈ ਅਦਾਲਤ ਵਿੱਚ ਇਹ ਕੇਸ 20 ਫਰਵਰੀ 2009 ਨੂੰ ਦਾਇਰ ਕੀਤਾ ਸੀ, ਜਿਸ ਵਿੱਚ ਉਨ੍ਹਾਂ ਨੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਰਣਜੀਤ ਸਿੰਘ ਬ੍ਰਹਮਪੁਰਾ, ਕ੍ਰਿਪਾਲ ਸਿੰਘ ਬਡੂੰਗਰ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਸੁਰਿੰਦਰ ਸਿੰਘ ਸ਼ਿੰਦਾ ਦੇ ਖਿਲਾਫ ਕਈ ਗੰਭੀਰ ਦੋਸ਼ ਲਾਏ ਹਨ। ਬਲਵੰਤ ਸਿੰਘ ਖੇੜਾ ਨੇ ਕਿਹਾ ਕਿ ਅਕਾਲੀ ਦਲ ਕਾਫੀ ਲੰਮੇ ਸਮੇਂ ਤੋਂ ਸੰਵਿਧਾਨ ਨੂੰ ਅਤੇ ਖਾਸ ਕਰਕੇ ਸਿੱਖਾਂ ਨੂੰ ਧੋਖਾ ਦੇ ਰਿਹਾ ਹੈ। ਦਸ ਸਾਲ ਤੋਂ ਧੋਖਾਧੜੀ ਤੇ ਫੌਜਦਾਰੀ ਦਾ ਇਹ ਕੇਸ ਚੱਲਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਸ ਹੈ ਕਿ ਛੇਤੀ ਹੀ ਫੈਸਲਾ ਸਾਡੇ ਹੱਕ ਵਿੱਚ ਹੋ ਜਾਵੇਗਾ। ਬਲਵੰਤ ਸਿੰਘ ਖੇੜਾ ਵੱਲੋਂ ਦੋਸ਼ ਹੈ ਕਿ ਅਕਾਲੀ ਦਲ ਨੇ ਦੋ ਸੰਵਿਧਾਨ ਰੱਖੇ ਹਨ, ਜਿਹੜੇ ਦੇਸ਼ ਦੇ ਸੰਵਿਧਾਨ ਦੇ ਉਲਟ ਹਨ। ਅਕਾਲੀ ਦਲ ਧਾਰਮਿਕ ਪਾਰਟੀ ਰਹੇ ਜਾਂ ਸਿਆਸੀ ਪਾਰਟੀ ਬਣ ਕੇ ਚੱਲੇ। ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਇਸ ਪਾਰਟੀ ਦੇ ਨੇਤਾ ਲੜਦੇ ਹਨ ਤੇ ਫਿਰ ਸਿਆਸਤ ਵਿੱਚ ਧਰਮ ਦੇ ਨਾਂ ਉੱਤੇ ਵੋਟਾਂ ਮੰਗਦੇ ਹਨ। ਦੋਹਰੇ ਮਾਪਦੰਡ ਅਪਣਾਉਣ ਕਰਕੇ ਅਕਾਲੀ ਦਲ ਦੀ ਮਾਨਤਾ ਰੱਦ ਹੋਣੀ ਚਾਹੀਦੀ ਹੈ। ਇਹੀ ਨਹੀਂ, ਖੇੜਾ ਨੇ ਇਹ ਵੀ ਦੋਸ਼ ਲਾਇਆ ਸੀ ਕਿ ਸੰਵਿਧਾਨ ਵਿੱਚ ਛੇੜਛਾੜ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਇਹ ਮਾਨਤਾ ਹਾਸਲ ਕੀਤੀ ਗਈ ਸੀ।

## ਹਵਾਲਾਤੀ ਨੇ ਜੇਲ੍ਹ ਦੇ ਗੁਰਦੁਆਰੇ ਵਿੱਚ ਖ਼ੁਦਕੁਸ਼ੀ ਕਰ ਲਈ

ਰੂਪਨਗਰ, 20 ਅਕਤੂਬਰ (ਪੋਸਟ ਬਿਊਰੋ)- ਜ਼ਿਲ੍ਹਾ ਜੇਲ੍ਹ ਰੋਪੜ ਵਿੱਚ ਬੰਦ ਹਵਾਲਾਤੀ ਅਮਨਦੀਪ ਸਿੰਘ ਉਰਫ ਲਾਡੀ (36) ਵਾਸੀ ਖਡੂਰ ਸਾਹਿਬ, ਤਰਨ ਤਾਰਨ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ।

ਜੇਲ ਅਧਿਕਾਰੀਆਂ ਦੇ ਦੱਸਣ ਅਨੁਸਾਰ ਉਹ ਕੱਲ੍ਹ ਸਵੇਰੇ ਜੇਲ ਅੰਦਰ ਗੁਰਦੁਆਰੇ ਵਿੱਚ ਰੋਜ਼ ਵਾਂਗ ਗਿਆ ਸੀ, ਪਰ ਜਦੋਂ ਕੁਝ ਹੋਰ ਹਵਾਲਾਤੀਆਂ ਨੇ ਦੇਖਿਆ ਤਾਂ ਉਹ ਨੇੜੇ ਸਟੋਰ ਵਿੱਚ ਪੱਖੇ ਨਾਲ ਲਟਕ ਰਿਹਾ ਸੀ। ਉਸ ਨੂੰ ਸਿਵਲ ਹਸਪਤਾਲ ਰੂਪਨਗਰ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਅਮਨਦੀਪ ਸਿੰਘ ਨੂੰ ਵਿਸ਼ੇਸ਼ ਟਾਸਕ ਫੋਰਸ (ਐੱਸ ਟੀ ਐੱਫ) ਨੇ ਅੱਠ ਸਤੰਬਰ 2019 ਨੂੰ ਫੇਜ਼ 4 ਮੋਹਾਲੀ ਐੱਸ ਟੀ ਐੱਫ ਥਾਣੇ ਵਿੱਚ ਨਸ਼ੀਲੇ ਪਦਾਰਥਾਂ ਦਾ ਕੇਸ ਦਰਜ ਕਰ ਕੇ ਗ੍ਰਿਫਤਾਰ ਕੀਤਾ ਅਤੇ ਜ਼ਿਲਾ ਜੇਲ ਰੂਪਨਗਰ ਭੇਜਿਆ ਸੀ।

### ਕੋਟਕਪੂਰਾ ਗੋਲੀ ਕਾਂਡ

## ਸਰਕਾਰ ਮੁਤਾਬਕ ਨਾਮਜ਼ਦ ਪੁਲਸ ਅਫਸਰ ਵਿਸ਼ੇਸ਼ ਜਾਂਚ ਟੀਮ ਨੂੰ ਦਬਾਉਣਾ ਚਾਹੁੰਦੇ ਨੇ

ਫਰੀਦਕੋਟ, 20 ਅਕਤੂਬਰ (ਪੋਸਟ ਬਿਊਰੋ)- ਸਥਾਨਕ ਸੈਸ਼ਨ ਕੋਰਟ ਵਿੱਚ ਕੱਲ੍ਹ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਲਿਖਤੀ ਤੌਰ 'ਤੇ ਦਾਅਵਾ ਕੀਤਾ ਕਿ ਇਸ ਕਾਂਡ 'ਚ ਨਾਮਜ਼ਦ ਪੁਲਸ ਅਧਿਕਾਰੀ ਅਸਲ ਵਿੱਚ ਜਾਂਚ ਟੀਮ ਦੇ ਅਧਿਕਾਰੀਆਂ ਨੂੰ ਦਬਾਉਣਾ ਚਾਹੁੰਦੇ ਹਨ ਅਤੇ ਇਸ ਪੜਤਾਲ ਨੂੰ ਕੁਰਾਹੇ ਪਾਉਣ ਲਈ ਬਿਨ੍ਹਾਂ ਵਜ੍ਹਾ ਜਾਂਚ ਅਧਿਕਾਰੀਆਂ ਦੇ ਮੋਬਾਈਲ ਫੋਨਾਂ ਦੀਆਂ ਕਾਲ ਡਿਟੇਲਾਂ ਮੰਗੀਆਂ ਹਨ।

ਵਰਨਣ ਯੋਗ ਹੈ ਕਿ ਪਰਮਰਾਜ ਸਿੰਘ ਉਮਰਾਨੰਗਲ ਨੇ ਅਦਾਲਤ ਵਿੱਚ ਅਰਜ਼ੀ ਦੇ ਕੇ ਅੱਠ ਪੁਲਸ ਅਧਿਕਾਰੀਆਂ ਦੇ ਮੋਬਾਈਲ ਫੋਨਾਂ ਦੀ ਜਾਂਚ ਦੇ ਸਮੇਂ ਦੌਰਾਨ ਦੀ ਜਾਣਕਾਰੀ ਮੰਗੀ ਸੀ, ਜਿਨ੍ਹਾਂ ਵਿੱਚ ਏ ਡੀ ਜੀ ਪ੍ਰਬੋਧ ਕੁਮਾਰ ਅਤੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਸ਼ਾਮਲ ਹਨ। ਪੰਜਾਬ ਸਰਕਾਰ ਨੇ ਜ਼ਿਲ੍ਹਾ ਅਟਾਰਨੀ ਰਾਹੀਂ ਅਦਾਲਤ ਵਿੱਚ ਜਵਾਬ ਪੇਸ਼ ਕਰ ਕੇ ਇਨ੍ਹਾਂ ਦੋਸ਼ੀ ਪੁਲਸ ਅਧਿਕਾਰੀਆਂ ਦੀ ਅਰਜ਼ੀ ਰੱਦ ਕਰਨ ਦੀ ਮੰਗ ਕੀਤੀ ਹੈ। ਪਰਮਰਾਜ ਸਿੰਘ ਉਮਰਾਨੰਗਲ ਨੇ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਤੋਂ ਬਾਅਦ ਦਰਜ ਹੋਏ ਕੇਸ ਦੀ ਸਟੇਟਸ ਰਿਪੋਰਟ ਵੀ ਮੰਗੀ ਸੀ। ਪੰਜਾਬ ਸਰਕਾਰ ਨੇ ਇਸ ਅਰਜ਼ੀ ਦੇ ਜਵਾਬ ਵਿੱਚ ਕਿਹਾ ਕਿ ਇਸ ਕੇਸ ਦੀ ਪੜਤਾਲ ਅਜੇ ਚੱਲਦੀ ਹੈ ਤੇ ਇਸ ਦੇ ਚਲਾਨ ਜਾਂ ਦੋਸ਼ ਪੱਤਰ ਅਜੇ ਤਿਆਰ ਨਹੀਂ ਹੋਏ। ਪੰਜਾਬ ਸਰਕਾਰ ਨੇ ਪੁਲਸ ਅਧਿਕਾਰੀ ਦੀ ਅਰਜ਼ੀ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਅਦਾਲਤ ਵਿੱਚ ਪੇਸ਼ ਹੋਏ ਦੋਸ਼ ਪੱਤਰਾਂ ਉਤੇ ਸੁਣਵਾਈ ਲਮਕਾਉਣ ਲਈ ਜਾਣਬੁੱਝ ਕੇ ਅਰਜ਼ੀਆਂ ਦਿੱਤੀਆਂ ਗਈਆਂ ਹਨ।

ਅਦਾਲਤ ਨੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਦਾ ਜਵਾਬ ਆਉਣ ਮਗਰੋਂ ਇਸ ਕੇਸ ਦੀ ਸੁਣਵਾਈ ਪਹਿਲੀ ਨਵੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਵਿੱਚ ਸੁਣਵਾਈ ਵੇਲੇ ਸਸਪੈਂਡ ਹੋਏ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਸ਼ਰਮਾ ਅਤੇ ਹੋਰ ਪੁਲਸ ਅਧਿਕਾਰੀ ਵੀ ਹਾਜ਼ਰ ਸਨ। ਇਨ੍ਹਾਂ ਪੁਲਸ ਅਧਿਕਾਰੀਆਂ ਨੇ ਜਾਂਚ ਟੀਮ ਦੇ ਮੋਬਾਈਲ ਫੋਨਾਂ ਦੇ ਰਿਕਾਰਡ ਸਾਂਭਣ ਦੀ ਮੰਗ ਕਰਦਿਆਂ ਦਾਅਵਾ ਕੀਤਾ ਕਿ ਵਿਸ਼ੇਸ਼ ਜਾਂਚ ਟੀਮ ਨੇ ਪੜਤਾਲ ਦੌਰਾਨ ਫਰਜ਼ੀ ਰਿਪੋਰਟਾਂ ਤਿਆਰ ਕੀਤੀਆਂ ਹਨ ਅਤੇ ਮੋਬਾਈਲਾਂ ਦੀ ਕਾਲ ਡਿਟੇਲ ਤੋਂ ਸਾਰੀ ਸਾਜਿਸ਼ ਦਾ ਪਰਦਾ ਫਾਸ਼ ਹੋ ਸਕਦਾ ਹੈ ਪਰ ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਵਿਸ਼ੇਸ਼ ਜਾਂਚ ਟੀਮ ਦੀ ਕਰਨ ਦੇ ਤਰੀਕਿਆਂ ਉਤੇ ਮੁਲਜ਼ਮਾਂ ਨੂੰ ਇਤਰਾਜ਼ ਕਰਨ ਦਾ ਕੋਈ ਹੱਕ ਨਹੀਂ। ਪੰਜਾਬ ਸਰਕਾਰ ਨੇ ਕਿਹਾ ਕਿ ਮੁਲਜ਼ਮ ਦੋਸ਼ ਆਇਦ ਹੋਣ ਦੀ ਕਾਰਵਾਈ ਨੂੰ ਲਮਕਾਉਣ ਲਈ ਅਜਿਹੀਆਂ ਦਰਖਾਸਤਾਂ ਦੇ ਰਹੇ ਹਨ।

## ਗ੍ਰੰਥੀ ਨੇ ਮੰਗਣੀ ਤੁੜਵਾਈ ਤਾਂ ਲੜਕੀ ਵਲੋਂ ਖ਼ੁਦਕੁਸ਼ੀ

ਅੰਮ੍ਰਿਤਸਰ, 20 ਅਕਤੂਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਚੇਤਨਪੁਰਾ ਦੀ ਵਸਨੀਕ 24 ਸਾਲ ਦੀ ਲੜਕੀ ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਖੁਦਕੁਸ਼ੀ ਕਰ ਲਈ ਹੈ। ਉਸ ਦਾ ਵਿਆਹ ਹੋਣ ਵਾਲਾ ਸੀ ਅਤੇ ਸਹੁਰਿਆਂ ਨੇ ਮੰਗਣੀ ਤੋੜ ਦਿੱਤੀ ਸੀ। ਇਹ ਮੰਗਣੀ ਉਸ ਦੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਜਰਨੈਲ ਸਿੰਘ ਨੇ ਤੁੜਵਾਈ ਹੈ। ਪੁਲਸ ਨੇ ਗ੍ਰੰਥੀ ਅਤੇ ਸਹੁਰਿਆਂ 'ਤੇ ਕੇਸ ਦਰਜ ਕਰ ਲਿਆ ਹੈ।



ਮਿਲੀ ਜਾਣਕਾਰੀ ਅਨੁਸਾਰ ਪਿੰਡ ਚੇਤਨਪੁਰਾ ਵਾਸੀ ਗੁਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਰਾਜਬੀਰ ਕੌਰ ਦਾ ਵਿਆਹ ਤੈਅ ਹੋਇਆ ਅਤੇ ਪੰਜ ਨਵੰਬਰ ਨੂੰ ਬਰਾਤ ਆਉਣੀ ਸੀ। ਉਨ੍ਹਾਂ ਨੇ ਧੀ ਦਾ ਵਿਆਹ ਦੀਆਂ ਸਭ ਤਿਆਰੀਆਂ ਪੂਰੀਆਂ ਕਰ ਲਈਆਂ ਸਨ, ਪਰ ਉਨ੍ਹਾਂ ਦੇ ਪਿੰਡ ਦੇ ਗੁਰਦੁਆਰਾ ਦਾ ਗ੍ਰੰਥੀ ਨੇਕਜੀਤ ਸਿੰਘ ਉਰਫ ਜਨਰੈਲ ਸਿੰਘ ਉਨ੍ਹਾਂ ਦੀ ਬੇਟੀ 'ਤੇ ਬੁਰੀ ਨਜ਼ਰ ਰੱਖਦਾ ਸੀ ਅਤੇ ਉਨ੍ਹਾਂ ਦੀ ਬੇਟੀ ਨੂੰ ਰਾਹ ਜਾਂਦੇ ਪ੍ਰੇਸ਼ਾਨ ਕਰਦਾ ਸੀ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੀ ਬੇਟੀ ਨੂੰ ਗ੍ਰੰਥੀ ਵੱਲੋਂ ਲਗਾਤਾਰ ਪਰੇਸ਼ਾਨ ਕੀਤਾ ਜਾ ਰਿਹਾ ਸੀ। ਜਦ ਉਨ੍ਹਾਂ ਦੀ ਬੇਟੀ ਨੇ ਗ੍ਰੰਥੀ ਦੀ ਗੱਲ ਨਹੀਂ ਮੰਨੀ ਤਾਂ ਗ੍ਰੰਥੀ ਨੇ ਉਸ ਦੇ ਹੋਣ ਵਾਲੇ ਸਹੁਰਿਆਂ ਨੂੰ ਫੋਨ ਕੀਤਾ ਤੇ ਕਿਹਾ ਕਿ ਰਾਜਬੀਰ ਕੌਰ ਦਾ ਚਰਿੱਤਰ ਠੀਕ ਨਹੀਂ ਹੈ। ਪਿੰਡ ਦੇ ਗ੍ਰੰਥੀ ਦੀ ਗੱਲ ਸੁਣ ਕੇ ਉਨ੍ਹਾਂ ਨੇ ਰਿਸ਼ਤਾ ਤੋੜ ਦਿੱਤਾ। ਇਸ ਗੱਲ ਨੂੰ ਰਾਜਬੀਰ ਕੌਰ ਸਹਿਣ ਨਹੀਂ ਕਰ ਸਕੀ ਅਤੇ ਉਸ ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਖੁਦਕੁਸ਼ੀ ਕਰ ਲਈ। ਮਾਮਲਾ ਥਾਣਾ ਝੰਡੇਰ ਵਿੱਚ ਪਹੁੰਚਿਆ ਤਾਂ ਪੁਲਸ ਨੇ ਧਾਰਾ 174 ਦੀ ਕਾਰਵਾਈ ਕਰ ਦਿੱਤੀ। ਇਸ ਤੋਂ ਲੋਕ ਭੜਕ ਪਏ ਤੇ ਬੀਤੀ ਸ਼ਾਮ ਥਾਣੇ ਦਾ ਘਿਰਾਓ ਕੀਤਾ। ਇਸ ਪਿੱਛੋਂ ਪੁਲਸ ਨੇ ਗ੍ਰੰਥੀ ਅਤੇ ਰਾਜਬੀਰ ਦੇ ਹੋਣ ਵਾਲੇ ਸਹੁਰਿਆਂ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕੀਤਾ ਹੈ

## ਡਾਕਟਰ ਚੀਮਾ ਕਹਿੰਦੈ, ਅਸੀਂ ਤਾਂ ਪਹਿਲਾਂ ਹੀ ਢੀਂਡਸੇ ਦੀ ਥਾਂ ਭੂੰਦੜ ਨੂੰ ਅੱਗੇ ਕਰ ਛੱਡਿਐ

ਚੰਡੀਗੜ੍ਹ, 20 ਅਕਤੂਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਰਾਜ ਸਭਾ ਵਿੱਚ ਅਕਾਲੀ ਦਲ ਦੇ ਮੈਂਬਰਾਂ ਦੇ ਗਰੁੱਪ ਲੀਡਰ ਵਜੋਂ ਅਸਤੀਫਾ ਦੇਣ ਦੇ ਮੁੱਦੇ ਨੇ ਉਦੋਂ ਦਿਲਚਸਪ ਮੋੜ ਲੈ ਲਿਆ, ਜਦੋਂ ਪਾਰਟੀ ਨੇ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ ਹੀ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਨੂੰ ਪੱਤਰ ਲਿਖ ਕੇ ਰਾਜ ਸਭਾ ਵਿੱਚ ਆਪਣਾ ਲੀਡਰ ਬਦਲਣ ਬਾਰੇ 12 ਜੂਨ ਨੂੰ ਸੂਚਿਤ ਕਰ ਦਿੱਤਾ ਸੀ। ਇਸ ਬਾਰੇ ਡਾਕਟਰ ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਇਸ ਪੱਤਰ ਵਿੱਚ ਬਲਵਿੰਦਰ ਸਿੰਘ ਭੂੰਦੜ ਤੇ ਨਰੇਸ਼ ਗੁਜਰਾਲ ਦੇ ਨਾਂਅ ਲਿਖੇ ਗਏ ਹਨ ਤੇ ਇਸ ਪੱਤਰ ਦੀ ਇੱਕ ਕਾਪੀ



ਰਾਜ ਸਭਾ ਦੇ ਜਨਰਲ ਸਕੱਤਰ ਨੂੰ ਭੇਜੀ ਜਾ ਚੁੱਕੀ ਹੈ। ਰਾਜ ਸਭਾ ਵਿੱਚ ਲੀਡਰ ਬਦਲਣ ਲਈ ਪਿਛਲੇ ਜੂਨ ਮਹੀਨੇ ਵਿੱਚ ਪਾਰਟੀ ਵੱਲੋਂ ਪੱਤਰ ਲਿਖੇ ਜਾਣ ਦੇ ਦਾਅਵੇ ਅਤੇ ਸੁਖਦੇਵ ਸਿੰਘ ਢੀਂਡਸਾ ਵੱਲੋਂ ਅਸਤੀਫਾ ਦਿੱਤੇ ਜਾਣ ਤੋਂ ਸੰਕੇਤ ਮਿਲੇ ਹਨ ਕਿ ਅਕਾਲੀ ਦਲ ਵਿੱਚ ਸਭ ਠੀਕ ਨਹੀਂ ਚੱਲ ਰਿਹਾ। ਪਿਛਲੀਆਂ ਲੋਕ ਸਭਾ ਚੋਣਾਂ 'ਚ ਅਕਾਲੀ ਦਲ ਨਾਲੋਂ ਕਈ ਸੀਨੀਅਰ ਅਕਾਲੀ ਨੇਤਾ ਵੱਖ ਹੋ ਗਏ ਸਨ ਤੇ ਆਪਣਾ ਵੱਖਰਾ ਅਕਾਲੀ ਦਲ ਟਕਸਾਲੀ ਬਣਾ ਲਿਆ ਤੇ ਨਵੇਂ ਅਕਾਲੀ ਦਲ ਟਕਸਾਲੀ ਨਾਲ ਕਈ ਹੋਰ ਨੇਤਾ ਜਾ ਜੁੜੇ ਸਨ, ਪਰ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ ਤੋਂ ਦੂਰੀ ਬਣਾ ਕੇ ਚੁੱਪ ਸਾਧ ਰੱਖੀ ਸੀ। ਉਨ੍ਹਾਂ ਦੇ ਪੁੱਤਰ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਆਪਣੇ ਪਿਤਾ ਵੱਲੋਂ ਚੁੱਕੇ ਕਦਮ ਦੇ ਬਾਵਜੂਦ ਅਕਾਲੀ ਦਲ ਨਾਲ ਸਾਂਝ ਕਾਇਮ ਰੱਖੀ ਸੀ। ਤਾਜ਼ਾ ਮਾਮਲੇ ਨਾਲ ਇਸ ਚਰਚਾ ਨੇ ਇਹ ਜ਼ੋਰ ਫੜ ਲਿਆ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸੁਖਦੇਵ ਸਿੰਘ ਢੀਂਡਸਾ ਵਿਚਾਲੇ ਸੰਬੰਧ ਠੀਕ ਹੋਣ ਦੀ ਥਾਂ ਹੋਰ ਵਿਗੜ ਗਏ ਹਨ।

## ਪੰਜਾਬ ਵਿੱਚ ਅੱਗੇ ਤੋਂ ਪਾਲਤੂ ਕੁੱਤਾ ਰੱਖਣਾ ਸੌਖਾ ਨਹੀਂ ਹੋਵੇਗਾ

ਜਗਰਾਓਂ, 20 ਅਕਤੂਬਰ (ਪੋਸਟ ਬਿਊਰੋ)- ਆਪਣੇ ਘਰ ਵਿੱਚ ਕੁੱਤਾ ਪਾਲਣ ਦਾ ਸ਼ੌਕ ਰੱਖਣ ਵਾਲੇ ਲੋਕਾਂ ਲਈ ਪੰਜਾਬ ਸਰਕਾਰ ਨੇ ਨਵੇਂ ਨਿਰਦੇਸ਼ ਜਾਰੀ ਕੀਤੇ ਹਨ। ਇਸ ਅਨੁਸਾਰ ਪਾਲਤੂ ਕੁੱਤੇ ਰੱਖਣ ਦੇ ਲਈ ਰਜਿਸਟੇਰਸ਼ਨ (ਆਰ ਸੀ) ਕਰਾਉਣੀ ਪਵੇਗੀ, ਜਿਸ ਦੌਰਾਨ ਇੱਕ ਰਜਿਸਟਰੇਸ਼ਨ ਨੰਬਰ ਮਿਲੇਗਾ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਵੱਲੋਂ ਪੱਤਰ ਮੁਤਾਬਕ ਪੇਂਡੂ ਇਲਾਕਿਆਂ ਵਿੱਚ ਪਾਲਤੂ ਕੁੱਤੇ ਰੱਖਣ ਦੇ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ, ਜਿਨ੍ਹਾਂ ਅਨੁਸਾਰ ਚਾਰ ਮਹੀਨੇ ਤੋਂ ਵੱਧ ਉਮਰ ਦੇ ਪਾਲਤੂ ਕੁੱਤੇ ਦੀ ਰਜਿਸਟਰੇਸ਼ਨ ਕਰਵਾਉਣੀ ਜ਼ਰੂਰੀ ਹੋਵੇਗੀ। ਇਹ ਉਮਰ ਹੱਦ ਪੂਰੀ ਕਰਨ ਤੋਂ ਤੀਹ ਦਿਨਾਂ ਦੇ ਅੰਦਰ ਕੁੱਤੇ



ਦਾ ਮਾਲਕ ਪੰਜਾਹ ਰੁਪਏ ਫੀਸ ਨਾਲ ਰਜਿਸਟਰੇਸ਼ਨ ਦੇ ਲਈ ਆਪਣੇ ਪਿੰਡ ਦੀ ਪੰਚਾਇਤ ਨੂੰ ਬੇਨਤੀ ਕਰੇਗਾ। ਰਜਿਸਟਰੇਸ਼ਨ ਤੋਂ ਬਾਅਦ ਪੰਚਾਇਤ ਵੱਲੋਂ ਧਾਤੂ ਵਾਲਾ ਟੋਕਨ ਜਾਰੀ ਕੀਤਾ ਜਾਵੇਗਾ, ਜੋ ਪਾਲਤੂ ਕੁੱਤੇ ਦੇ ਕਾਲਰ ਨਾਲ ਅਟੈਚ ਕਰਨਾ ਹੋਵੇਗਾ। ਪਾਲਤੂ ਕੁੱਤਿਆਂ ਨੂੰ ਹਲਕਾਅ ਤੋਂ ਬਚਾਉਣ ਲਈ ਸਰਕਾਰੀ ਵੈਟਰਨਰੀ ਡਾਕਟਰ ਤੋਂ ਸਮੇਂ ਸਮੇਂ ਟੀਕਾਕਰਨ ਕਰਵਾਉਣਾ ਹੋਵੇਗਾ। ਪਾਲਤੂ ਕੁੱਤੇ ਨੂੰ ਘਰੋਂ ਬਾਹਰ ਲੈ ਕੇ ਜਾਣ ਤੋਂ ਪਹਿਲਾਂ ਚੇਨ ਬੰਨ੍ਹੀ ਜਾਵੇਗੀ। ਜੇ ਕੋਈ ਪਾਲਤੂ ਕੁੱਤਾ ਖੂੰਖਾਰ ਹੋਵੇ ਤਾਂ ਬਾਹਰ ਲੈ ਕੇ ਜਾਣ ਵਾਲੇ ਵਿਅਕਤੀ ਕੋਲ ਡੰਡਾ ਹੋਣਾ ਜ਼ਰੂਰੀ ਹੈ। ਰਜਿਸਟਰਡ ਪਾਲਤੂ ਕੁੱਤਾ ਹਮੇਸ਼ਾ ਉਸ ਦੇ ਮਾਲਕ ਦੇ ਕੰਟਰੋਲ 'ਚ ਰਹੇਗਾ ਤਾਂ ਕਿ ਉਹ ਕਿਸੇ ਨੂੰ ਡਰਾ ਨਾ ਸਕੇ, ਨੁਕਸਾਨ ਨਾ ਪਹੁੰਚਾ ਸਕੇ ਤੇ ਵੱਢ ਨਾ ਸਕੇ। ਪਾਲਤੂ ਕੁੱਤੇ ਦੇ ਮਾਲਕ ਵੱਲੋਂ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਪਾਲਤੂ ਕੁੱਤੇ ਵੱਲੋਂ ਰਿਹਾਇਸ਼ੀ ਇਲਾਕੇ, ਗਲੀ, ਮੁਹੱਲੇ 'ਚ ਗੰਦਗੀ ਨਾ ਪਾਈ ਜਾਵੇ। ਰਜਿਸਟਰਡ ਪਾਲਤੂ ਕੁੱਤੇ ਦੇ ਮਾਲਕ ਵੱਲੋਂ ਪਾਲਤੂ ਰੱਖਣ ਲਈ ਉਚਿਤ ਜਗ੍ਹਾ, ਖਾਣਾ, ਮੈਡੀਕਲ ਸਹੂਲਤਾਂ ਦੇਣ ਦੇ ਪੁਖਤਾ ਪ੍ਰਬੰਧ ਹੋਣ।

## ਲਿੰਗ ਨਿਰਧਾਰਤ ਟੈਸਟ ਕਰਨ ਵਾਲਾ ਡਾਕਟਰ ਤੇ ਸਹਾਇਕ ਕਾਬੂ



ਕਾਹਨੂੰਵਾਨ, 20 ਅਕਤੂਬਰ (ਪੋਸਟ ਬਿਊਰੋ)- ਇਥੋਂ ਨੇੜਲੇ ਅੱਡਾ ਡੇਹਰੀਵਾਲ ਦਰੋਗਾ ਵਿੱਚ ਚੱਲਦੇ ਰੂਬੀ ਹਸਪਤਾਲ ਤੇ ਡਾਇਗਨੋਸਟਿਕ ਸੈਂਟਰ ਵਿਖੇ ਸਿਹਤ ਵਿਭਾਗ ਦੀ ਟੀਮ ਨੇ ਛਾਪਾ ਮਾਰ ਕੇ ਲਿੰਗ ਨਿਰਧਾਰਤ ਟੈਸਟ ਕਰ ਰਹੇ ਇੱਕ ਡਾਕਟਰ ਅਤੇ ਉਸ ਦੇ ਸਹਾਇਕ ਨੂੰ ਮੌਕੇ 'ਤੇ ਕਾਬੂ ਕਰ ਲਿਆ ਹੈ ਅਤੇ ਇਸ ਬਾਰੇ ਦੋਸ਼ੀਆਂ ਦੇ ਵਿਰੁੱਧ ਥਾਣਾ ਸੇਖਵਾਂ ਦੀ ਪੁਲਸ ਨੇ ਅਪਰਾਧਕ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।


ਥਾਣਾ ਸੇਖਵਾਂ ਦੇ ਮੁਖੀ ਸਬ ਇੰਸਪੈਕਟਰ ਮੈਡਮ ਪ੍ਰੀਤੀ ਨੇ ਦੱਸਿਆ ਕਿ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਕਿਸ਼ਨ ਚੰਦ ਨੇ ਪੁਲਸ ਨੂੰ ਦੱਸਿਆ ਹੈ ਕਿ ਉਨ੍ਹਾਂ ਦੀ ਟੀਮ ਨੇ ਫਰਜ਼ੀ ਗ੍ਰਾਹਕ ਨੂੰ ਗਰਭਵਤੀ ਮਹਿਲਾ ਬਣਾ ਕੇ ਕਨਸੈਂਟ ਫਾਰਮ ਭਰਵਾ ਕੇ ਮਹਿਕਮੇ ਵੱਲੋਂ ਪੈਸੇ ਦੇ ਕੇ ਅਤੇ ਨੋਟਾਂ ਦੇ ਨੰਬਰ ਨੋਟ ਕਰ ਕੇ ਲਿੰਗ ਨਿਰਧਾਰਤ ਟੈਸਟ ਕਰਵਾਉਣ ਲਈ ਅੱਡਾ ਡੇਹਰੀਵਾਲ ਦਰੋਗਾ ਵਿੱਚ ਚੱਲਦੇ ਰੂਬੀ ਹਸਪਤਾਲ ਤੇ ਡਾਇਗਨੋਸਟਿਕ ਸੈਂਟਰ ਦੇ ਮਾਲਕ ਡਾਕਟਰ ਰਬਿੰਦਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮੁਹੱਲਾ ਪ੍ਰਤਾਪ ਨਗਰ, ਕਾਦੀਆਂ ਕੋਲ ਭੇਜਿਆ ਸੀ। ਉਸ ਮਹਿਲਾ ਨੂੰ ਉਸ ਸੈਂਟਰ ਦੇ ਡਾਕਟਰ ਰਬਿੰਦਰਜੀਤ ਸਿੰਘ ਨੇ ਆਪਣੇ ਸਹਾਇਕ ਵਿਨੋਦ ਕੁਮਾਰ ਸ਼ਰਮਾ ਵਾਸੀ ਕਾਹਨੂੰਵਾਨ ਨਾਲ ਗੱਲ ਕਰਨ ਨੂੰ ਕਿਹਾ ਸੀ। ਸਹਾਇਕ ਵਿਨੋਦ ਕੁਮਾਰ ਨੇ ਲਿੰਗ ਨਿਰਧਾਰਤ ਟੈਸਟ ਕਰਨ ਲਈ ਉਕਤ ਮਹਿਲਾ ਤੋਂ ਚਾਲੀ ਹਜ਼ਾਰ ਰੁਪਏ ਦੀ ਮੰਗ ਕੀਤੀ। ਕੱਲ੍ਹ ਦੇਰ ਰਾਤ ਲਿੰਗ ਨਿਰਧਾਰਤ ਟੈਸਟ ਕਰਨ ਦੇ ਮਿਥੇ ਸਮੇਂ ਮੁਤਾਬਕ ਡਾਕਟਰ ਕਿਸ਼ਨ ਚੰਦ ਸਿਵਲ ਸਰਜਨ ਗੁਰਦਾਸਪੁਰ ਨੇ ਆਪਣੀ ਟੀਮ ਸਮੇਤ ਮੌਕੇ ਉੱਤੇ ਪਹੁੰਚ ਕੇ ਲਿੰਗ ਨਿਰਧਾਰਤ ਟੈਸਟ ਕਰਦੇ ਹੋਏ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਤੇ ਟੈਸਟ ਕਰਨ ਤੋਂ ਪਹਿਲਾਂ ਡਾਕਟਰ ਅਤੇ ਉਸ ਦੇ ਸਹਾਇਕ ਵੱਲੋਂ ਲਿੰਗ ਨਿਰਧਾਰਤ ਟੈਸਟ ਕਰਨ ਲਈ ਫਰਜ਼ੀ ਗ੍ਰਾਹਕ ਮਹਿਲਾ ਵੱਲੋਂ ਦਿੱਤੇ ਗਏ ਪੈਸਿਆਂ ਵਿੱਚੋਂ 14 ਹਜ਼ਾਰ ਰੁਪਏ ਨਕਦ ਵੀ ਉਨ੍ਹਾਂ ਕੋਲੋਂ ਬਰਾਮਦ ਕਰ ਲਏ। ਇਸ ਦੇ ਸੰਬੰਧ ਵਿੱਚ ਥਾਣਾ ਸੇਖਵਾਂ ਦੀ ਮੁਖੀ ਸਬ ਇੰਸਪੈਕਟਰ ਪ੍ਰੀਤੀ ਨੇ ਦੱਸਿਆ ਕਿ ਦੋਸ਼ੀ ਡਾਕਟਰ ਰਬਿੰਦਰਜੀਤ ਸਿੰਘ ਅਤੇ ਉਸ ਦੇ ਸਹਾਇਕ ਵਿਨਦੋ ਕੁਮਾਰ ਸ਼ਰਮਾ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਅਤੇ ਲਿੰਗ ਨਿਰਧਾਰਤ ਲਈ ਵਰਤੇ ਜਾਣ ਵਾਲੇ ਬਰਾਮਦ ਸਾਜੋ ਸਾਮਾਨ ਨੂੰ ਸਿਹਤ ਵਿਭਾਗ ਦੀ ਟੀਮ ਵੱਲੋਂ ਸੀਲ ਕਰ ਦਿੱਤਾ ਗਿਆ ਹੈ।

## ਮੌੜ ਬੰਬ ਧਮਾਕਾ ਕੇਸ ਵਿਚ ਖੱਟੜਾ ਦੀ ਅਗਵਾਈ ਹੇਠਲੀ ਜਾਂਚ ਟੀਮ ਕੋਰਟ ਨੇ ਭੰਗ ਕੀਤੀ

* ਨਵੀਂ ਜਾਂਚ ਟੀਮ ਬਣਾਉਣ ਦੇ ਹੁਕਮ ਜਾਰੀ

ਚੰਡੀਗੜ੍ਹ, 20 ਅਕਤੂਬਰ, (ਪੋਸਟ ਬਿਊਰੋ)- ਸਾਲ 2017 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਮੌੜ ਮੰਡੀ ਵਿੱਚ ਕਾਂਗਰਸ ਦੇ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਦੇ ਚੋਣ ਪ੍ਰੋਗਰਾਮ ਦੇ ਦੌਰਾਨ ਹੋਏ ਬੰਬ ਧਮਾਕੇ ਦੀ ਜਾਂਚ ਕਰਦੀ ਪੰਜਾਬ ਪੁਲਿਸ ਦੀ ਵਿਸੇਸ਼ ਜਾਂਚ ਟੀਮ (ਐੱਸ ਆਈ ਟੀ) ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭੰਗ ਕਰ ਦਿੱਤੀ ਹੈ। ਇਸ ਜਾਂਚ ਟੀਮ ਦੀ ਅਗਵਾਈ ਰਣਬੀਰ ਸਿੰਘ ਖੱਟੜਾ ਕਰ ਰਹੇ ਸਨ।

ਅੱਜ ਇਸ ਕੇਸ ਬਾਰੇ ਸੁਣਵਾਈ ਮੌਕੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਕੇਸ ਦੀ ਜਾਂਚ ਕਰਨ ਲਈ ਨਵੀਂ ਵਿਸ਼ੇਸ਼ ਜਾਂਚ ਟੀਮ ਬਣਾਉਣ ਲਈ ਹੁਕਮ ਜਾਰੀ ਕੀਤੇ ਹਨ। ਇਸ ਸੰਬੰਧ ਵਿੱਚ ਹਾਈ ਕੋਰਟ ਨੇ ਪੰਜਾਬ ਪੁਲਸ ਦੇ ਡੀ ਜੀ ਪੀ (ਲਾਅ ਐਂਡ ਆਰਡਰ) ਨੂੰ ਦੋ ਹਫ਼ਤਿਆਂ ਵਿੱਚ ਨਵੀਂ ਟੀਮ ਬਣਾਉਣ ਤੇ ਤਿੰਨ ਮਹੀਨਿਆਂ ਅੰਦਰ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਕੋਰਟ ਨੇ ਨਾਲ ਇਹ ਵੀ ਖਾਸ ਹਦਾਇਤ ਕਰ ਦਿੱਤੀ ਹੈ ਕਿ ਨਵੀਂ ਐੱਸ ਆਈ ਟੀ ਦੀ ਅਗਵਾਈ ਇੰਸਪੈਕਟਰ ਜਨਰਲ (ਆਈ ਜੀ) ਜਾਂ ਡਿਪਟੀ ਇੰਸਪੈਕਟਰ ਜਨਰਲ (ਡੀ ਆਈ ਜੀ) ਰੈਂਕ ਦੇ ਅਫਸਰ ਨੂੰ ਸੌਂਪੀ ਜਾਵੇ ਅਤੇ ਨਵੀਂ ਐੱਸ ਆਈ ਟੀ ਵਿੱਚ ਬਾਕੀ ਅਫ਼ਸਰਾਂ ਵਿਚ ਸਿਰਫ ਐੱਸ ਪੀ ਅਤੇ ਡੀ ਐੱਸ ਪੀ ਰੈਂਕ ਦੇ ਅਫਸਰ ਹੋਣ। ਇਹ ਹਦਾਇਤਾਂ ਹਾਈ ਕੋਰਟ ਦੇ ਦੂਸਰੇ ਸਭ ਤੋਂ ਸੀਨੀਅਰ ਜੱਜ ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਅਰੁਣ ਪੱਲੀ ਦੇ ਬੈਂਚ ਨੇ ਜਾਰੀ ਕੀਤੀਆਂ ਹਨ। ਅਦਾਲਤ ਨੇ ਇਹ ਸਪਸ਼ਟ ਕੀਤਾ ਹੈ ਕਿ ਇਸ ਦੀ ਜਾਂਚ ਕਰਦੇ ਅਫ਼ਸਰ ਜਾਂਚ ਯਕੀਨੀ ਕਰਨ ਲਈ ਨਿੱਜੀ ਤੌਰ ਉੱਤੇ ਜ਼ਿੰਮੇਵਾਰ ਹੋਣਗੇ। ਅਸਲ ਵਿੱਚ ਪਿਛਲੀ ਸੁਣਵਾਈ ਮੌਕੇ ਅਦਾਲਤ ਨੇ ਇਹ ਸਾਫ ਕਰ ਦਿੱਤਾ ਸੀ ਕਿ ਰਣਬੀਰ





ਸਿੰਘ ਖੱਟੜਾ ਦੀ ਅਗਵਾਈ ਵਾਲੀ ਐੱਸ ਆਈ ਟੀ ਦੀ ਸਟੇਟਸ ਰਿਪੋਰਟ ਤੋਂ ਅਦਾਲਤ ਸੰਤੁਸ਼ਟ ਨਹੀਂ।

ਵਰਨਣ ਯੋਗ ਹੈ ਕਿ ਪੰਜਾਬ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਮੌੜ ਮੰਡੀ ਵਿੱਚ ਹੋਏ ਇਸ ਬੰਬ ਧਮਾਕੇ ਦੀ ਸਾਜਿਸ਼ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਕੁੜਮ ਅਤੇ ਇਸ ਹਲਕੇ ਤੋਂ ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਦੀ ਸ਼ਮੂਲੀਅਤ ਦੇ ਦੋਸ਼ਾਂ ਦਾ ਮੁੱਦਾ ਹਾਈ ਕੋਰਟ ਪੁੱਜਾ ਸੀ। ਗੁਰਜੀਤ ਸਿੰਘ ਪਾਤੜਾਂ ਅਤੇ ਇੱਕ ਸਾਬਕਾ ਡੇਰਾ ਪ੍ਰੇਮੀ ਅਤੇ ਸਾਬਕਾ ਪੁਲਿਸ ਮੁਲਾਜਮ ਸੁਖਵਿੰਦਰ ਸਿੰਘ (72) ਨੇ ਐਡਵੋਕੇਟ ਮੋਹਿੰਦਰ ਸਿੰਘ ਜੋਸ਼ੀ ਤੇ ਐਡਵੋਕੇਟ ਰਵਨੀਤ ਸਿੰਘ ਜੋਸ਼ੀ ਰਾਹੀਂ ਸਾਂਝੀ ਅਰਜ਼ੀ ਦੇ ਕੇ ਡੇਰਾ ਮੁਖੀ ਰਾਮ ਰਹੀਮ ਸਿੰਘ ਅਤੇ ਹਰਮਿੰਦਰ ਸਿੰਘ ਜੱਸੀ ਤੋਂ ਪੁੱਛਗਿੱਛ ਕਰਨ ਦੀ ਮੰਗ ਕੀਤੀ ਸੀ। ਇਸ ਦੇ ਨਾਲ ਇਸ ਕੇਸ ਦੀ ਜਾਂਚ ਵੀ ਨੈਸ਼ਨਲ ਇਨਵੈੱਸਟੀਗੇਸ਼ਨ ਏਜੰਸੀ (ਐੱਨ ਆਈ ਏ) ਜਾਂ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਸੌਂਪਣ ਦੀ ਮੰਗ ਕੀਤੀ ਗਈ ਸੀ। ਅਰਜ਼ੀ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਬੰਬ ਧਮਾਕੇ ਦੀ ਸਾਜਿਸ਼ ਡੇਰਾ ਸੱਚਾ ਸੌਦਾ ਸਿਰਸਾ ਵਿੱਚ ਡੇਰਾ ਮੁਖੀ ਰਾਮ ਰਹੀਮ ਨੇ ਘੜੀ ਸੀ ਅਤੇ ਇਸ ਦਾ ਮੁੱਖ ਮਨੋਰਥ ਰਾਮ ਰਹੀਮ ਦੇ ਕਰੀਬੀ ਰਿਸ਼ਤੇਦਾਰ ਅਤੇ ਕਾਂਗਰਸ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਦੀ ਚੋਣ ਮੁਹਿੰਮ ਨੂੰ ਪ੍ਰਭਾਵਤ ਕਰਨਾ ਸੀ। ਇਸ ਬਾਰੇ ਕਈ ਗਵਾਹ ਅਤੇ ਸਬੂਤ ਮੌਜੂਦ ਹੋਣ ਦਾ ਦਾਅਵਾ ਕਰ ਕੇ ਪੰਜਾਬ ਪੁਲਿਸ ਦੀ ਜਾਂਚ ਵਿੱਚ ਇਨ੍ਹਾਂ ਪੱਖਾਂ ਨੂੰ ਜਾਣਬੁਝ ਕੇ ਅੱਖੋਂ-ਓਹਲੇ ਕਰਨ ਦਾ ਸਿੱਧਾ ਦੋਸ਼ ਲਾਇਆ ਗਿਆ ਸੀ।



## ਗਾਂਧੀ ਦੀ ਮੌਤ ਗੋਡਸੇ ਦੀ ਗੋਲੀ ਨਾਲ ਹੋਣ ਜਾਂ ਨਾ ਹੋਣ ਦੀ ਜਾਂਚ ਜਾਰੀ ਹੈ: ਸਵਾਮੀ



ਸ਼ਿਮਲਾ, 20 ਅਕਤੂਬਰ (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਵਿੱਚ ਭਾਜਪਾ ਮੈਂਬਰ ਸੁਬਰਾਮਨੀਅਮ ਸਵਾਮੀ ਦਾ ਕਹਿਣਾ ਹੈ ਕਿ ਮਹਾਤਮਾ ਗਾਂਧੀ ਦੀ ਮੌਤ ਗੋਡਸੇ ਦੀ ਗੋਲੀ ਨਾਲ ਹੋਈ ਜਾਂ ਨਹੀਂ, ਇਸ ਉੱਤੇ ਉਹ ਖੋਜ ਕਰ ਰਹੇ ਹਨ ਅਤੇ 16 ਬਿੰਦੂ ਨੁਕਤੇ ਅਜਿਹੇ ਹਨ, ਜਿੱਥੇ ਖਾਮੀਆਂ ਹਨ। ਕੇਂਦਰ ਸਰਕਾਰ ਵੱਲੋਂ ਇਸ ਕੇਸ ਵਿੱਚ ਜਾਂਚ ਦੀਆਂ ਸਥਿਤੀਆਂ ਅਜਿਹੀਆ ਰਹੀਆਂ ਕਿ ਜਾਂਚ ਹੋਣਾ ਲਾਜ਼ਮੀ ਹੈ। ਸਵਾਮੀ ਨੇ ਸਵਾਲ ਕੀਤਾ ਕਿ ਮਹਾਤਮਾ ਗਾਂਧੀ ਨੂੰ ਚਾਲੀ ਮਿੰਟ ਤੱਕ ਹਸਪਤਾਲ ਕਿਉਂ ਨਹੀਂ ਲੈ ਕੇ ਗਏ, ਉਨ੍ਹਾਂ ਦੇ ਨਾਲ ਦੇ ਲੋਕਾਂ ਨੂੰ ਗਵਾਹ ਕਿਉਂ ਨਾ ਬਣਾਇਆ ਗਿਆ? ਐਫ ਆਈ ਆਰ ਦਰਜ ਕਿਉਂ ਨਾ ਕਰਵਾਈ? ਹੱਤਿਆ ਤੋਂ ਜਿਨ੍ਹਾਂ ਨੂੰ ਲਾਭ ਹੋਇਆ, ਉਨ੍ਹਾਂ ਤੋਂ ਪੁੱਛਗਿੱਛ ਕਿਉਂ ਨਾ ਕੀਤੀ? ਸ਼ਿਮਲਾ ਵਿੱਚ ਅਖਿਲ ਭਾਰਤੀ ਵਿਰਾਟ ਹਿੰਦ ਮਹਾਸਭਾ ਦੇ ਮੈਂਬਰਾਂ ਨਾਲ ਕੱਲ੍ਹ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਵਾਮੀ ਨੇ ਕਿਹਾ ਕਿ ਅਯੁੱਧਿਆ ਵਿੱਚ ਫੈਸਲਾ ਸਾਡੇ ਹੱਕ ਦਾ ਆਏਗਾ। ਇਸ ਦੇ ਬਾਅਦ ਦੋ ਹੋਰ ਸਥਾਨਾਂ ਉੱਤੇ ਮਸਜਿਦਾਂ ਨੂੰ ਤੋੜ ਕੇ ਮੰਦਰ ਬਣਾਉਣ ਦੀ ਮੰਗ ਕੇਂਦਰ ਨੂੰ ਕਰਾਂਗਾ। ਕੇਂਦਰ ਸਰਕਾਰ ਨਾ ਮੰਨੇਗੀ ਤਾਂ ਅੰਦੋਲਨ ਹੋਵੇਗਾ। ਕਾਸ਼ੀ ਵਿਸ਼ਵਨਾਥ ਮੰਦਰ ਤੇ ਮਥੁਰਾ ਵਿੱਚ ਮੁਗਲ ਸ਼ਾਸਕ ਦੇ ਹੁਕਮ 'ਤੇ ਮੰਦਰ ਤੋੜ ਕੇ ਮਸਜਿਦ ਬਣਾਈ ਗਈ ਸੀ।

ਉਨ੍ਹਾਂ ਨੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੂੰ ਚਰਿ-ਤਰਵਾਨ ਤਾਂ ਦੱਸ ਕੇ ਕਿਹਾ ਕਿ ਉਨ੍ਹਾਂ ਵਿੱਚ ਰਾਸ਼ਟਰਵਾਦ ਨਹੀਂ ਸੀ, ਇਸ ਲਈ ਇਟਲੀ ਦੀ ਮਹਿਲਾ ਤੋਂ ਡਰਦੇ ਰਹੇ। ਰਾਹੁਲ ਗਾਂਧੀ ਨੂੰ ਸਦਾ ਜਾਣਕਾਰੀ ਦੀ ਘਾਟ ਰਹਿੰਦੀ ਹੈ। ਮੰਦੀ ਦੇ ਮਾਮਲੇ ਵਿੱਚ ਵੀ ਅਜਿਹਾ ਹੈ। ਪਾਕਿਸਤਾਨ ਦੀ ਹਾਲਤ ਲਗਾਤਾਰ ਖਰਾਬ ਹੋਵੇਗੀ। ਫਰਵਰੀ ਤੱਕ ਦੁਨੀਆ ਦੇ ਵੱਡੇ ਦੇਸ਼ ਵੀ ਉਸ ਨੂੰ ਬਲੈਕ ਲਿਸਟ ਕਰ ਦੇਣਗੇ।

## ਨਕਲ ਰੋਕਣ ਲਈ ਵਿਦਿਆਰਥੀਆਂ ਦੇ ਸਿਰਾਂ ਉੱਤੇ ਡੱਬੇ ਪਾ ਦਿੱਤੇ ਗਏ

ਬੰਗਲੌਰ, 20 ਅਕਤੂਬਰ (ਪੋਸਟ ਬਿਊਰੋ)- ਕਰਨਾਟਕ ਦੇ ਹਵੇਰੀ ਜ਼ਿਲੇ ਦੇ ਇੱਕ ਕਾਲਜ ਵਿੱਚ ਨਕਲ ਰੋਕਣ ਲਈ ਵਿਦਿਆਰਥੀਆਂ ਦੇ ਸਿਰਾਂ ਉੱਤੇ ਗੱਤੇ ਦੇ ਡੱਬੇ ਪਾ ਕੇ ਉਨ੍ਹਾਂ ਦੀ ਪ੍ਰੀਖਿਆ ਲਈ ਗਈ।

ਅਧਿਕਾਰਤ ਸੂਤਰਾਂ ਮੁਤਾਬਕ 16 ਅਕਤੂਬਰ ਨੂੰ ਲਈ ਪ੍ਰੀਖਿਆ ਦੌਰਾਨ ਵਿਦਿਆਰਥੀਆਂ ਨੂੰ ਸਿਰਾਂ 'ਤੇ ਪਾਉਣ ਲਈ ਗੱਤੇ ਦੇ ਡੱਬੇ ਦਿੱਤੇ ਗਏ ਸਨ, ਜਿਨ੍ਹਾਂ ਦਾ ਇੱਕ ਪਾਸਾ ਖੁੱਲ੍ਹਾ ਸੀ। ਸੂਤਰਾਂ ਅਨੁਸਾਰ ਕਾਲਜ ਨੇ ਕਿਹਾ ਕਿ ਇਹ ਡੱਬੇ ਵਿਦਿਆਰਥੀਆਂ ਨੂੰ ਆਪਣੇ ਸਾਥੀ ਵਿਦਿਆਰਥੀਆਂ ਦੇ ਪੇਪਰ ਦੀ ਨਕਲ ਕਰਨ ਤੋਂ ਰੋਕਣ ਲਈ ਕੀਤਾ ਤਜਰਬਾ ਸੀ। ਸਿਰਾਂ ਉੱਤੇ ਗੱਤੇ ਦੇ ਡੱਬੇ ਪਾ ਕੇ ਪ੍ਰੀਖਿਆ ਦੇ ਰਹੇ ਵਿਦਿਆਰਥੀਆਂ ਦੀਆਂ ਫੋਟੋ ਸੋਸ਼ਲ ਮੀਡੀਆ ਉਤੇ ਵਾਇਰਲ ਹੋਣ ਤੋਂ ਬਾਅਦ ਸਿਖਿਆ ਬੋਰਡ ਦੇ ਅਧਿਕਾਰੀ ਕਾਲਜ ਪਹੁੰਚੇ ਤੇ ਇਹ ਕੰਮ ਰੁਕਵ-ਾਇਆ। ਅਧਿਕਾਰੀਆਂ ਨੇ ਦੱਸਿਆ ਕਿ ਕਾਲਜ ਨੂੰ ਇਸ ਬਾਰੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

ਇਸ ਦੌਰਾਨ ਪ੍ਰਾਇਮਰੀ ਤੇ ਸੈਕਡੰਰੀ ਸਿਖਿਆ ਮੰਤਰੀ ਐਸ ਸੁਰੇਸ਼ ਕੁਮਾਰ ਨੇ ਆਪਣੇ ਫੇਸਬੁਕ ਪੇਜ ਉੱਤੇ ਲਿਖਿਆ, ਇਹ ਹਰਕਤ ਬਿਲਕੁਲ ਵੀ ਬਰਦਾਸ਼ਤ ਕਰਨ ਯੋਗ ਨਹੀਂ ਹੈ। ਕਿਸੇ ਨੂੰ ਵੀ ਵਿਦਿਆਰਥੀਆਂ ਨਾਲ ਪਸ਼ੂਆਂ ਵਰਗਾ ਸਲੂਕ ਕਰਨ ਦਾ ਅਧਿਕਾਰ ਨਹੀਂ ਹੈ। ਇਸ ਗਲਤੀ ਲਈ ਸਖਤ ਕਾਰਵਾਈ ਕੀਤੀ ਜਾਵੇਗੀ।

## ਦੁਬਈ ਵਿੱਚ ਰਚੀ ਗਈ ਸੀ ਹਿੰਦੂ ਆਗੂ ਦੇ ਕਤਲ ਦੀ ਸਾਜ਼ਿਸ਼

### * 3 ਜਣੇ ਫੜੇ, ਅੱਤਵਾਦ ਨਾਲ ਸੰਬੰਧ ਨਹੀਂ: ਡੀ ਜੀ ਪੀ

ਲਖਨਊ, 20 ਅਕਤੂਬਰ (ਪੋਸਟ ਬਿਊਰੋ)- ਹਿੰਦੂ ਸਮਾਜ ਪਾਰਟੀ ਦੇ ਆਗੂ ਕਮਲੇਸ਼ ਤਿਵਾੜੀ ਦੇ ਕਤਲ ਕੇਸ ਵਿੱਚ ਪੁਲਸ ਨੇ 3 ਜਣਿਆਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਨ੍ਹਾਂ ਦੀ ਪਛਾਣ ਮੁਹੰਮਦ ਨਈਅਮ ਕਾਜ਼ਮੀ ਅਤੇ ਇਮਾਮ ਮੌਲਾਨਾ ਅਨਵਰੁੱਲ ਹੱਕ, ਦੋਵੇਂ ਵਾਸੀ ਬਿਜਨੌਰ ਵਜੋਂ ਹੋਈ ਹੈ। ਇਸ ਦੇ ਨਾਲ ਅੱਤਵਾਦ ਵਿਰੋਧੀ ਦਸਤੇ (ਏ ਟੀ ਐੱਸ) ਨੇ ਕਿਹਾ ਹੈ ਕਿ ਕਮਲੇਸ਼ ਤਿਵਾੜੀ ਦੇ ਕਤਲ ਦੀ ਸਾਜ਼ਿਸ਼ ਦੁਬਈ ਵਿੱਚ ਰਚੀ ਗਈ ਸੀ।

ਕਮਲੇਸ਼ ਤਿਵਾੜੀ ਦੀ ਪਤਨੀ ਕਿਰਨ ਦੀ ਸ਼ਿਕਾਇਤ ਉੱਤੇ ਇਨ੍ਹਾਂ ਦੋਵਾਂ ਜਣਿਆਂ ਉੱਤੇ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਕਿਰਨ ਨੇ ਦੋਸ਼ ਲਾਇਆ ਕਿ ਇਨ੍ਹਾਂ ਦੋਵਾਂ ਨੇ 2016 ਵਿੱਚ ਉਸ ਦੇ ਪਤੀ ਨੂੰ ਮਾਰਨ ਲਈ 1.5 ਕਰੋੜ ਰੁਪਏ ਦਾ ਇਨਾਮ ਐਲਾਨਿਆ ਸੀ। ਬਾਕੀ ਤਿੰਨਾਂ ਨੂੰ ਪੁਲਸ ਨੇ ਗੁਜਰਾਤ ਦੇ ਸੂਰਤ ਤੋਂ ਗ੍ਰਿਫਤਾਰ ਕੀਤਾ ਹੈ। ਉੱਤਰ ਪ੍ਰਦੇਸ਼ ਦੇ ਪੁਲਸ ਮੁਖੀ (ਡੀ ਜੀ ਪੀ), ਓ ਪੀ ਸਿੰਘ ਨੇ ਕਿਹਾ ਕਿ ਉੱਤਰ ਪ੍ਰਦੇਸ਼ ਤੇ ਗੁਜਰਾਤ ਪੁਲਸ ਵੱਲੋਂ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਇਸ ਘਟਨਾ ਦਾ ਅੱਤਵਾਦ ਨਾਲ ਸੰਬੰਧ ਨਹੀਂ ਹੈ। ਉਨ੍ਹਾਂ ਦੱਸਿਆ ਕਿ ਘਟਨਾ ਸਥਾਨ ਤੋਂ ਮਿਲੇ ਮਿਠਾਈ ਦੇ ਡੱਬਿਆਂ ਦੇ ਆਧਾਰ 'ਤੇ ਉਨ੍ਹਾਂ ਗੁਜਰਾਤ ਦੀ ਪੁਲਸ ਨਾਲ ਸੰਪਰਕ ਕਰ ਕੇ ਆਪਣੀਆਂ ਟੀਮਾਂ ਉਥੇ ਭੇਜੀਆਂ ਅਤੇ ਸੂਰਤ ਤੋਂ ਮਠਿਆਈ ਦੀ ਦੁਕਾਨ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖਣ ਪਿੱਛੋਂ ਫੈਜ਼ਨ ਯੂਨਸ ਭਾਈ ਦੀ ਸ਼ਨਾਖਤ ਹੋਈ ਸੀ। ਇਸ ਤੋਂ ਬਾਅਦ ਮੌਲਾਨਾ ਮੋਹਸਿਨ ਸ਼ੇਖ਼ ਅਤੇ ਰਾਸ਼ਿਦ ਖੁਰਸ਼ੀਦ ਅਹਿਮਦ ਪਠਾਨ ਨੂੰ ਹਿਰਾਸਤ ਵਿੱਚ ਲਿਆ ਗਿਆ। ਉਨ੍ਹਾਂ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਾ ਹੈ ਕਿ ਇਹ ਤਿੰਨੇ ਕਮਲੇਸ਼ ਤਿਵਾੜੀ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਸਨ, ਪਰ ਇਨ੍ਹਾਂ ਦਾ ਕਿਸੇ ਅੱਤਵਾਦੀ ਜਥੇਬੰਦੀ ਨਾਲ ਸੰਬੰਧ ਨਹੀਂ ਹੈ। ਦੋ ਹੋਰ ਵਿਅਕਤੀਆਂ ਰਾਸ਼ਿਦ ਦੇ ਭਰਾ ਤੇ ਗੌਰਵ ਤਿਵਾੜੀ ਤੋਂ ਪੁੱਛ ਪੜਤਾਲ ਕੀਤੀ ਗਈ, ਪਰ ਬਾਅਦ ਵਿੱਚ ਉਨ੍ਹਾਂ ਨੂੰ ਛੱਡ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੌਰਵ ਨੇ ਕੁਝ ਦਿਨ ਪਹਿਲਾਂ ਕਮਲੇਸ਼ ਨੂੰ ਫੋਨ ਕਰ ਕੇ ਸੂਰਤ ਵਿੱਚ ਹਿੰਦੂ ਸਮਾਜ ਪਾਰਟੀ ਲਈ ਕੰਮ ਕਰਨ ਦੀ ਇੱਛਾ ਦੱਸੀ ਸੀ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਕਿ ਕਮਲੇਸ਼ ਦਾ ਕਤਲ ਉਸ ਵੱਲੋਂ 2015 ਵਿੱਚ ਦਿੱਤੇ ਵਿਵਾਦਤ ਬਿਆਨ ਕਾਰਨ ਕੀਤਾ ਗਿਆ ਹੈ।



*ਪੁਲਸ ਦੀ ਗ੍ਰਿਫਤ ਵਿਚ ਫੜ੍ਹੇ ਗਏ ਸ਼ੱਕੀ ਮੁਲਜ਼ਿਮ।*

## ਰਵਿਦਾਸ ਮੰਦਰ ਦੀ ਮੁੜ ਉਸਾਰੀ ਲਈ ਥਾਂ ਦੇਣ ਵਾਸਤੇ ਕੇਂਦਰ ਵੀ ਮੰਨ ਗਿਆ



ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦੱਸਿਆ ਹੈ ਕਿ ਉਹ ਦੱਖਣੀ ਦਿੱਲੀ ਦੇ ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਲਈ ਸ਼ਰਧਾਲੂਆਂ ਦੀ ਕਮੇਟੀ ਨੂੰ 200 ਵਰਗ ਮੀਟਰ ਥਾਂ ਦੇਣ ਦੀ ਇੱਛੁਕ ਹੈ ਅਤੇ ਇਹ ਓਸੇ ਥਾਂ ਬਣਾਇਆ ਜਾ ਸਕਦਾ ਹੈ।

ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਐਸ ਰਵਿੰਦਰ ਭੱਟ ਦੇ ਬੈਂਚ ਨੇ ਕੇਂਦਰ ਸਰਕਾਰ ਦੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਦੀ ਰਾਏ ਨੂੰ ਦਰਜ ਕੀਤਾ ਅਤੇ ਮੰਦਰ ਉਸਾਰੀ ਦੀ ਮੰਗ ਕਰ ਰਹੇ ਪਟੀਸ਼ਨਰਾਂ ਨੂੰ ਕਿਹਾ ਕਿ ਜੇ ਉਨ੍ਹਾਂ ਨੂੰ ਕੋਈ ਇਤਰਾਜ਼ ਹੈ ਤਾਂ ਸੋਮਵਾਰ 21 ਅਕਤੂਬਰ ਤੱਕ ਇਸ ਬਾਰੇ ਤੱਥ ਦਰਜ ਕਰਾਏ ਜਾਣ। ਇਸ ਦੀ ਸੁਣਵਾਈ ਦੌਰਾਨ ਵੇਣੂਗੋਪਾਲ ਨੇ ਕਿਹਾ ਕਿ ਉਨ੍ਹਾਂ ਨੇ ਸ਼ਰਧਾਲੂਆਂ ਤੇ ਸਰਕਾਰੀ ਅਧਿਕਾਰੀਆਂ ਸਮੇਤ ਸਾਰੀਆਂ ਧਿਰਾਂ ਨਾਲ ਚਰਚਾ ਕੀਤੀ ਹੈ ਅਤੇ ਸ਼ਰਧਾਲੂਆਂ ਦੀ ਆਸਥਾ ਦੇ ਕਾਰਨ ਕੇਂਦਰ ਸਰਕਾਰ ਜ਼ਮੀਨ ਦਾ ਉਹ ਹੀ ਟੁਕੜਾ ਦੇਣ ਲਈ ਸਹਿਮਤ ਹੋ ਗਈ ਹੈ। ਅਟਾਰਨੀ ਜਨਰਲ ਨੇ ਦਲੀਲ ਦਿੱਤੀ ਕਿ ਮੰਦਰ ਬਣਾਉਣ ਲਈ ਸ਼ਰਧਾਲੂਆਂ ਦੀ ਕਮੇਟੀ ਨੂੰ ਉਹ 200 ਵਰਗ ਮੀਟਰ ਥਾਂ ਸੌਂਪੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਮੰਦਰ ਢਾਹੁਣ ਦੇ ਖਿਲਾਫ ਅਦਾਲਤ ਦੇ ਕੇਸ ਕਰਨ ਵਾਲੇ ਸੱਤਾਂ ਵਿੱਚੋਂ ਪੰਜ ਪਟੀਸ਼ਨਰਾਂ ਨੇ ਇਸ ਨਾਲ ਸਹਿਮਤੀ ਪ੍ਰਗਟਾਈ ਹੈ।

ਵਰਨਣ ਯੋਗ ਹੈ ਕਿ 4 ਅਕਤੂਬਰ ਨੂੰ ਹੋਈ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਤੁਗਲਕਾਬਾਦ ਜੰਗਲਾਤ ਖੇਤਰ ਵਿੱਚ ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਦੀ ਆਗਿਆ ਦੇਣ ਬਾਰੇ ਪਟੀਸ਼ਨਰਾਂ ਨਾਲ ਸਬੰਧਤ ਧਿਰਾਂ ਨੂੰ ਕਿਹਾ ਕਿ ਸੀ ਕਿ ਉਹ ਮੰਦਰ ਲਈ ਢੁਕਵੀ ਥਾਂ ਲਈ ਸਭ ਨੂੰ ਪ੍ਰਵਾਨਿਤ ਹੱਲ ਨਾਲ ਮੁੜ ਕੇ ਅਦਾਲਤ ਵਿੱਚ ਆਉਣ। ਅਦਾਲਤ ਨੇ ਕਿਹਾ ਕਿ ਉਹ ਸਭਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ, ਪਰ ਕਾਨੂੰਨ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੀ।

## ਦਿੱਲੀ ਵਿਧਾਨ ਸਭਾ ਦੇ ਸਪੀਕਰ ਨੂੰ 6 ਮਹੀਨੇ ਦੀ ਜੇਲ ਦਾ ਹੁਕਮ



ਨਵੀਂ ਦਿੱਲੀ, 20 ਅਕਤੂਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਆਗੂ ਅਤੇ ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਨੇ 6 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਰਾਮ ਨਿਵਾਸ ਦੇ ਨਾਲ ਉਨ੍ਹਾਂ ਦੇ ਬੇਟੇ ਸੁਮਿਤ ਗੋਇਲ ਅਤੇ 4 ਹੋਰਨਾਂ ਨੂੰ ਵੀ 6-6 ਮਹੀਨੇ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਸਭਨਾਂ ਉੱਤੇ ਦੋਸ਼ ਹੈ ਕਿ ਇਨ੍ਹਾਂ ਨੇ ਭਾਜਪਾ ਆਗੂ ਮਨੀਸ਼ ਘਈ ਦੀ ਕੁੱਟ-ਮਾਰ ਕੀਤੀ ਸੀ। ਜੇਲ ਦੀ ਸਜ਼ਾ ਦੇ ਨਾਲ ਅਦਾਲਤ ਨੇ ਇਨ੍ਹਾਂ ਸਭ ਨੂੰ ਇਕ-ਇਕ ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ।

ਪਤਾ ਲੱਗਾ ਹੈ ਕਿ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਤੇ ਬਾਕੀ 4 ਜਣਿਆਂ ਨੂੰ ਪੀੜਤ ਧਿਰ ਦੇ ਘਰ ਵਿੱਚ ਜਬਰੀ ਦਾਖ਼ਲ ਹੋਣ ਦੇ ਦੋਸ਼ ਵਿੱਚ ਸਜ਼ਾ ਹੋਈ ਹੈ। ਰਾਮ ਨਿਵਾਸ ਦੇ ਬੇਟੇ ਸੁਮਿਤ ਗੋਇਲ ਨੂੰ ਪੀੜਤ ਦੇ ਘਰ ਜਬਰੀ ਦਾਖਲ ਹੋਣ ਅਤੇ ਕੁੱਟਮਾਰ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਇਹ ਕੇਸ 6 ਫ਼ਰਵਰੀ 2015 ਦਾ ਹੈ, ਜਦੋਂ ਇਹ ਸਾਰੇ ਜਣੇ ਭਾਜਪਾ ਆਗੂ ਮਨੀਸ਼ ਘਈ ਦੇ ਘਰ ਜਬਰੀ ਦਾਖ਼ਲ ਹੋਏ ਅਤੇ ਕੁੱਟਮਾਰ ਕੀਤੀ ਸੀ। ਰਾਮ ਨਿਵਾਸ ਨੇ ਅਦਾਲਤ ਵਿੱਚ ਦਲੀਲ ਦਿੱਤੀ ਸੀ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਭਾਜਪਾ ਆਗੂ ਨੇ ਆਪਣੇ ਘਰ ਵਿੱਚ ਕੰਬਲ ਤੇ ਸ਼ਰਾਬ ਲੁਕਾ ਕੇ ਰੱਖੀ ਹੋਈ ਹੈ, ਜੋ ਚੋਣਾਂ ਤੋਂ ਪਹਿਲਾਂ ਗ਼ਰੀਬ ਵੋਟਰਾਂ ਨੂੰ ਵੰਡੀ ਜਾਣੀ ਸੀ।


## ਕੇਸ ਵਾਪਸ ਲੈਣ ਦੀਆਂ ਖਬਰਾਂ ਉੱਤੇ ਮੁਸਲਮਾਨ ਧਿਰਾਂ ਵੀ ਹੈਰਾਨ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਅਯੋਧਿਆ ਜ਼ਮੀਨ ਕੇਸ 'ਚ ਮੁਸਲਮਾਨ ਧਿਰਾਂ ਨੇ ਬਿਆਨ ਜਾਰੀ ਕਰਕੇ ਸੁੰਨੀ ਵਕਫ ਬੋਰਡ ਵੱਲੋਂ ਕੇਸ ਵਾਪਸ ਲੈਣ ਬਾਰੇ ਖਬਰਾਂ 'ਤੇ ਹੈਰਾਨੀ ਪ੍ਰਗਟਾਈ ਹੈ। ਇਸ ਵਿਵਾਦ 'ਚ ਅਹਿਮ ਮੁਸਲਿਮ ਪਟੀਸ਼ਨਰ ਐਮ ਸਿਦੀਕੀ ਦੇ ਵਕੀਲ ਏਜਾਜ਼ ਮਕਬੂਲ ਨੇ ਕਿਹਾ ਕਿ ਸੁੰਨੀ ਵਕਫ ਬੋਰਡ ਨੂੰ ਛੱਡ ਕੇ ਸਾਰੀਆਂ ਮੁਸਲਮਾਨ ਧਿਰਾਂ ਨੇ ਸਮਝੌਤਾ ਰੱਦ ਕਰ ਦਿੱਤਾ ਹੈ ਕਿਉਂਕਿ ਸਮੁੱਚੇ ਵਿਵਾਦ ਦੇ ਮੁੱਖ ਹਿੰਦੂ ਪੱਖ ਵਾਲੇ ਲੋਕ ਇਸ ਬਾਰੇ ਵਿਚੋਲਗੀ ਪ੍ਰਕਿਰਿਆ ਅਤੇ ਇਸ ਦੇ ਹੱਲ ਦਾ ਹਿੱਸਾ ਨਹੀਂ ਸਨ।

ਸੁੰਨੀ ਵਕਫ ਬੋਰਡ ਨੂੰ ਛੱਡ ਕੇ ਮੁਸਲਮਾਨ ਧਿਰਾਂ ਨੇ ਸਪੱਸ਼ਟੀਕਰਨ ਬਿਆਨ ਜਾਰੀ ਕਰਕੇ ਕਹਿ ਦਿੱਤਾ ਕਿ ਉਹ ਸੁਪਰੀਮ ਕੋਰਟ ਵੱਲੋਂ ਨਿਯੁਕਤ ਕੀਤੀ ਗਈ ਵਿਚੋਲਗੀ ਕਮੇਟੀ ਦੇ ਰਾਮ ਜਨਮਭੂਮੀ ਬਾਬਰੀ ਮਸਜਿਦ ਭੂਮੀ ਵਿਵਾਦ ਨੂੰ ਭਾਈਚਾਰੇ ਵਾਲੇ ਮਾਹੌਲ 'ਚ ਹੱਲ ਕਰਨ ਲਈ ਸਮਝੌਤੇ ਦੇ ਮਤੇ ਨੂੰ ਮਨਜ਼ੂਰ ਨਹੀਂ ਕਰਨਗੇ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ 'ਅਸੀਂ ਸੁੰਨੀ ਵਕਫ ਬੋਰਡ ਦੇ ਵਕੀਲ ਸ਼ਾਹਿਦ ਰਿਜ਼ਵੀ ਦੇ ਹਵਾਲੇ ਨਾਲ ਮੀਡੀਆ ਵਿੱਚ ਆ ਰਹੀਆਂ ਇਨ੍ਹਾਂ ਖਬਰਾਂ ਤੋਂ ਹੈਰਾਨ ਹਾਂ ਕਿ ਉਤਰ ਪ੍ਰਦੇਸ਼ ਸੁੰਨੀ ਕੇਂਦਰੀ ਵਕਫ ਬੋਰਡ ਬਾਬਰੀ ਮਸਜਿਦ ਵਾਲੀ ਥਾਂ ਬਾਰੇ ਆਪਣਾ ਦਾਅਵਾ ਵਾਪਸ ਲੈਣ ਦਾ ਇਛੁਕ ਹੈ।' ਇਸ ਵਿੱਚ ਕਿਹਾ ਗਿਆ ਹੈ, 'ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਸੁਪਰੀਮ ਕੋਰਟ ਦੇ ਸਾਹਮਣੇ ਅਸੀਂ, ਅਪੀਲ ਕਰਤਾ, ਪ੍ਰੈਸ ਨੂੰ ਲੀਕ ਕੀਤੇ ਮਤੇ ਨੂੰ ਮਨਜ਼ੂਰ ਨਹੀਂ ਕਰਦੇ, ਨਾ ਵਿਚੋਲਗੀ ਦੀ ਪ੍ਰਕਿਰਿਆ ਨੂੰ ਮਨਜ਼ੂਰ ਕਰਦੇ ਹੋ ਅਤੇ ਨਾ ਦਾਅਵੇ ਦੀ ਵਾਪਸੀ ਲਈ ਸਮਝੌਤਾ ਬਣਾਉਣ ਵਾਲੇ ਤਰੀਕੇ ਨੂੰ ਮਨਜ਼ੂਰ ਕਰਦੇ ਹਾਂ।'

ਵਰਨਣ ਯੋਗ ਹੈ ਕਿ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨ ਬੈਂਚ ਨੇ ਇਸ ਕੇਸ ਬਾਰੇ 40 ਦਿਨ ਸੁਣਵਾਈ ਤੋਂ ਬਾਅਦ 16 ਅਕਤੂਬਰ ਨੂੰ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਦੱਸਿਆ ਜਾਂਦਾ ਹੈ ਕਿ ਇਸੇ ਦਿਨ ਵਿਚੋਲਗੀ ਕਮੇਟੀ ਨੇ ਰਿਪੋਰਟ ਅਦਾਲਤ ਨੂੰ ਸੌਂਪੀ ਸੀ। ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਐਫ ਐਮ ਆਈ ਕਲੀਫੁੱਲਾ ਤਿੰਨ ਮੈਂਬਰੀ ਵਿਚੋਲਗੀ ਕਮੇਟੀ ਦੀ ਪ੍ਰਧਾਨਗੀ ਕਰ ਰਹੇ ਸਨ ਤੇ ਇਸ ਕਮੇਟੀ ਦੇ ਦੋ ਮੈਂਬਰਾਂ 'ਚ ਅਧਿਆਤਮਕ ਆਗੂ ਸ੍ਰੀ ਸ੍ਰੀ ਰਵੀਸ਼ੰਕਰ ਅਤੇ ਵਿਚੋਲਗੀ ਕਰਨ ਦੇ ਮਾਹਰ ਸੀਨੀਅਰ ਵਕੀਲ ਸ੍ਰੀਰਾਮ ਪਾਂਚੂ ਸ਼ਾਮਲ ਸਨ। ਵਿਚੋਲਗੀ ਕਮੇਟੀ ਨਾਲ ਜੁੜੇ ਸੂਤਰਾਂ ਨੇ ਕਿਹਾ ਕਿ ਮੋਹਰਬੰਦ ਲਿਫਾਫੇ 'ਚ ਸੌਂਪੀ ਗਈ ਰਿਪੋਰਟ ਹਿੰਦੂ ਅਤੇ ਮੁਸਲਮਾਨ ਧਿਰਾਂ ਵਿਚਕਾਰ 'ਇੱਕ ਤਰ੍ਹਾਂ ਦਾ ਸਮਝੌਤਾ' ਹੈ। ਜਾਣਕਾਰ ਸੂਤਰਾਂ ਨੇ ਕਿਹਾ ਕਿ ਸੁੰਨੀ ਵਕਫ ਬੋਰਡ, ਨਿਰਵਾਣੀ ਅਖਾੜਾ, ਨਿਰਮੋਹੀ ਅਖਾੜਾ, ਰਾਮ ਜਨਮ ਭੂਮੀ ਪੁਨਰ ਉਦਾਰ ਕਮੇਟੀ ਅਤੇ ਕੁਝ ਹੋਰ ਹਿੰਦੂ ਧਿਰਾਂ ਇਸ ਭੂਮੀ ਵਿਵਾਦ ਨੂੰ ਆਪਸੀ ਸਹਿਮਤੀ ਨਾਲ ਹੱਲ ਕਰਨ ਦੇ ਪੱਖ 'ਚ ਹਨ। ਅਜਿਹਾ ਵੀ ਦੱਸਿਆ ਜਾ ਰਿਹਾ ਹੈ ਕਿ ਸੁੰਨੀ ਵਕਫ ਬੋਰਡ ਸਮਝੌਤੇ ਫਾਰਮੂਲੇ ਹੇਠ ਮੁਕੱਦਮੇ ਨੂੰ ਵਾਪਸ ਲੈਣ ਦਾ ਇਛੁਕ ਹੈ।

## 'ਨਸ਼ੇ ਦੇ ਵਪਾਰੀ ਅਕਾਲੀਆਂ' ਨਾਲ ਭਾਜਪਾ ਦੀ ਪੁੱਗਣੀ ਔਖੀ: ਖੱਟਰ



ਚੰਡੀਗੜ੍ਹ, 20 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਅਕਾਲੀਆਂ ਨਾਲ ਚੋਣ ਗੱਠਜੋੜ ਬਾਰੇ ਦੋ ਹਰਫੀ ਗੱਲ ਨਿਬੇੜਦਿਆਂ ਕਹਿ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਨਸ਼ੇ ਦੇ ਵਪਾਰੀਆਂ ਸ਼ੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਨਿਭਣੀ ਸੰਭਵ ਨਹੀਂ ਹੈ।

ਵਿਧਾਨ ਸਭਾ ਹਲਕਾ ਕਾਲਿਆਂਵਾਲੀ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਸੇ ਨੇਤਾ ਦਾ ਨਾਂ ਲਏ ਬਗੈਰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਅਕਾਲੀ ਦਲ ਦੇ ਇਕੋ ਇੱਕ ਸਿਟਿੰਗ ਵਿਧਾਇਕ ਨੂੰ ਨਸ਼ੇ ਦੇ ਦੋਸ਼ਾਂ ਵਿੱਚ ਘਿਰ ਜਾਣ ਕਰਕੇ ਅੰਗੂਠਾ ਦਿਖਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਅਕਾਲੀ ਵਿਧਾਇਕ ਨੂੰ ਟਿਕਟ ਨਾ ਦੇਣ ਤੋਂ ਪਹਿਲਾਂ ਪੂਰੀ ਪੜਤਾਲ ਕੀਤੀ ਗਈ ਸੀ, ਜਿਸ ਤੋਂ ਪਤਾ ਲੱਗਾ ਸੀ ਕਿ ਉਸ ਦਾ ਨਾਂ ਨਸ਼ੇ ਦੇ ਕਾਰੋਬਾਰੀਆਂ ਵਿੱਚ ਵਜਦਾ ਹੈ। ਉਨ੍ਹਾਂ ਨੇ ਮਜ਼ਾਕੀਆ ਲਹਿਜ਼ੇ ਵਿੱਚ ਕਿਹਾ ਕਿ ਜਦੋਂ ਕਿਸੇ ਦੀ ਮੌਤ ਆਉਂਦੀ ਹੈ ਤਾਂ ਪਿੰਡਾਂ ਵਿੱਚ ਪੋਸਟਰ ਨਹੀਂ ਲਗਦੇ। ਇਹੀ ਹਾਲ ਅਕਾਲੀ ਦਲ ਦੇ ਸਿਟਿੰਗ ਵਿਧਾਇਕ ਦਾ ਹੋਇਆ ਹੈ। ਖੱਟਰ ਨੇ ਕਿਹਾ ਕਿ ਅਕਾਲੀ ਦਲ ਮੇਰੇ ਕੋਲ ਚੋਣ ਗੱਠਜੋੜ ਲਈ ਆਇਆ ਸੀ, ਪਰ ਮੈਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਅਸੀਂ ਤੁਹਾਡੇ ਨਾਲ ਨਹੀਂ ਚੱਲ ਸਕਦੇ। ਉਨ੍ਹਾਂ ਨੇ ਆਪਣੀ ਗੱਲ ਸਿਆਸੀ ਰੰਗਤ ਵਿੱਚ ਲਪੇਟਦਿਆਂ ਆਖਿਆ ਕਿ ਜੇ ਸੁਖਬੀਰ ਸਿੰਘ ਬਾਦਲ ਹਰਿਆਣੇ ਨੂੰ ਹਿੱਸੇ ਦਾ ਪਾਣੀ ਦੇਣ ਦੀ ਹਾਮੀ ਭਰ ਦੇਵੇਂ ਤਾਂ ਅਸੀਂ ਜਿੱਤੀਆਂ ਤਿੰਨ ਸੀਟਾਂ ਵੀ ਅਕਾਲੀ ਦਲ ਲਈ ਛੱਡਣ ਲਈ ਤਿਆਰ ਹਾਂ।

### ਮਨੁੱਖੀ ਅਧਿਕਾਰ ਕਮਿਸ਼ਨ ਨੇ ਕਿਹਾ:

## ਲਾਸ਼ ਦੀ ਵਰਤੋਂ ਕਰਕੇ ਮੰਗਾਂ ਮੰਨਵਾਉਣਾ ਅਪਰਾਧ ਹੈ




ਜੈਪੁਰ, 20 ਅਕਤੂਬਰ (ਪੋਸਟ ਬਿਊਰੋ)- ਸੜਕਾਂ ਉੱਤੇ ਲਾਸ਼ ਰੱਖ ਕੇ ਮੰਗਾਂ ਮੰਨਵਾਉਣ ਦੇ ਵੱਧਦੇ ਰੁਝਾਨ 'ਤੇ ਇਤਰਾਜ਼ ਪ੍ਰਗਟਾਉਂਦੇ ਹੋਏ ਰਾਜਸਥਾਨ ਰਾਜ ਮਨੁੱਖੀ ਅਧਿਕਾਰ ਕਮਿਸ਼ਨਰ ਨੇ ਕੱਲ੍ਹ ਇੱਕ ਮਹੱਤਵ ਪੂਰਨ ਆਦੇਸ਼ ਵਿੱਚ ਕਿਹਾ ਹੈ ਕਿ ਮ੍ਰਿਤਕ ਦੇ ਵੀ ਕੁਝ ਅਧਿਕਾਰ ਹੁੰਦੇ ਹਨ। ਮਨੁੱਖੀ ਅਧਿਕਾਰ ਕਮਿਸ਼ਨਰ ਨੇ ਸਰਕਾਰ ਨੂੰ ਸਿਫਾਰਿਸ਼ ਕੀਤੀ ਹੈ ਕਿ ਲਾਸ਼ ਰੱਖ ਕੇ ਮੰਗਾਂ ਮੰਨਵਾਉਣ ਦੀਆਂ ਘਟਨਾਵਾਂ ਨੂੰ ਸਜ਼ਾ ਯੋਗ ਅਪਰਾਧ ਐਲਾਨਿਆ ਜਾਵੇ।

ਵਰਨਣ ਯੋਗ ਹੈ ਕਿ ਰਾਜਸਥਾਨ ਵਿੱਚ ਕਾਫੀ ਸਮੇਂ ਤੋਂ ਸੜਕ ਉੱਤੇ ਲਾਸ਼ ਰੱਖ ਕੇ ਮੁਆਵਜ਼ਾ, ਸਰਕਾਰੀ ਨੌਕਰੀ ਅਤੇ ਹੋਰ ਮੰਗਾਂ ਮੰਨਵਾਉਣ ਦਾ ਰੁਝਾਨ ਵਧਿਆ ਹੈ। ਗੈਂਗਸਟਰ ਆਨੰਦਪਾਲ ਦੀ ਲਾਸ਼ ਉਸ ਦੇ ਮਾਪਿਆਂ ਨੇ 20 ਦਿਨ ਤੋਂ ਵੀ ਜ਼ਿਆਦਾ ਸਮਾਂ ਰੱਖੀ ਸੀ। ਇਸ ਦੌਰਾਨ ਪ੍ਰਦੇਸ਼ ਵਿੱਚ ਕਾਨੂੰਨ ਵਿਵਸਥਾ ਦੀ ਗੰਭੀਰ ਸਥਿਤੀ ਪੈਦਾ ਹੋਈ ਸੀ। ਇਸ ਤੋਂ ਇਲਾਵਾ ਸੂਬੇ ਦੇ ਆਦਿ ਵਾਸੀ ਇਲਾਕਿਆਂ ਵਿੱਚ ਲਾਸ਼ ਰੱਖ ਕੇ ਦੋਸ਼ੀ ਧਿਰ ਤੋਂ ਮੁਆਵਜ਼ੇ ਦੀ ਮੰਗ ਕਰਨ ਦੀ ਪ੍ਰਥਾ ਵੀ ਹੈ। ਰਾਜਸਥਾਨ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਜਸਟਿਸ ਪ੍ਰਕਾਸ਼ ਟਾਟਿਆ ਨੇ ਕੱਲ੍ਹ ਇੱਕ ਅਹਿਮ ਆਦੇਸ਼ ਵਿੱਚ ਕਿਹਾ ਕਿ ਲਾਸ਼ ਦੀ ਦੁਰਵਰਤੋਂ ਕਰਨ, ਇਸ ਦੀ ਆੜ ਵਿੱਚ ਅੰਦੋਲਨ ਕਰਕੇ ਨਾਜਾਇਜ਼ ਰੂਪ ਨਾਲ ਸਰਕਾਰ, ਪ੍ਰਸ਼ਾਸਨ, ਪੁਲਸ, ਹਸਪਤਾਲ ਅਤੇ ਡਾਕਟਰਾਂ 'ਤੇ ਦਬਾਅ ਪਾ ਕੇ ਰਾਸ਼ੀ ਜਾਂ ਕੋਈ ਹੋਰ ਲਾਭ ਪ੍ਰਾਪਤ ਕਰਨ ਨੂੰ ਕਮਿਸ਼ਨ ਲਾਸ਼ ਦਾ ਅਪਮਾਨ ਅਤੇ ਉਸ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਮੰਨਦਾ ਹੈ। ਕਮਿਸ਼ਨ ਨੇ ਕਿਹਾ ਹੈ ਕਿ ਇਸ ਘਾਣ ਨੂੰ ਰੋਕਣ ਲਈ ਜ਼ਰੂਰੀ ਨੀਤੀ ਨਿਰਧਾਰਨ ਅਤੇ ਕਾਨੂੰਨ ਦੀਆਂ ਤਜਵੀਜ਼ਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਇਸ ਬਾਰੇ ਸੁਪਰੀਮ ਕੋਰਟ ਦੇ ਇੱਕ ਫੈਸਲੇ ਦਾ ਜ਼ਿਕਰ ਵੀ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸੰਵਿਧਾਨ ਹੇਠ ਸਨਮਾਨ ਤੇ ਉਚਿਤ ਵਿਹਾਰ ਦਾ ਅਧਿਕਾਰ ਜਿਉਂਦੇ ਵਿਅਕਤੀ ਹੀ ਨਹੀਂ, ਬਲਕਿ ਉਸ ਦੀ ਮੌਤ ਬਾਅਦ ਉਸ ਦੀ ਲਾਸ਼ ਨੂੰ ਵੀ ਪ੍ਰਾਪਤ ਹੈ।

## ਮੈਕਸੀਕੋ ਤੋਂ ਡਿਪੋਰਟ ਕੀਤੇ ਭਾਰਤੀ ਲੋਕ ਦਿੱਲੀ ਪਹੁੰਚੇ



ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਜਾਣ ਲਈ ਗੈਰ ਕਾਨੂੰਨੀ ਢੰਗ ਨਾਲ ਮੈਕਸੀਕੋ ਗਏ 300 ਤੋਂ ਵੱਧ ਭਾਰਤੀਆਂ ਨੂੰ ਦਿੱਲੀ ਭੇਜ ਦਿੱਤਾ ਗਿਆ ਹੈ। ਇੱਕ ਔਰਤ ਸਮੇਤ ਇਹ ਸਾਰੇ ਕੱਲ੍ਹ ਪਰਤ ਆਏ ਹਨ। 'ਅਮੈਰੀਕਨ ਡਰੀਮ' ਅਤੇ ਬਿਹਤਰ ਜ਼ਿੰਦਗੀ ਅਤੇ ਨੌਕਰੀਆਂ ਦੇ ਸੁਫਨੇ ਲੈ ਕੇ ਲੱਖਾਂ ਰੁਪਏ ਖਰਚ ਕੇ ਘਰੋਂ ਗਏ ਇਹ 311 ਭਾਰਤੀ ਲੋਕ ਚਾਰਟਰਡ ਉਡਾਨ ਰਾਹੀਂ ਭਾਰਤ ਲਿਆਂਦੇ ਗਏ ਹਨ। ਇਨ੍ਹਾਂ ਦੇ ਨਾਲ 74 ਮੈਕਸਿਕਨ ਅਧਿਕਾਰੀ ਆਏ ਸਨ। ਜੰਗਲ ਪਾਰ ਕਰਕੇ ਅਮਰੀਕਾ ਵਿੱਚ ਦਾਖਲ ਹੋਣ ਦੀਆਂ ਕੋਸ਼ਿਸ਼ਾਂ ਦੀਆਂ ਕਹਾਣੀਆਂ ਲੈ 36 ਘੰਟੇ ਦੀ ਉਡਾਨ ਰਾਹੀਂ 300 ਤੋਂ ਵੱਧ ਇਹ ਭਾਰਤੀ ਦਿੱਲੀ ਪੁੱਜੇ ਹਨ। ਡਿਪੋਰਟ ਕੀਤੇ ਗਏ ਜ਼ਿਆਦਾਤਰ ਪੰਜਾਬ ਤੇ ਹਰਿਆਣਾ ਤੋਂ ਹਨ। ਦਿੱਲੀ ਦਾ ਸਾਹਿਲ ਮਲਿਕ (22) ਪੰਜ ਜੂਨ ਨੂੰ ਇਕੁਆਡੋਰ ਨੂੰ ਗਿਆ ਸੀ। ਉਸ ਨੇ ਦੱਸਿਆ ਕਿ ਮੈਕਸੀਕੋ ਪਹੁੰਚਣ ਲਈ ਉਨ੍ਹਾਂ ਕਈ ਢੰਗ-ਤਰੀਕੇ ਵਰਤੇ ਤੇ ਬੱਸਾਂ ਰਾਹੀਂ ਸਰਹੱਦਾਂ ਪਾਰ ਕੀਤੀਆਂ। ਜਲੰਧਰ ਨਾਲ ਸਬੰਧਤ ਡਿਪੋਰਟ ਕੀਤੀ ਗਈ ਇਕੋ-ਇੱਕ ਔਰਤ ਕਮਲਜੀਤ ਕੌਰ (34) ਨੇ ਦੱਸਿਆ ਕਿ ਉਸ ਨੇ ਖੁਦ ਆਪਣੇ ਪਤੀ ਤੇ ਪੁੱਤਰ ਦੇ ਅਮਰੀਕਾ ਪਹੁੰਚਣ ਲਈ 53 ਲੱਖ ਰੁਪਏ ਖਰਚੇ ਸਨ। ਡਿਪੋਰਟ ਹੋਏ ਸੋਮਬੀਰ ਸੈਣੀ ਨੇ ਦੱਸਿਆ ਕਿ ਮੈਕਸੀਕੋ ਵਿੱਚ ਟਪਾਚੁਲਾ ਸ਼ਰਨਾਰਥੀ ਕੈਂਪ ਦੀ ਹਾਲਤ ਬੜੀ ਮਾੜੀ ਸੀ। ਇਨ੍ਹਾਂ ਵਿੱਚ ਸ਼ਾਮਲ ਜਸ਼ਨਪ੍ਰੀਤ ਸਿੰਘ ਨੇ ਕਿਹਾ ਕਿ ਉਹ ਸਵੇਰੇ ਪੰਜ ਵਜੇ ਪਹੁੰਚੇ ਅਤੇ ਜ਼ਰੂਰੀ ਕਾਗਜ਼ੀ ਕਾਰਵਾਈ ਤੋਂ ਬਾਅਦ ਦੁਪਹਿਰੇ ਇੱਕ ਵਜੇ ਹਵਾਈ ਅੱਡੇ ਤੋਂ ਨਿਕਲੇ ਹਨ।

ਮੈਕਸੀਕੋ ਦੇ ਕੌਮੀ ਆਵਾਸ ਸੰਗਠਨ ਵੱਲੋਂ ਬੀਤੀ ਦਿਨੀਂ ਨੂੰ ਜਾਰੀ ਬਿਆਨ ਮੁਤਾਬਕ ਦੇਸ਼ ਵਿੱਚ ਲਗਾਤਾਰ ਰਹਿਣ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਭਾਰਤੀ ਨਾਗਰਿਕਾਂ ਨੂੰ ਤੋਲੁਕਾ ਸਿਟੀ ਕੌਮਾਂਤਰੀ ਹਵਾਈ ਅੱਡੇ ਤੋਂ ਜਹਾਜ਼ ਰਾਹੀਂ ਦਿੱਲੀ ਭੇਜਿਆ ਗਿਆ ਹੈ। ਓਕਸਾਕਾ, ਬਾਜਾ ਕੈਲੀਫੋਰਨੀਆ, ਵੇਰਾਕਰੂਜ਼, ਚਿਆਪਸ, ਸੋਨੋਰਾ, ਮੈਕਸੀਕੋ ਸਿਟੀ, ਡੁਰਾਂਗੋ ਤੇ ਤਬਾਸਕੋ ਦੇ ਇਮੀਗ੍ਰੇਸ਼ਨ ਅਫਸਰਾਂ ਨੇ ਇਨ੍ਹਾਂ ਨੂੰ ਭੇਜਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੈਕਸੀਕੋ ਸਰਹੱਦ ਤੋਂ ਅਮਰੀਕਾ ਵਿੱਚ ਵੜਦੇ ਲੋਕਾਂ 'ਤੇ ਰੋਕ ਨਾ ਲੱਗਣ 'ਤੇ ਮੈਕਸੀਕੋ ਤੋਂ ਹੋਣ ਵਾਲੀ ਇੰਪੋਰਟ 'ਤੇ ਫੀਸ ਲਾਉਣ ਦੀ ਧਮਕੀ ਦਿੱਤੀ ਤਾਂ ਇਸ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ।

## ਅਯੁੱਧਿਆ ਮਾਮਲੇ ਵਿਚ ਮੁਸਲਿਮ ਅਤੇ ਹਿੰਦੂ ਧਿਰਾਂ ਵੱਲੋਂ ਸੁਪਰੀਮ ਕੋਰਟ ਵਿੱਚ ਮੋਲਡਿੰਗ ਆਫ ਰਿਲੀਫ ਦਾਇਰ



ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਅਯੁੱਧਿਆ ਕੇਸ ਵਿੱਚ ਮੁਸਲਿਮ ਧਿਰ ਅਤੇ ਹਿੰਦੂ ਧਿਰਾਂ ਨੇ ਸੁਪਰੀਮ ਕੋਰਟ ਵਿੱਚ ਸਾਂਝੇ ਰੂਪ ਨਾਲ ਮੋਲਡਿੰਗ ਆਫ ਰਿਲੀਫ ਬਾਰੇ ਆਪਣੀ ਬਦਲਵੀਂ ਮੰਗ ਸੀਲਬੰਦ ਲਿਫਾਫੇ 'ਚ ਪੇਸ਼ ਕੀਤੀ ਹੈ। ਸੁਪਰੀਮ ਕੋਰਟ ਨੇ ਮੋਲਡਿੰਗ ਆਫ ਰਿਲੀਫ ਦੀ ਰਾਏ ਸਾਰੀਆਂ ਧਿਰਾਂ ਨੂੰ ਤਿੰਨ ਦਿਨਾਂ ਵਿੱਚ ਦੇਣ ਲਈ ਕਿਹਾ ਸੀ। ਸਰਬ ਭਾਰਤੀ ਹਿੰਦੂ ਮਹਾਸਭਾ ਨੇ ਵੀ ਮੋਲਡਿੰਗ ਆਫ ਰਿਲੀਫ ਬਾਰੇ ਆਪਣੀ ਬਦਲਵੀਂ ਮੰਗ ਸੁਪਰੀਮ ਕੋਰਟ ਨੂੰ ਪੇਸ਼ ਕੀਤੀ ਸੀ। ਮੋਲਡਿੰਗ ਆਫ ਰਿਲੀਫ ਦਾ ਮਤਲਬ ਅਦਾਲਤ ਨੂੰ ਇਹ ਕਹਿਣਾ ਹੁੰਦਾ ਹੈ ਕਿ ਜੇ ਸਾਡੇ ਪਹਿਲਾਂ ਦੇ ਦਾਅਵੇ ਨੂੰ ਨਹੀਂ ਮੰਨਿਆ ਜਾ ਸਕਦਾ ਤਾਂ ਨਵੇਂ ਦਾਅਵੇ ਉੱਤੇ ਵਿਚਾਰ ਕੀਤਾ ਜਾਵੇ।

ਅਸਲ ਵਿੱਚ ਅਦਾਲਤ ਨੇ ਅਯੁੱਧਿਆ ਕੇਸ ਦੀ ਸ਼ਿਕਾਇਤ 'ਚ ਮਾਮਲਾ ਰਾਖਵਾਂ ਰੱਖਦੇ ਸਮੇਂ ਸਾਰੀਆਂ ਧਿਰਾਂ ਨੂੰ ਮੋਲਡਿੰਗ ਆਫ ਰਿਲੀਫ ਬਾਰੇ ਤਿੰਨ ਦਿਨਾਂ ਵਿੱਚ ਲਿਖਤੀ ਨੋਟ ਦਾਇਰ ਕਰਨ ਲਈ ਕਿਹਾ ਸੀ। ਚੀਫ ਜਸਟਿਸ ਅਗਲੇ ਮਹੀਨੇ 17 ਨਵੰਬਰ ਨੂੰ ਰਿਟਾਇਰ ਹੋ ਰਹੇ ਹਨ ਅਤੇ ਮੰਨਿਆ ਜਾਂਦਾ ਹੈ ਕਿ ਉਸ ਤੋਂ ਪਹਿਲਾਂ ਅਯੁੱਧਿਆ ਦੇ ਇਸ ਖਾਸ ਕੇਸ ਵਿੱਚ ਸੁਪਰੀਮ ਕੋਰਟ ਵੱਲੋਂ ਫੈਸਲਾ ਐਲਾਨ ਕੀਤਾ ਜਾ ਸਕਦਾ ਹੈ।



# ਜਾਨਸਨ ਬੇਬੀ ਪਾਊਡਰ ਵਿੱਚ ਕੈਂਸਰ ਦੇ ਤੱਤ ਮਿਲਣ ਪਿੱਛੋਂ ਮਾਲ ਵਾਪਸ ਮੰਗਵਾਇਆ

ਨਿਊ ਯਾਰਕ, 20 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ ਨੂੰ ਕੈਂਸਰ ਕਾਰਕ ਐਸਬੇਸਟਸ ਦੇ ਸਬੂਤ ਮਿਲਣ ਪਿੱਛੋਂ ਜਾਨਸਨ ਐਂਡ ਜਾਨਸਨ ਨੇ ਬੇਬੀ ਪਾਊਡਰ ਦੀ ਇੱਕ ਖੇਪ ਵਾਪਸ ਮੰਗਵਾ ਲੈਣ ਦੇ ਸੰਬੰਧ ਵਿੱਚ ਅਧਿਕਾਰਤ ਤੌਰ ਉੱਤੇ ਕੰਪਨੀ ਨੇ ਇਹ ਜਾਣਕਾਰੀ ਦਿੱਤੀ। ਅਸਲ ਵਿੱਚ ਇਸ ਖਬਰ ਤੋਂ ਬਾਅਦ ਕੰਪਨੀ ਦੇ ਸ਼ੇਅਰ ਸ਼ੁੱਕਰਵਾਰ ਨੂੰ 4.6 ਫੀਸਦੀ ਡਿੱਗ ਗਏ ਸਨ।



ਇੱਕ ਖਬਰ ਮੁਤਾਬਕ ਇਸ ਬੇਬੀ ਪਾਊਡਰ ਵਿੱਚ ਕੈਂਸਰ ਕਾਰਕ ਤੱਤ ਦੀ ਮੌਜੂਦਗੀ ਨੂੰ ਕਈ ਮਹੀਨਿਆਂ ਤੱਕ ਵੀ ਠੀਕ ਨਾ ਕਰਨ ਤੋਂ ਬਾਅਦ ਕੰਪਨੀ ਨੇ ਕਿਹਾ ਕਿ ਰੈਗੂਲੇਟਰ ਨੂੰ ਆਨਲਾਈਨ ਰਿਟੇਲਰ ਤੋਂ ਖਰੀਦੇ ਗਏ ਬੇਬੀ ਪਾਊਡਰ ਸੈਂਪਲ ਵਿੱਚ ਕ੍ਰਾਈਸੋਟਾਈਲ ਐਸਬੇਸਟਸ ਦਾ ਪਤਾ ਲੱਗਾ ਹੈ। ਜਾਨਸਨ ਐਂਡ ਜਾਨਸਨ ਦੇ ਬੁਲਾਰੇ ਨੇ ਕਿਹਾ, 'ਇੱਕ ਖੇਪ ਵਾਪਸ ਮੰਗਵਾਈ ਗਈ ਹੈ, ਜਿਸ ਦੀਆਂ 33,000 ਬੋਤਲਾਂ ਇੱਕ ਅਣਪਛਾਤੇ ਰਿਟੇਲਰ ਨੇ ਵੇਚੀਆਂ ਹਨ।'' ਇਹ ਪਹਿਲੀ ਵਾਰ ਹੈ, ਜਦੋਂ ਜਾਨਸਨ ਐਂਡ ਜਾਨਸਨ ਨੇ ਬੇਬੀ ਪਾਊਡਰ ਨੂੰ ਬਾਜ਼ਾਰ ਤੋਂ ਵਾਪਸ ਲਿਆ ਹੈ। ਕੰਪਨੀ ਨੇ ਕਿਹਾ ਕਿ ਉਸ ਨੇ ਅਮਰੀਕਾ 'ਚ ਪ੍ਰੋਡਕਟ ਵਾਪਸੀ ਦਾ ਕਦਮ ਸਾਵਧਾਨੀ ਵਜੋਂ ਚੁੱਕਿਆ ਹੈ, ਪਰ 'ਪਿਛਲੇ ਚਾਲੀ ਸਾਲਾਂ ਵਿੱਚ ਹਜ਼ਾਰਾਂ ਟੈਸਟਾਂ ਨੇ ਵਾਰ-ਵਾਰ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸਾਡੇ ਪਾਊਡਰ ਵਿੱਚ ਐਸਬੇਸਟਸ ਨਹੀਂ ਹੈ।' ਕੰਪਨੀ ਨੇ ਇਹ ਵੀ ਕਿਹਾ ਹੈ ਕਿ ਇਸ ਦੀ ਜਾਂਚ ਵਿੱਚ ਤੀਹ ਦਿਨ ਹੋਰ ਲੱਗ ਸਕਦੇ ਹਨ। ਵਰਨਣ ਯੋਗ ਹੈ ਕਿ ਕੰਪਨੀ 'ਤੇ ਪਹਿਲਾਂ ਵੀ ਇਹ ਦੋਸ਼ ਲੱਗਦੇ ਰਹੇ ਹਨ ਕਿ ਇਸ ਦੇ ਪਾਊਡਰ 'ਚ ਕੈਂਸਰ ਕਾਰਕ ਤੱਤ ਹਨ। ਕੰਪਨੀ ਦੇ ਖਿਲਾਫ ਕਈ ਲੋਕਾਂ ਨੇ ਕੇਸ ਕੀਤਾ ਹੈ ਕਿ ਉਨ੍ਹਾਂ ਨੂੰ ਬੇਬੀ ਪਾਊਡਰ ਦੇ ਕਾਰਨ ਮੇਸੋਥੇਲਿਓਮਾ ਹੋ ਗਿਆ ਹੈ ਤੇ ਐਸਬੇਸਟਸ ਇਸ ਦਾ ਜ਼ਿੰਮੇਵਾਰ ਹੁੰਦਾ ਹੈ।

# ਗੂਗਲ ਨੇ ਡਰੋਨ ਨਾਲ ਸਾਮਾਨ ਦੀ ਡਿਲੀਵਰੀ ਕੀਤੀ

ਵਾਸ਼ਿੰਗਟਨ, 20 ਅਕਤੂਬਰ (ਪੋਸਟ ਬਿਊਰੋ)- ਅਲਫਾਬੇਟ (ਗੂਗਲ) ਦੀ ਸਬਸਿਡੀਅਰੀ ਵਿੰਗ ਡਰੋਨ ਦੇ ਨਾਲ ਪੈਕੇਜ ਡਿਲੀਵਰੀ ਕਰਨ ਵਾਲੀ ਅਮਰੀਕਾ ਦੀ ਪਹਿਲੀ ਕੰਪਨੀ ਬਣ ਗਈ ਹੈ।



ਕ੍ਰਿਸਚੀਅਨਬਰਗ ਵਿੱਚ ਸਥਿਤ ਛੋਟੇ ਵਰਜੀਨੀਆ ਸ਼ਹਿਰ ਨੂੰ ਇਸ ਪ੍ਰੀਖਣ ਲਈ ਚੁਣਿਆ ਗਿਆ ਸੀ। ਇਸ ਬਾਰੇ ਦੋ ਆਸਟਰੇਲੀਆਈ ਸ਼ਹਿਰਾਂ ਦੇ ਨਾਲ ਹੇਲਸਿੰਕੀ ਵਿੱਚ ਕੰਮ ਕਰਨ ਵਾਲੀ ਵਿੰਗ ਨੇ ਇੱਕਕ ਬਿਆਨ ਦਿੱਤਾ ਕਿ ਪਹਿਲੀ ਡਰੋਨ ਵਾਲੀ ਡਿਲੀਵਰੀ ਕ੍ਰਿਸਚੀਅਨਬਰਗ ਵਿੱਚ ਸ਼ੁੱਕਰਵਾਰ ਦੁਪਹਿਰੇ ਹੋਈ। ਇੱਕ ਪਰਵਾਰ ਨੇ ਵਿੰਗ ਐਪ ਦੀ ਵਰਤੋਂ ਕਰਦੇ ਹੋਏ ਜਿੱਥੇ ਦਵਾਈਆਂ ਮੰਗਵਾਈਆਂ, ਉਥੇ ਇੱਕ ਹੋਰ ਨੇ ਪਤਨੀ ਲਈ ਬਰਥਡੇ ਗਿਫਟ ਮੰਗਵਾਇਆ। ਬਹੁਤੀ ਡਿਲੀਵਰੀ ਫੈਡੈਕਸ ਟਰੱਕ ਵੱਲੋਂ ਕੀਤੀ ਗਈ, ਪਰ ਆਖਰੀ ਕੁਝ ਡਿਲੀਵਰੀਆਂ ਡਰੋਨ ਤੋਂ ਕੀਤੀਆਂ ਗਈਆਂ। ਨੈਸਟ ਕਹੇ ਜਾਣ ਵਾਲੇ ਪੀਲੇ ਤੇ ਸਫੈਦ ਰੰਗ ਦੇ ਇੱਕ ਡਰੋਨ ਵਿੱਚ ਵਿੰਗ ਮੁਲਾਜ਼ਮਾਂ ਨੇ ਤਿੰਨ ਪੌਂਡ (1.3 ਕਿਲੋਗਰਾਮ) ਵਜ਼ਨ ਵਾਲਾ ਸਾਮਾਨ ਪੈਕ ਕੀਤਾ ਅਤੇ ਸਾਮਾਨ ਨੂੰ ਛੇ ਮੀਲ (10 ਕਿਲੋਮੀਟਰ) ਦੂਰ ਪਹੁੰਚਾਇਆ। ਇੱਕ ਵਾਰ ਮੰਜ਼ਿਲ 'ਤੇ ਪਹੁੰਚਣ ਤੋਂ ਬਾਅਦ ਇਹ ਡਰੋਨ ਜ਼ਮੀਨ 'ਤੇ ਨਹੀਂ ਉਤਰੇ, ਸਗੋਂ ਘਰ ਦੇ ਉਪਰ ਹੀ ਮੰਡਰਾਉਂਦੇ ਅਤੇ ਤਾਰ ਦੇ ਰਾਹੀਂ ਪੈਕੇਜ ਨੂੰ ਉਤਾਰਦੇ ਰਹੇ। ਐਮਾਜ਼ੋਨ, ਉਬਰ ਈਟਸ ਅਤੇ ਯੂ ਪੀ ਐਸ ਵੀ ਇਸੇ ਤਰ੍ਹਾਂ ਦੀ ਸੇਵਾ ਦੀ ਤਿਆਰੀ ਕਰ ਰਹੀਆਂ ਹਨ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਸਾਬਕਾ ਚੀਨੀ ਪ੍ਰਧਾਨ ਮੰਤਰੀ ਨੂੰ ਮੌਤ ਤੋਂ 15 ਸਾਲ ਬਾਅਦ ਕਬਰ ਮਿਲੀ

ਬੀਜਿੰਗ, 20 ਅਕਤੂਬਰ (ਪੋਸਟ ਬਿਊਰੋ)- ਚੀਨ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਕਮਿਊਨਿਸਟ ਪਾਰਟੀ ਦੇ ਸੁਧਾਰਵਾਦੀ ਨੇਤਾ ਝਾਓ ਜਿਆਂਗ ਨੂੰ ਮੌਤ ਦੇ 15 ਸਾਲ ਪਿੱਛੋਂ ਕਬਰ ਨਸੀਬ ਹੋਈ ਹੈ। ਸਾਲ 1989 ਦੇ ਵਿਦਿਆਰਥੀ ਅੰਦੋਲਨ ਦੇ ਪੱਖ ਵਿੱਚ ਆਵਾਜ਼ ਉਠਾਉਣ ਵਾਲੇ ਨੇਤਾ ਦੇ ਪਥਰਾਟਾਂ ਨੂੰ ਸ਼ੁੱਕਰਵਾਰ ਨੂੰ ਬੀਜਿੰਗ ਦੇ ਉਤਰੀ ਇਲਾਕੇ ਦੇ ਕਬਰਿਸਤਾਨ 'ਚ ਉਨ੍ਹਾਂ ਦੀ ਪਤਨੀ ਦੀ ਕਬਰ ਦੀ ਨਾਲ ਦਫਨਾ ਦਿੱਤਾ ਗਿਆ। 17 ਅਕਤੂਬਰ ਨੂੰ ਉਨ੍ਹਾਂ ਦੇ ਜਨਮ ਦਿਨ ਦੇ ਸੌ ਵਰ੍ਹੇ ਪੂਰੇ ਹੋਏ ਸਨ। ਪੁਲਸ ਦੀ ਸਖਤ ਸੁਰੱਖਿਆ ਦਰਮਿਆਨ ਦਫਨਾਉਣ ਦੀ ਪ੍ਰਕਿਰਿਆ ਪੂਰੀ ਕੀਤੀ ਗਈ।

ਵਰਨਣ ਯੋਗ ਹੈ ਕਿ ਝਾਓ ਜਿਆਂਗ ਇਸ ਦੇਸ਼ ਦੇ ਤੀਜੇ ਪ੍ਰਧਾਨ ਮੰਤਰੀ ਸਨ। ਉਨ੍ਹਾਂ ਦਾ ਕਾਰਜਕਾਲ 1980 ਤੋਂ 1987 ਵਿਚਾਲੇ ਰਿਹਾ ਸੀ। 1981-82 ਵਿਚਾਲੇ ਉਹ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸਨ ਅਤੇ ਲੋਕਤੰਤਰੀ ਸੁਧਾਰ, ਪ੍ਰੈੱਸ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਮੰਗ ਲਈ ਉਸ ਸਾਲ 15 ਅਪ੍ਰੈਲ ਨੂੰ ਸ਼ੁਰੂ ਹੋਏ ਅੰਦੋਲਨ ਦਾ ਕੇਂਦਰ ਚੀਨ ਦੀ ਰਾਜਧਾਨੀ ਬੀਜਿੰਗ ਦਾ ਤਿਆਨਮਿਨ ਚੌਕ ਬਣਿਆ ਰਿਹਾ ਸੀ। ਝਾਓ ਨੇ ਅੰਦੋਲਨ ਖਤਮ ਕਰਨ ਲਈ ਤਿਆਨਮਿਨ ਚੌਕ 'ਤੇ ਫੌਜ ਦੀ ਕਾਰਵਾਈ ਦਾ ਵਿਰੋਧ ਕੀਤਾ ਸੀ। ਚੀਨੀ ਫੌਜੀਆਂ ਨੇ ਚਾਰ ਜੂਨ 1989 ਨੂੰ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ਉੱਤੇ ਟੈਂਕ ਚੜ੍ਹਾ ਦਿੱਤੇ ਸਨ। ਇਸ ਘਟਨਾ ਵਿੱਚ ਵਿਦਿਆਰਥੀਆਂ ਸਮੇਤ ਸੈਂਕੜੇ ਲੋਕਾਂ ਦੀ ਜਾਨ ਗਈ ਸੀ। ਅੰਦੋਲਨ ਨੂੰ ਹਮਾਇਤ ਦੇਣ ਕਾਰਨ ਚੀਨ ਦੀ ਸੱਤਾਧਾਰੀ ਪਾਰਟੀ ਨੇ ਝਾਓ ਤੋਂ ਕਿਨਾਰਾ ਕਰ ਲਿਆ ਸੀ। 2005 'ਚ ਜਦੋਂ ਉਨ੍ਹਾਂ ਦਾ ਦਿਹਾਂਤ ਹੋਇਆ ਤਾਂ ਸਰਕਾਰ ਨੇ ਬਹੁਤ ਹੀ ਸੰਖੇਪ ਵਿੱਚ ਇਸ ਦੀ ਜਾਣਕਾਰੀ ਦਿੱਤੀ ਸੀ।

# ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਬ੍ਰੈਗਜ਼ਿਟ ਸਮਝੌਤਾ ਫਿਰ ਪਾਰ ਨਹੀਂ ਲੱਗਾ

## * ਪ੍ਰਧਾਨ ਮੰਤਰੀ ਜਾਨਸਨ ਦੀ ਤਜਵੀਜ਼ 16 ਵੋਟਾਂ ਨਾਲ ਰੱਦ

ਲੰਡਨ, 20 ਅਕਤੂਬਰ, (ਪੋਸਟ ਬਿਊਰੋ)- ਬ੍ਰਿਟਿਸ਼ ਪਾਰਲੀਮੈਂਟ ਦੇ ਮੈਂਬਰਾਂ ਨੇ ਇੱਕ ਵਾਰ ਮੁੜ ਕੇ ਬ੍ਰੈਗਜ਼ਿਟ ਸਮਝੌਤਾ ਪਾਸ ਨਹੀਂ ਹੋਣ ਦਿੱਤਾ। ਸਮਝੌਤਾ ਪਾਸ ਕਰਾਉਣ ਲਈ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਬ੍ਰੈਗਜ਼ਿਟ ਤਜਵੀਜ਼ ਦਾ ਮਤਾ ਪਾਰਲੀਮੈਂਟ ਵਿੱਚ 16 ਵੋਟਾਂ ਦੇ ਫਰਕ ਨਾਲ ਹਾਰ ਗਿਆ ਹੈ। ਇਸ ਪਿੱਛੋਂ ਇਸ ਸਮਝੌਤੇ ਵਾਸਤੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੂੰ ਯੂਰਪੀ ਯੂਨੀਅਨ ਤੋਂ ਹੋਰ ਸਮਾਂ ਮੰਗਣਾ ਪੈਣਾ ਹੈ, ਪਰ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਯੂਰਪੀ ਯੂਨੀਅਨ ਤੋਂ ਹੋਰ ਸਮਾਂ ਮੰਗਣ ਤੋਂ ਇਨਕਾਰ ਕਰ ਦਿੱਤਾ ਹੈ। ਬ੍ਰਿਟੇਨ ਦੀ ਸਰਕਾਰ ਨੂੰ ਬ੍ਰੈਗਜ਼ਿਟ ਡੀਲ ਜਾਂ ਨੋ-ਡੀਲ ਦੇ ਲਈ ਯੂਰਪੀ ਯੂਨੀਅਨ ਨੂੰ 31 ਅਕਤੂਬਰ ਤੱਕ ਦੱਸਣਾ ਪੈਣਾ ਹੈ।



ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਤੰਬਰ ਵਿੱਚ ਹਾਕਮ ਕੰਜ਼ਰਵੇਟਿਵ ਪਾਰਟੀ ਦੇ ਬਾਗੀ ਪਾਰਲੀਮੈਂਟ ਮੈਂਬਰਾਂ ਨੇ ਵਿਰੋਧੀ ਪਾਰਲੀਮੈਂਟ ਮੈਂਬਰਾਂ ਨਾਲ ਮਿਲ ਕੇ ਆਪਣੀ ਹੀ ਸਰਕਾਰ ਨੂੰ ਪਾਰਲੀਮੈਂਟ ਵਿੱਚ ਹਰਾ ਦਿੱਤਾ ਹੈ। ਬੀਤੇ ਜੁਲਾਈ ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਬੋਰਿਸ ਜਾਨਸਨ ਦੀ ਪਾਰਲੀਮੈਂਟ ਵਿੱਚ ਅੱਜ ਪਹਿਲੀ ਪ੍ਰੀਖਿਆ ਸੀ, ਜਿਸ ਦੌਰਾਨ ਬ੍ਰੈਗਜ਼ਿਟ ਮੁੱਦੇ ਉੱਤੇ ਪੇਸ਼ ਹੋਏ ਮਤੇ ਉੱਤੇ ਵੋਟਿੰਗ ਵਿੱਚ ਉਨ੍ਹਾਂ ਨੂੰ ਸਿਰਫ 306 ਪਾਰਲੀਮੈਂਟ ਮੈਂਬਰਾਂ ਨੇ ਸਮਰਥਨ ਦਿੱਤਾ ਤੇ 322 ਪਾਰਲੀਮੈਂਟ ਮੈਂਬਰਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ। ਉਨ੍ਹਾਂ ਦੀ ਹਾਰ ਦਾ ਅਰਥ ਹੈ ਕਿ ਉਥੇ ਪਾਰਲੀਮੈਂਟ ਉੱਤੇ ਇਨ੍ਹਾਂ ਬਾਗੀ ਮੈਂਬਰਾਂ ਦਾ ਪ੍ਰਭਾਵ ਪੱਕਾ ਹੋ ਗਿਆ ਅਤੇ ਉਹ ਸਮਝੌਤੇ ਬਿਨਾਂ ਯੂਰਪੀ ਯੂਨੀਅਨ ਨੂੰ ਬ੍ਰਿਟੇਨ ਦੇ ਛੱਡਣ ਦੀ ਤਜਵੀਜ਼ (ਨੋ ਡੀਲ ਬ੍ਰੈਗਜ਼ਿਟ) ਉੱਤੇ ਰੋਕ ਲਾ ਸਕਦੇ ਹਨ। ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਇਹ ਕਹਿ ਰੱਖਿਆ ਹੈ ਕਿ ਸਮਝੌਤਾ ਹੋਵੇ ਜਾਂ ਨਾ ਹੋਵੇ, 31 ਅਕਤੂਬਰ ਤੱਕ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਵੱਖ ਹੋ ਜਾਵੇਗਾ। ਤਾਜ਼ਾ ਸਥਿਤੀ ਵਿੱਚ ਇਸ ਸਮਾਂ-ਹੱਦ ਨੂੰ ਟਾਲਣ ਲਈ ਬਾਗੀ ਅਤੇ ਵਿਰੋਧੀ ਪਾਰਲੀਮੈਂਟ ਮੈਂਬਰ ਬੁੱਧਵਾਰ ਨੂੰ ਇਕ ਨਵਾਂ ਬਿੱਲ ਪੇਸ਼ ਕਰ ਕੇ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿੱਚ ਪਾਸ ਕਰਨ ਦੇ ਬਾਅਦ ਕਾਨੂੰਨ ਬਣਾ ਸਕਦੇ ਹਨ।

ਆਪਣੀ ਅੱਜ ਦੀ ਹਾਰ ਤੋਂ ਨਾਰਾਜ਼ ਹੋਏ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਕਿਹਾ ਹੈ ਕਿ ਉਹ ਵਕਤ ਤੋਂ ਪਹਿਲਾਂ ਆਮ ਚੋਣਾਂ ਕਰਾਉਣ ਲਈ ਪਾਰਲੀਮੈਂਟ ਵਿੱਚ ਮਤਾ ਲਿਆਉਣਗੇ। ਉਨ੍ਹਾ ਕਿਹਾ ਕਿ ਮੈਂ ਉਨ੍ਹਾਂ ਦੀ ਯੋਜਨਾ ਨੂੰ ਨਹੀਂ ਮੰਨਦਾ, ਇਸ ਲਈ ਸਾਨੂੰ ਫੈਸਲਾ ਲੈਣਾ ਪੈਣਾ ਹੈ। ਮੈਂ ਨਹੀਂ ਚਾਹੁੰਦਾ ਕਿ ਚੋਣਾਂ ਹੋਣ, ਜਨਤਾ ਵੀ ਨਹੀਂ ਚਾਹੁੰਦੀ ਕਿ ਚੋਣਾਂ ਹੋਣ, ਪਰ ਕੱਲ੍ਹ ਨੂੰ ਇਹ ਬਿੱਲ ਪਾਸ ਹੋ ਗਿਆ ਤਾਂ ਲੋਕਾਂ ਨੂੰ ਨਵੀਂ ਚੋਣ ਕਰਨੀ ਹੋਵੇਗੀ ਕਿ ਇਸ ਮੁੱਦੇ ਨੂੰ ਹੱਲ ਕਰਨ ਅਤੇ ਦੇਸ਼ ਨੂੰ ਅੱਗੇ ਲਿਜਾਣ ਲਈ ਬ੍ਰੱਸਲਸ ਕੌਣ ਜਾਵੇਗਾ।

ਦੂਸਰੇ ਪਾਸੇ ਵਿਰੋਧੀ ਧਿਰ ਲੇਬਰ ਪਾਰਟੀ ਦੇ ਨੇਤਾ ਤੇ ਪਾਰਲੀਮੈਂਟ ਮੈਂਬਰ ਜੈਰੇਮੀ ਕਾਰਬਿਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੂੰ ਨੋ-ਡੀਲ ਦਾ ਵਿਰੋਧ ਕਰਨ ਦੇ ਬਿੱਲ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੈਂ ਵੋਟਿੰਗ ਦੇ ਫੈਸਲੇ ਦਾ ਸਵਾਗਤ ਕਰਦਾ ਹਾਂ। ਅਸੀਂ ਪਾਰਲੀਮੈਂਟਰੀ ਲੋਕਤੰਤਰ ਵਿੱਚ ਰਹਿੰਦੇ ਹਾਂ, ਰਾਸ਼ਟਰਪਤੀ ਰਾਜ ਵਾਲੇ ਲੋਕਤੰਤਰ ਵਿੱਚ ਨਹੀਂ। ਪ੍ਰਧਾਨ ਮੰਤਰੀ ਹਾਊਸ ਆਫ ਕਾਮਨਸ ਦੀ ਸਹਿਮਤੀ ਨਾਲ ਰਾਜ ਚਲਾਉਂਦੇ ਹਨ, ਜਿਹੜਾ ਜਨਤਾ ਦਾ ਪ੍ਰਤੀਨਿਧ ਹੈ। ਉਹ ਆਮ ਚੋਣਾਂ ਲਈ ਮਤਾ ਲਿਆਉਣਾ ਚਾਹੁੰਦੇ ਹਨ, ਉਸ ਨਾਲ ਕੋਈ ਔਖ ਨਹੀਂ, ਪਰ ਉਸ ਮਤੇ ਤੋਂ ਪਹਿਲਾਂ ਉਨ੍ਹਾਂ ਨੂੰ ਉਹ ਬਿੱਲ ਪਾਸ ਕਰਾਉਣਾ ਚਾਹੀਦਾ ਹੈ, ਜਿਹੜਾ ਸਮਝੌਤੇ ਦੇ ਬਗੈਰ ਯੂਰਪੀ ਯੂਨੀਅਨ ਤੋਂ ਵੱਖ ਹੋਣ ਦਾ ਵਿਰੋਧ ਕਰਦਾ ਹੈ ਅਤੇ ਫਿਰ ਚੋਣਾਂ ਲਈ ਲੋਕਾਂ ਵਿੱਚ ਜਾਣਾ ਚਾਹੀਦਾ ਹੈ।

ਬ੍ਰਿਟੇਨ ਵਿੱਚ ਬ੍ਰੈਗਜ਼ਿਟ ਸਮਝੌਤੇ ਬਾਰੇ ਬਾਗੀ ਪਾਰਲੀਮੈਂਟ ਮੈਂਬਰਾਂ ਅਤੇ ਬੋਰਿਸ ਜਾਨਸਨ ਦੀ ਗੱਲ ਸਿਰੇ ਨਹੀਂ ਸੀ ਚੜ੍ਹ ਸਕੀ ਤੇ ਇਸ ਪਿੱਛੋਂ 21 ਟੋਰੀ ਪਾਰਲੀਮੈਂਟ ਮੈਂਬਰਾਂ ਨੇ ਆਪਣੀ ਸਰਕਾਰ ਨੂੰ ਹਰਾਉਣ ਲਈ ਵਿਰੋਧੀ ਧਿਰ ਦਾ ਸਾਥ ਦਿੱਤਾ ਹੈ। ਇਨਾਂ ਵਿੱਚ ਕਈ ਸਾਬਕਾ ਕੈਬਨਿਟ ਮੰਤਰੀ ਸਨ। ਆਖਰੀ ਮੁਕਾਬਲੇ ਤੋਂ ਪਹਿਲਾਂ ਹਾਕਮ ਕੰਜ਼ਰਵੇਟਿਵ ਪਾਰਟੀ ਦੇ ਪਾਰਲੀਮੈਂਟ ਮੈਂਬਰ ਫਿਲਿਪ ਲੀ ਪਾਸਾ ਬਦਲ ਕੇ ਲਿਬਰਲ ਡੈਮੋਕ੍ਰੇਟਸ ਦੇ ਮੈਂਬਰਾਂ ਨਾਲ ਖੜੋਤੇ। ਬੋਰਿਸ ਜਾਨਸਨ ਜਦੋਂ ਪਾਰਲੀਮੈਂਟ ਵਿੱਚ ਬੋਲ ਰਹੇ ਸਨ ਤਾਂ ਬ੍ਰੇਕਨੇਲ ਹਲਕੇ ਦੇ ਪਾਰਲੀਮੈਂਟ ਮੈਂਬਰ ਫਿਲਿਪ ਲੀ ਉੱਠੇ ਤੇ ਵਿਰੋਧੀ ਧਿਰ ਵਿੱਚ ਜਾ ਬੈਠੇ। ਪਾਰਲੀਮੈਂਟ ਵਿੱਚ ਵੋਟਿੰਗ ਦੇ ਨਤੀਜੇ ਪਿੱਛੋਂ ਪ੍ਰਧਾਨ ਮੰਤਰੀ ਦਫਤਰ ਡਾਊਨਿੰਗ ਸਟ੍ਰੀਟ ਨੇ ਕਿਹਾ ਕਿ ਜਿਹੜੇ ਟੋਰੀ ਐੱਮ ਪੀਜ਼ ਨੇ ਬਗਾਵਤ ਕੀਤੀ ਹੈ, ਉਨ੍ਹਾਂ ਤੋਂ ਵ੍ਹਿਪ ਖੋਹ ਲਿਆ ਜਾਵੇਗਾ। ਇਸ ਦਾ ਅਰਥ ਹੈ ਕਿ ਉਹ ਪਾਰਲੀਮੈਂਟ ਮੈਂਬਰ ਆਪਣੀ ਕੰਜ਼ਰਵੇਟਿਵ ਪਾਰਟੀ ਦੇ ਪਾਰਲੀਮੈਂਟਰੀ ਗਰੁੱਪ ਤੋਂ ਕੱਢੇ ਜਾਣਗੇ। ਕੁੱਲ ਮਿਲਾ ਕੇ ਬ੍ਰਿਟੇਨ ਵਿੱਚ ਅੱਜ ਪਾਰਲੀਮੈਂਟ ਅਤੇ ਸਰਕਾਰ ਦੇ ਵਿਚਾਲੇ ਆਰ-ਪਾਰ ਵਰਗੀ ਸਥਿਤੀ ਬਣ ਗਈ ਹੈ। ਪਾਰਲੀਮੈਂਟ ਦੀ ਬਹੁ-ਸੰਮਤੀ ਨਹੀਂ ਚਾਹੁੰਦੀ ਕਿ ਬ੍ਰਿਟੇਨ ਕਿਸੇ ਸਮਝੌਤੇ ਬਿਨਾਂ ਯੂਰਪੀ ਯੂਨੀਅਨ ਤੋਂ ਰਿਸ਼ਤਾ ਤੋੜੇ ਤੇ ਬੋਰਿਸ ਜਾਨਸਨ ਇਹ ਹੀ ਵਾਅਦਾ ਕਰ ਕੇ ਪ੍ਰਧਾਨ ਮੰਤਰੀ ਬਣੇ ਸਨ ਕਿ ਸਮਝੌਤਾ ਹੋਵੇ ਜਾਂ ਨਾ ਹੋਵੇ, 31 ਅਕਤੂਬਰ ਨੂੰ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਵੱਖ ਹੋ ਜਾਵੇਗਾ।

# ਬੇਟੇ ਦੀ ਚਾਹਤ ਲਈ ਚੀਨੀ ਲੋਕ ਖ਼ੂਨ ਦੇ ਨਮੂਨੇ ਹਾਂਗਕਾਂਗ ਭੇਜਣ ਲੱਗੇ

ਬੀਜਿੰਗ, 20 ਅਕਤੂਬਰ (ਪੋਸਟ ਬਿਊਰੋ)- ਭਾਰਤ ਹੀ ਨਹੀਂ, ਚੀਨ 'ਚ ਵੀ ਬੇਟੇ ਦੀ ਚਾਹਤ 'ਚ ਲੋਕ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ। ਬੇਟਾ ਪੈਦਾ ਕਰਨ ਲਈ ਲੱਖਾਂ ਚੀਨੀ ਔਰਤਾਂ ਹਰ ਸਾਲ ਕਾਨੂੰਨ ਤੋੜਦੇ ਹੋਏ ਖ਼ੂਨ ਦੇ ਨਮੂਨੇ ਹਜ਼ਾਰਾਂ ਕਿਲੋਮੀਟਰ ਦੂਰ ਹਾਂਗਕਾਂਗ ਭੇਜ ਰਹੀਆਂ ਹਨ। ਹਾਂਗਕਾਂਗ ਵਿੱਚ ਸੱਤ ਤੋਂ ਦਸ ਹਫਤੇ ਦੇ ਭਰੂਣ ਦੀ ਜਾਂਚ ਤਕਨੀਕ ਹੋਣ ਨਾਲ ਆਨਲਾਈਨ ਕੰਪਨੀਆਂ ਰਾਹੀਂ ਵੀ ਚੋਰੀ-ਛੁਪੇ ਖ਼ੂਨ ਦੇ ਨਮੂਨੇ ਓਥੇ ਜਾ ਰਹੇ ਹਨ।

ਵਰਨਣ ਯੋਗ ਹੈ ਕਿ ਚੀਨ ਵਿੱਚ ਲਿੰਗ ਜਾਂਚ ਕਾਨੂੰਨਨ ਜੁਰਮ ਹੋ ਚੁੱਕਾ ਹੈ, ਪਰ ਹਾਂਗਕਾਂਗ ਵਿੱਚ ਨਹੀਂ ਹੈ। ਇਥੇ ਕਲੀਨਿਕਾਂ ਦੇ ਨਾਨ ਇੰਵੇਸਿਵ ਪੈਟਰਨਲ ਟੈਸਟਿੰਗ ਨਾਮੀ ਤਕਨੀਕ ਖੋਜ ਕੀਤੀ ਹੈ। ਇਸ ਵਿੱਚ 8-10 ਹਫਤੇ ਦੇ ਭਰੂਣ ਦਾ ਵੀ ਲਿੰਗ ਜਾਂਚਿਆ ਜਾ ਸਕਦਾ ਹੈ। ਇਸ ਲਈ ਗਰਭਵਤੀ ਦੇ ਖ਼ੂਨ ਦਾ ਨਮੂਨਾ ਮਿਲਣਾ ਵੀ ਆਮ ਹੈ। ਚੀਨ ਤੋਂ ਖ਼ੂਨ ਦੀਆਂ ਸ਼ੀਸ਼ੀਆਂ ਲੈ ਕੇ ਹਾਂਗਕਾਂਗ ਪੁਚਾਉਣ ਦੇ ਕਈ ਗਿਰੋਹ ਹਨ, ਜਿਹੜੇ ਬਜ਼ੁਰਗ ਔਰਤਾਂ ਤੋਂ ਲੈ ਕੇ ਵਿਦਿਆਰਥੀਆਂ ਤੱਕ ਨੂੰ ਵਰਤਦੇ ਹਨ। ਫਰਵਰੀ ਵਿੱਚ ਕਸਟਮ ਅਫਸਰ ਨੇ 200 ਸ਼ੀਸ਼ੀਆਂ ਸਮੇਤ ਬੱਚਿਆਂ ਨੂੰ ਫੜਿਆ ਸੀ। ਸਮੱਗਲਰਾਂ ਨੂੰ ਪ੍ਰਤੀ ਨਮੂਨਾ ਇੱਕ ਤੋਂ ਤਿੰਨ ਹਜ਼ਾਰ ਤੱਕ ਮਿਲ ਜਾਂਦੇ ਹਨ।

ਚੀਨੀ ਦੀ ਇੱਕ ਸੋਸ਼ਲ ਸਾਈਟ 'ਤੇ ਹਾਂਗਕਾਂਗ ਦੇ ਸਾਰੇ ਲਿੰਗ ਜਾਂਚ ਕਰਨ ਵਾਲੀਆਂ ਕੰਪਨੀਆਂ ਦੇ ਖਾਤੇ ਹਨ, ਜੋ ਖ਼ੂਨ ਦੇ ਨਮੂਨੇ ਲਈ ਆਨਲਾਈਨ ਫੀਸ ਲੈਂਦੀ ਹੈ। ਕਈ ਖਾਤਿਆਂ ਦੇ ਲੱਖਾਂ ਲੋਕ ਫਾਲੋਅਰ ਹਨ। ਇਹ ਕੰਪਨੀ ਲਿੰਗ ਜਾਂਚ ਲਈ ਲਗਭਗ 35 ਹਜ਼ਾਰ ਰੁਪਏ ਦੀ ਰਕਮ ਵਸੂਲਦੀ ਹੈ।

# 19 ਘੰਟੇ ਉੱਡ ਕੇ ਜਹਾਜ਼ ਨੇ ਸਭ ਤੋਂ ਲੰਬੀ ਨਾਨ ਸਟਾਪ ਉਡਾਣ ਦਾ ਰਿਕਾਰਡ ਬਣਾਇਆ

ਸਿਡਨੀ, 20 ਅਕਤੂਬਰ (ਪੋਸਟ ਬਿਊਰੋ)- ਦੁਨੀਆ ਵਿਚ ਪਹਿਲੀ ਵਾਰ ਇਕ ਯਾਤਰੀ ਜਹਾਜ਼ ਨੇ ਬਿਨਾਂ ਰੁਕੇ 19 ਘੰਟੇ 16 ਮਿੰਟ ਦੀ ਉਡਾਣ ਭਰੀ ਹੈ। ਇਹ ਉਡਾਣ ਅਮਰੀਕਾ ਦੇ ਨਿਊਯਾਰਕ ਤੋਂ ਅਸਟ੍ਰੇਲੀਆ ਦੇ ਸਿਡਨੀ ਤੱਕ ਗਈ ਤੇ ਇਹ ਅੱਜ ਤੱਕ ਦੀ ਸਭ ਤੋਂ ਲੰਬੀ ਨਾਨ ਸਟਾਪ ਯਾਤਰੀ ਉਡਾਣ ਹੈ।



ਅਸਲ ਵਿੱਚ ਕਵਾਂਟਸ ਏਅਰਲਾਈਨ ਨੇ ਸਾਲ ਦੇ ਸ਼ੁਰੂ ਵਿਚ ਤਿੰਨ ਬੇਹੱਦ ਲੰਬੀਆਂ ਉਡਾਣਾਂ ਦੀ ਯੋਜਨਾ ਬਣਾਈ ਸੀ ਅਤੇ ਇਸੇ ਦੌਰਾਨ ਨਿਊਯਾਰਕ ਅਤੇ ਸਿਡਨੀ ਵਿਚ ਪਹਿਲੀ ਲੰਬੀ ਉਡਾਣ ਭਰੀ ਸੀ। ਬੋਇੰਗ 787-9 ਵਾਲੇ ਜਹਾਜ਼ ਵਿਚ ਸਿਰਫ਼ 49 ਲੋਕਾਂ ਨੇ ਉਡਾਣ ਭਰੀ, ਤਾਂ ਜੋ ਜਹਾਜ਼ ਵਿਚ ਘੱਟ ਤੋਂ ਘੱਟ ਵਜ਼ਨ ਰਹੇ ਤੇ ਇਹ 16 ਹਜ਼ਾਰ ਕਿਲੋਮੀਟਰ ਤੋਂ ਵੱਧ ਦੂਰੀ ਬਿਨਾਂ ਦੁਬਾਰਾ ਤੇਲ ਲੈਣ ਤੋਂ ਪੂਰੀ ਕਰ ਸਕੇ। ਕਵਾਂਟਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਏਲਨ ਜੋਐਸ ਨੇ ਇਸ ਨੂੰ ਏਅਰਲਾਈਨ ਅਤੇ ਗਲੋਬਲ ਹਵਾਬਾਜ਼ੀ ਖੇਤਰ ਲਈ ਬੇਹੱਦ ਇਤਿਹਾਸਕ ਪਲ ਦੱਸਿਆ ਹੈ। ਕੰਪਨੀ ਇਸ ਪਿੱਛੋਂ ਆਪਣੀ ਅਗਲੀ ਨਾਨ ਸਟਾਪ ਫਲਾਈਟ ਦੀ ਯੋਜਨਾ ਬਣਾ ਰਹੀ ਹੈ, ਜਿਸ ਵਿੱਚ ਲੰਡਨ ਤੋਂ ਸਿਡਨੀ ਤੱਕ ਦੇ ਲਈ ਦੂਸਰੀ ਨਾਨ ਸਟਾਪ ਯਾਤਰੀ ਉਡਾਣ ਬਾਰੇ ਸੋਚਿਆ ਜਾ ਰਿਹਾ ਹੈ। ਇਸ ਦੇ ਨਾਲ ਕੰਪਨੀ ਇਹ ਵਿਚਾਰ ਕਰ ਰਹੀ ਹੈ ਕਿ 2019 ਦੇ ਅਖੀਰ ਤੱਕ ਕਿਹੜੇ ਰੂਟਾਂ ਉੱਤੇ ਉਡਾਣਾਂ ਸ਼ੁਰੂ ਹੋ ਸਕਦੀਆਂ ਹਨ। ਜੇ ਏਦਾਂ ਹੋਇਆ ਤਾਂ ਨਾਨ ਸਟਾਪ ਯਾਤਰੀ ਉਡਾਣ ਸੇਵਾਵਾਂ 2022 ਜਾਂ 2023 ਤੋਂ ਸ਼ੁਰੂ ਹੋ ਸਕਦੀਆਂ ਹਨ।

ਵਰਨਣ ਯੋਗ ਹੈ ਕਿ ਹਾਲੇ ਤੱਕ ਕੋਈ ਵੀ ਵਪਾਰਕ ਜਹਾਜ਼ ਇੰਨੇ ਲੰਬੇ ਰੂਟ ਉੱਤੇ ਨਾਨ ਸਟਾਪ ਉਡਾਣ ਦੇ ਸਮਰੱਥ ਨਹੀਂ ਹੈ।

# ਇਤਹਾਸ ਵਿੱਚ ਪਹਿਲੀ ਵਾਰ ਸਿਰਫ ਔਰਤਾਂ ਵੱਲੋਂ ਪੁਲਾੜ ਵਿੱਚ ਚਹਿਲ ਕਦਮੀ

ਵਾਸ਼ਿੰਗਟਨ, 20 ਅਕਤੂਬਰ, (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਦੀ ਪੁਲਾੜ ਯਾਤਰੀ ਕ੍ਰਿਸਟੀਨਾ ਕੋਚ ਅਤੇ ਜੈਸਿਕਾ ਮੀਰ ਨੇ ਅੱਜ ਸ਼ੁੱਕਰਵਾਰ ਕੌਮਾਂਤਰੀ ਸਪੇਸ ਸੈਂਟਰ (ਆਈ ਐੱਸ ਐੱਸ) ਦੇ ਬਾਹਰ ਚਹਿਲ ਕਦਮੀ (ਸਪੇਸ ਵਾਕ) ਕਰ ਕੇ ਇਤਿਹਾਸ ਸਿਰਜ ਦਿੱਤਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਸਿਰਫ਼ ਮਹਿਲਾ ਪੁਲਾੜ ਯਾਤਰੀਆਂ ਦੀ ਟੀਮ ਨੇ ਆਈ ਐੱਸ ਐੱਸ ਦੇ ਬਾਹਰ ਚਹਿਲ ਕਦਮੀ ਕੀਤੀ ਹੈ।

ਨਾਸਾ ਨੇ ਇਸ ਮੁਹਿੰਮ ਬਾਰੇ ਦੱਸਿਆ ਕਿ ਮਹਿਲਾ ਪੁਲਾੜ ਯਾਤਰੀਆਂ ਦੀ ਜੋੜੀ ਦਾ ਇਹ ਮਿਸ਼ਨ ਮੀਲ ਦਾ ਪੱਥਰ ਹੈ। ਇਹ ਹੋਰ ਵੀ ਅਹਿਮ ਇਸ ਲਈ ਹੈ ਕਿ ਏਜੰਸੀ 2024 ਤਕ ਪਹਿਲੀ ਮਹਿਲਾ ਨੂੰ ਚੰਦ ਉੱਤੇ ਭੇਜਣ ਲਈ ਕੰਮ ਕਰ ਰਹੀ ਹੈ। ਕ੍ਰਿਸਟੀਨਾ ਕੋਚ ਨੇ ਚੌਥੀ ਵਾਰ ਸਪੇਸ ਵਾਕ ਕੀਤੀ ਹੈ, ਪਰ ਜੈਸਿਕਾ ਮੀਰ ਪਹਿਲੀ ਵਾਰ ਏਦਾਂ ਦੀ ਮੁਹਿੰਮ ਵਿੱਚ ਗਈ ਹੈ। ਦੋਵਾਂ ਨੇ ਇਸ ਮੌਕੇ ਆਈ ਐੱਸ ਐੱਸ ਦੇ ਖ਼ਰਾਬ ਪਏ ਪਾਵਰ ਕੰਟਰੋਲਰ ਬੈਟਰੀ ਚਾਰਜ ਡਿਸਚਾਰਜ ਯੂਨਿਟ ਨੂੰ ਬਦਲਣਾ ਸੀ। ਇਹ ਯੂਨਿਟ 11 ਅਕਤੂਬਰ ਤੋਂ ਖ਼ਰਾਬ ਸੀ, ਪਰ ਇਸ ਨਾਲ ਸਟੇਸ਼ਨ ਵਿਚਲੇ ਖੋਜ ਕਾਰਜ ਜਾਂ ਓਥੇ ਮੌਜੂਦ ਪੁਲਾੜ ਯਾਤਰੀਆਂ ਦੀ ਸੁਰੱਖਿਆ ਪ੍ਰਭਾਵਤ ਨਹੀਂ ਹੋਈ ਸੀ। ਯੂਨਿਟ ਬਦਲਣ ਲਈ ਦੋਵੇਂ ਮਹਿਲਾ ਪੁਲਾੜ ਯਾਤਰੀ ਆਈ ਐੱਸ ਐੱਸ ਤੋਂ ਬਾਹਰ ਆਈਆਂ ਅਤੇ ਇਹ ਕੰਮ ਕਰ ਲਿਆ।

# ਐੱਫ ਏ ਟੀ ਐੱਫ ਮਾਮਲੇ ਵਿਚ ਪਾਕਿ ਨੂੰ ਇੱਕ ਹੋਰ ਚਿਤਾਵਨੀ, ਫਰਵਰੀ ਤੱਕ ਸਮਾਂ ਮਿਲਿਆ

ਇਸਲਾਮਾਬਾਦ, 20 ਅਕਤੂਬਰ, (ਪੋਸਟ ਬਿਊਰੋ)- ਆਪਣੇ ਦੇਸ਼ ਵਿੱਚ ਬਹੁਤ ਵੱਡੀ ਆਰਥਿਕ ਬਦਹਾਲੀ ਨਾਲ ਜੂਝ ਰਹੇ ਪਾਕਿਸਤਾਨ ਨੂੰ ਫ਼ਾਈਨੈਂਸ਼ੀਅਲ ਐਕਸ਼ਨ ਟਾਸਕ ਫ਼ੋਰਸ (ਐੱਫ ਏ ਟੀ ਐੱਫ) ਨੇ ਵੱਡਾ ਝਟਕਾ ਦਿੱਤਾ ਤੇ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਫ਼ਰਵਰੀ 2020 ਤਕ ਪੂਰਾ ਐਕਸ਼ਨ ਪਲਾਨ ਤਿਆਰ ਕਰੇ ਅਤੇ ਉਸ ਉੱਤੇ ਕੰਮ ਕਰੇ। ਜੇ ਉਹ ਨਿਰਧਾਰਤ ਸਮੇਂ ਵਿੱਚ ਅਜਿਹਾ ਕਰਨ ਤੋਂ ਅਸਫ਼ਲ ਰਿਹਾ ਤਾਂ ਉਸ ਨੂੰ ਭਵਿੱਖ ਵਿੱਚ ਸਖ਼ਤ ਕਾਰਵਾਈ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਪਿੱਛੋਂ ਉਸ ਨੂੰ ਕਾਲੀ ਸੂਚੀ ਵਿੱਚ ਪਾਇਆ ਜਾ ਸਕਦਾ ਹੈ। ਐੱਫ ਏ ਟੀ ਐੱਫ ਨੇ ਆਪਣੇ ਮੈਂਬਰਾਂ ਨੂੰ ਪਾਕਿਸਤਾਨ ਨਾਲ ਕਿਸੇ ਵੀ ਲੈਣ-ਦੇਣ ਅਤੇ ਵਪਾਰ ਉੱਤੇ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਹਨ।

ਅਸਲ ਵਿੱਚ 36 ਦੇਸ਼ਾਂ ਵਾਲੇ ਐੱਫ ਏ ਟੀ ਐੱਫ ਦੇ ਚਾਰਟਰ ਮੁਤਾਬਕ ਕਿਸੇ ਵੀ ਦੇਸ਼ ਨੂੰ ਬਲੈਕ ਲਿਸਟ ਕਰਨ ਤੋਂ ਬਚਾਉਣ ਲਈ ਘੱਟੋ-ਘੱਟ ਤਿੰਨ ਦੇਸ਼ਾਂ ਦੇ ਸਮਰਥਨ ਦੀ ਲੋੜ ਹੁੰਦੀ ਹੈ। ਪਾਕਿਸਤਾਨ ਫਿਲਹਾਲ ਗ੍ਰੇਅ ਲਿਸਟ ਵਿੱਚ ਹੈ ਤੇ ਇਸ ਤੋਂ ਬਾਹਰ ਆਉਣ ਦੀ ਕੋਸ਼ਿਸ਼ ਵਿੱਚ ਹੈ। ਐੱਫ ਏ ਟੀ ਐੱਫ ਨੇ ਮਨੀ ਲਾਂਡਰਿੰਗ ਅਤੇ ਅਤਿਵਾਦ ਦੀ ਫੰਡਿੰਗ ਰੋਕਣ ਦੀ ਕਾਰਵਾਈ ਪੂਰੀ ਕਰਨ ਲਈ ਉਸ ਨੂੰ ਅਕਤੂਬਰ ਤਕ ਸਮਾਂ ਦਿੱਤਾ ਸੀ। ਇਸ ਤੋਂ ਪਹਿਲਾਂ ਚੀਨ, ਤੁਰਕੀ ਤੇ ਮਲੇਸ਼ੀਆ ਨੇ ਪਾਕਿਸਤਾਨ ਵਲੋਂ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ, ਪਰ ਭਾਰਤ ਨੇ ਉਸ ਨੂੰ ਬਲੈਕ ਲਿਸਟ ਕਰਨ ਦੀ ਸਿਫ਼ਾਰਸ਼ ਕੀਤੀ ਅਤੇ ਕਿਹਾ ਸੀ ਕਿ ਪਾਕਿਸਤਾਨ ਨੇ ਹਾਫ਼ਿਜ਼ ਸਈਦ ਨੂੰ ਆਪਣੇ ਫ਼ਰੀਜ ਖ਼ਾਤੇ ਤੋਂ ਪੈਸਾ ਕੱਢਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਐੱਫ ਏ ਟੀ ਐੱਫ ਪੈਰਿਸ ਵਿੱਚੋਂ ਚੱਲਦੀ ਅੰਤਰ-ਸਰਕਾਰੀ ਸੰਸਥਾ ਹੈ, ਜਿਹੜੀ ਅਤਿਵਾਦੀ ਸੰਗਠਨਾਂ ਨੂੰ ਮਿਲਦੀ ਗ਼ੈਰ-ਕਾਨੂੰਨੀ ਆਰਥਕ ਮਦਦ ਰੋਕਣ ਦੇ ਨਿਯਮ ਬਣਾਉਂਦੀ ਤੇ ਇਸ ਦੀ ਪਾਲਣਾ ਬਾਰੇ ਆਪਣੀ ਰਿਪੋਰਟ ਦੇਂਦੀ ਹੈ। ਇਹ ਸੰਸਥਾ ਸਾਲ 1989 ਵਿੱਚ ਬਣਾਈ ਗਈ ਸੀ। ਐੱਫ ਏ ਟੀ ਐੱਫ ਦੀ ਗ੍ਰੇਅ ਲਿਸਟ ਜਾਂ ਬਲੈਕ ਲਿਸਟ ਵਿੱਚ ਪਾਏ ਜਾਣ ਵਾਲੇ ਦੇਸ਼ ਨੂੰ ਕੌਮਾਂਤਰੀ ਸੰਸਥਾਵਾਂ ਤੋਂ ਕਰਜ਼ਾ ਮਿਲਣ ਵਿੱਚ ਬਹੁਤ ਮੁਸ਼ਕਲ ਆਉਂਦੀ ਹੈ।

BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਰਾਏਪੁਰ ਤੇ ਢੇਸੀ ਪਰਵਾਰ ਕਾਂਗਰਸ 'ਚ ਸ਼ਾਮਲ

ਫਗਵਾੜਾ, 20 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਕੈਪਟਨ ਅਮਰਿੰਦਰ ਸਿੰਘ ਦੀ ਫੇਰੀ ਦੌਰਾਨ ਕਾਂਗਰਸੀ ਉਮੀਦਵਾਰ ਬਲਵਿੰਦਰ ਸਿੰਘ ਧਾਲੀਵਾਲ ਨੂੰ ਬਲ ਮਿਲਿਆ, ਜਦੋਂ ਦੁਆਬੇ ਦੇ ਉਘੇ ਢੇਸੀ ਪਰਵਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਰਜੀਤ ਸਿੰਘ ਰਾਏ-ਪੁਰ, ਜਸਪਾਲ ਸਿੰਘ ਢੇਸੀ ਅਤੇ ਫਗਵਾੜਾ ਹਲਕੇ ਤੋਂ ਸੀਨੀਅਰ ਅਕਾਲੀ ਆਗੂ ਤੇ ਕੌਂਸਲਰ ਦਵਿੰਦਰ ਸਪਰਾ ਸਾਥੀਆਂ ਸਮੇਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਕੈਬਨਿਟ ਮੰਤਰੀ ਸੁੰਦਰ ਅਰੋੜਾ ਦੀ ਹਾਜ਼ਰੀ ਵਿੱਚ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ।

ਇਸ ਮੌਕੇ ਪਰਮਜੀਤ ਸਿੰਘ ਰਾਏਪੁਰ ਨੇ ਦੱਸਿਆ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੀਆਂ ਨੀਤੀਆਂ ਤੇ ਉਨ੍ਹਾਂ ਦੇ ਸਾਫ ਸਟੈਂਡ ਕਰ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਕਈ ਤਰ੍ਹਾਂ ਦੇ ਕੇਸਾਂ ਅਤੇ ਖਾਸ ਕਰ ਕੇ ਬੇਅਦਬੀ ਕਾਂਡ ਕਾਰਨ ਉਨ੍ਹਾਂ ਦਾ ਦਿਲ ਬਹੁਤ ਦੁਖੀ ਹੋਇਆ ਹੈ। ਇਸ ਮੌਕੇ ਕੌਂਸਲਰ ਦਵਿੰਦਰ ਸਪਰਾ ਨੇ ਕਿਹਾ ਕਿ ਉਹ ਕਾਂਗਰਸ ਦੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ 'ਚ ਸ਼ਾਮਲ ਹੋਏ ਹਨ।

BEST FOR DIWALI GIFT


ALL PHOTOS IN 24K GOLD GUARANTEED



FOR WHOLESALE & RETAIL
ALL INQUIRES CALL
TARSEM SINGH 647-206-6109

# ਭਾਰਤੀ ਕਿਸਾਨ ਯੂਨੀਅਨ ਨੂੰ ਹਾਈ ਕੋਰਟ ਵੱਲੋਂ ਝਾੜ

ਚੰਡੀਗੜ੍ਹ, 20 ਅਕਤੂਬਰ (ਪੋਸਟ ਬਿਊਰੋ)- ਪਰਾਲੀ ਸਾੜਨ ਦੇ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਆਰ ਐਸ ਝਾਅ ਅਤੇ ਜਸਟਿਸ ਰਾਜੀਵ ਸ਼ਰਮਾ ਦੀ ਡਵੀਜ਼ਨ ਬੈਂਚ ਨੇ ਪਟੀਸ਼ਨਰ ਸੰਸਥਾ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਨੂੰ ਝਾੜ ਪਾਉਂਦਿਆਂ ਕਿਹਾ ਹੈ ਕਿ ਸਾਰਾ ਦੋਸ਼ ਸਰਕਾਰ ਨੂੰ ਹੀ ਕਿਉਂ ਦਿੱਤਾ ਜਾਂਦਾ ਹੈ, ਕਿਸਾਨ ਆਪਣੀ ਜ਼ਿੰਮੇਵਾਰੀ ਕਿਉਂ ਨਹੀਂ ਨਿਭਾਉਂਦੇ। ਬੈਂਚ ਨੇ ਕਿਹਾ ਹੈ ਕਿ ਝੋਨੇ ਦੀ ਫਸਲ ਦੱਖਣੀ ਭਾਰਤ ਵਿੱਚ ਵੀ ਹੁੰਦੀ ਹੈ ਪਰ ਉਥੇ ਪਰਾਲੀ ਸਾੜਨ ਦੇ ਮਾਮਲੇ ਨਹੀਂ ਹੁੰਦੇ, ਸਿਰਫ ਪੰਜਾਬ ਤੇ ਹਰਿਆਣਾ 'ਚ ਕਿਉਂ ਪਰਾਲੀ ਸਾੜੀ ਜਾਂਦੀ ਹੈ। ਇਸ ਮੌਕੇ ਅਦਾਲਤ ਨੇ ਕਿਹਾ ਕਿ ਕਿਸਾਨਾਂ ਨੂੰ ਫਸਲ ਬੀਜਣ ਤੋਂ ਝਾੜ ਕੱਢਣ ਤੇ ਸਰਕਾਰੀ ਖਰੀਦ ਤੱਕ ਸਰਕਾਰ ਦੀ ਮਦਦ ਮਿਲਦੀ ਹੈ, ਪਰ ਕਿਸਾਨ ਸਿਰਫ ਸਰਕਾਰ ਵੱਲ ਹੀ ਤੱਕਦੇ ਹਨ ਤੇ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੇ। ਬੈਂਚ ਨੇ ਕਿਹਾ ਹੈ ਕਿ ਜੇ ਫਸਲ ਲਾਈ ਜਾਂਦੀ ਹੈ ਤਾਂ ਰਹਿੰਦ-ਖੂੰਹਦ, ਯਾਨੀ ਪਰਾਲੀ ਸਾਂਭਣਾ ਵੀ ਕਿਸਾਨ ਦੀ ਜ਼ਿੰਮੇਵਾਰੀ ਬਣਦੀ ਹੈ। ਹਾਈ ਕੋਰਟ ਨੇ ਕਿਸਾਨਾਂ ਤੋਂ ਜੁਰਮਾਨਾ ਵਸੂਲੀ 'ਤੇ ਰੋਕ ਜਾਰੀ ਰੱਖੀ ਹੈ, ਪਰ ਨਾਲ ਇਹ ਵੀ ਕਿਹਾ ਹੈ ਕਿ ਪਰਾਲੀ ਸਾੜਨ ਦੀ ਰੋਕਥਾਮ ਲਈ ਸਖਤੀ ਵਰਤੀ ਜਾਵੇ, ਭਾਵੇਂ ਇਸ ਲਈ ਕਿਸਾਨਾਂ ਵਿਰੁੱਧ ਅਪਰਾਧਿਕ ਕਾਰਵਾਈ ਸਮੇਤ ਹੋਰ ਕੋਈ ਵੀ ਕਾਰਵਾਈ ਕਿਉਂ ਨਾ ਕਰਨੀ ਪਵੇ। ਫਿਲਹਾਲ ਸੁਣਵਾਈ 25 ਨਵੰਬਰ 'ਤੇ ਪਾ ਦਿੱਤੀ ਗਈ ਹੈ।




# ਬੋਰਿਸ ਜਾਨਸਨ ਬ੍ਰੈਗਜ਼ਿਟ ਉੱਤੇ ਰੁਕਣ ਲਈ ਤਿਆਰ ਨਹੀਂ

ਲੰਡਨ, 20 ਅਕਤੂਬਰ (ਪੋਸਟ ਬਿਊਰੋ)- ਬ੍ਰੈਗਜ਼ਿਟ ਮਸਲੇ ਉਤੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੂੰ ਝਟਕਾ ਦਿੰਦਿਆਂ ਕੱਲ੍ਹ ਪਾਰਲੀਮੈਂਟ ਨੇ ਉਸ ਸੋਧ ਮਤੇ ਨੂੰ ਪ੍ਰਵਾਨ ਕਰ ਲਿਆ ਜਿਸ 'ਚ ਯੂਰਪੀ ਯੂਨੀਅਨ ਦੇ ਵਖਰੇਵੇਂ ਦੀ ਪ੍ਰਕਿਰਿਆ ਨੂੰ ਟਾਲਣ ਦੀ ਗੱਲ ਕਹੀ ਗਈ ਹੈ। ਇਸ ਸੋਧ ਵਿੱਚ ਬਿਨਾਂ ਸ਼ਰਤ ਬ੍ਰੈਗਜ਼ਿਟ ਨੂੰ ਰੋਕਣ ਦਾ ਵੀ ਬਿੰਦੂ ਹੈ।

ਜੌਨਸਨ ਲਈ ਪ੍ਰੇਸ਼ਾਨੀ ਦੀ ਗੱਲ ਇਹ ਸੀ ਕਿ ਇਹ ਮਤਾ ਉਨ੍ਹਾਂ ਦੀ ਹੀ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਓਲਿਵਰ ਲੈਟਵਿਨ ਲਿਆਏ ਸਨ। ਝਟਕੇ ਤੋਂ ਉਭਰਦੇ ਹੋਏ ਪ੍ਰਧਾਨ ਮੰਤਰੀ ਜੌਨਸਨ ਨੇ ਐਲਾਨ ਕੀਤਾ ਹੈ ਕਿ ਉਹ ਬ੍ਰੈਗਜ਼ਿਟ ਨੂੰ ਹੋਰ ਨਹੀਂ ਟਾਲਣਗੇ, 31 ਅਕਤੂਬਰ ਨੂੰ ਪਹਿਲਾਂ ਮਿਥੇ ਪ੍ਰੋਗਰਾਮ ਮੁਤਾਬਕ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਵੱਖ ਹੋਵੇਗਾ। ਉਨ੍ਹਾਂ ਕਿਹਾ, ਬ੍ਰੈਗਜ਼ਿਟ 'ਚ ਹੋ ਰਹੀ ਦੇਰੀ ਨਾਲ ਦੇਸ਼ ਨੂੰ ਆਰਥਿਕ ਨੁਕਸਾਨ ਹੋ ਰਿਹਾ ਹੈ, ਬੇਭਰੋਸਗੀ ਪੈਦਾ ਹੋ ਰਹੀ ਹੈ ਤੇ ਦੇਸ਼ ਦੇ ਬਹੁਗਿਣਤੀ ਲੋਕਾਂ ਦਾ ਭਰੋਸਾ ਟੁੱਟਾ ਰਿਹਾ ਹੈ। ਜੌਨਸਨ ਨੇ ਕਿਹਾ, ਉਹ ਬ੍ਰੈਗਜ਼ਿਟ ਨੂੰ 31 ਅਕਤੂਬਰ ਤੋਂ ਅੱਗੇ ਵਧਾਉਣ ਲਈ ਯੂਰਪੀ ਯੂਨੀਅਨ ਨਾਲ ਗੱਲ ਨਹੀਂ ਕਰਨਗੇ। ਇਸ ਦੇ ਲਈ ਕਾਨੂੰਨ ਉਨ੍ਹਾਂ ਨੂੰ ਮਜਬੂਰ ਨਹੀਂ ਕਰਦਾ।

# ਭਾਰਤ ਦੇ ਸਮੁੰਦਰੀ ਕੰਢਿਆਂ ਦੀ ਸਖ਼ਤ ਸੁਰੱਖਿਆ ਦੇ ਲਈ ਨਵੀਂ ਕੇਂਦਰੀ ਫੋਰਸ ਬਣੇਗੀ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ ਸਮੁੰਦਰ ਕੰਢਿਆਂ ਦੀ ਸੁਰੱਖਿਆ ਪੱਕੀ ਕਰਨ ਦੇ ਲਈ ਨਵੀਂ ਕੇਂਦਰੀ ਸੁਰੱਖਿਆ ਫੋਰਸ ਬਣਾਈ ਜਾਵੇਗੀ। ਕੇਂਦਰੀ ਸਮੁੰਦਰੀ ਪੁਲਿਸ ਫੋਰਸ (ਸੈਂਟਰਲ ਮੈਰੀਨ ਪੁਲਿਸ ਫੋਰਸ-ਸੀ ਐੱਮ ਪੀ ਐੱਫ) ਨਾਂ ਦੀ ਇਸ ਫੋਰਸ ਲਈ ਗ੍ਰਹਿ ਮੰਤਰਾਲੇ ਨੇ ਰਸਮੀ ਕਾਰਵਾਈਆਂ ਪੂਰੀਆਂ ਕਰ ਲਈਆਂ ਹਨ।

ਇਸ ਸੰਬੰਧ ਵਿੱਚ ਗ੍ਰਹਿ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ, 'ਹੋਰ ਕੇਂਦਰੀ ਹਥਿਆਰਬੰਦ ਪੁਲਿਸ ਫੋਰਸਾਂ ਦੇ ਉਲਟ ਕੇਂਦਰੀ ਸਮੁੰਦਰੀ ਪੁਲਿਸ ਫੋਰਸ ਕੋਲ ਆਪਣਾ ਕੇਡਰ, ਨਿਯਮ, ਮੈਨੂਅਲ, ਐਕਟ ਤੇ ਬੁਨਿਆਦੀ ਢਾਂਚਾ ਹੋਵੇਗਾ ਤੇ ਇਸ ਦੀ ਅਗਵਾਈ ਡਾਇਰੈਕਟਰ ਜਨਰਲ ਰੈਂਕ ਦਾ ਅਧਿਕਾਰੀ ਕਰੇਗਾ।' ਇਸ ਅਧਿਕਾਰੀ ਨੇ ਕਿਹਾ ਕਿ ਸਾਲ 2016 ਦੇ ਅੱਧ ਵਿੱਚ ਇਹ ਫੋਰਸ ਬਣਾਉਣ ਦੀ ਤਜਵੀਜ਼ ਆਈ ਤਾਂ ਇਸ ਬਾਰੇ ਕੋਈ ਉਤਸ਼ਾਹ ਨਹੀਂ ਦੇਖਿਆ ਗਿਆ ਸੀ, ਪਰ ਪਿੱਛੇ ਜਿਹੇ ਜਦੋਂ ਖੁਫੀਆ ਸੂਚਨਾਵਾਂ ਮਿਲੀਆਂ ਕਿ ਪਾਕਿਸਤਾਨ ਵਿਚਲੇ ਅੱਤਵਾਦੀ ਸਮੁੰਦਰ ਰਾਹੀਂ ਭਾਰਤ ਵਿਚ ਘੁਸਪੈਠ ਕਰ ਕੇ ਮਹੱਤਵ ਪੂਰਨ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਹਨ ਤਾਂ ਗ੍ਰਹਿ ਮੰਤਰਾਲੇ ਨੇ ਹਥਿਆਰਬੰਦ ਸਮੁੰਦਰੀ ਬਲ ਦੇ ਗਠਨ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਸੀ।

ਸਮੁੰਦਰੀ ਫੋਰਸ ਦੇ ਗਠਨ ਨਾਲ ਜੁੜੇ ਇੱਕ ਅਧਿਕਾਰੀ ਨੇ ਦੱਸਿਆ ਕਿ ਰਾਜੀਵ ਗੌਬਾ ਜਦੋਂ ਹੋਮ ਸੈਕਟਰੀ ਸਨ ਤਾਂ ਉਨ੍ਹਾਂ ਨੇ ਇਸ ਫੋਰਸ ਦੇ ਗਠਨ ਦੀ ਪ੍ਰਕਿਰਿਆ ਤੇਜ਼ੀ ਕੀਤੀ ਸੀ ਅਤੇ ਅੰਦਰੂਨੀ ਸੁਰੱਖਿਆ ਬਾਰੇ ਵੱਖ-ਵੱਖ ਮੀਟਿੰਗਾਂ ਵਿੱਚ ਇਹ ਮਸਲਾ ਉਠਾਇਆ ਸੀ। ਭਾਰਤ ਦੇ ਸਮੁੰਦਰੀ ਤੱਟਾਂ ਦੀ ਲੰਬਾਈ 7,516 ਕਿਲੋਮੀਟਰ ਹੈ, ਜੋ 13 ਰਾਜਾਂ ਅਤੇ ਕੇਂਦਰੀ ਸ਼ਾਸਿਤ ਰਾਜਾਂ ਵਿਚ ਫੈਲਿਆ ਹੈ। ਭਾਰਤ ਦੇ ਟਾਪੂਆਂ ਦੀ ਗਿਣਤੀ ਵੀ 1,197 ਹੈ। ਸਮੁੰਦਰੀ ਤੱਟਾਂ ਦੀ ਸੁਰੱਖਿਆ ਨਿਗਰਾਨੀ 2005 ਤੋਂ ਪੜਾਅਵਾਰ ਢੰਗ ਨਾਲ ਚਲਾਈ ਜਾ ਰਹੀ ਹੈ। ਇਸ ਹੇਠ ਤੱਟੀ ਸੂਬਿਆਂ ਤੇ ਕੇਂਦਰ ਸ਼ਾਸਿਤ ਸੂਬਿਆਂ ਦੀ ਪੁਲਿਸ ਫੋਰਸ ਨੂੰ ਤੱਟੀ ਇਲਾਕਿਆਂ ਵਿਚ ਗਸ਼ਤ ਤੇ ਚੌਕਸੀ ਦੀ ਸਹੂਲਤ ਤੇ ਸਮਰੱਥਾ ਨੂੰ ਵਧਾਇਆ ਜਾਂਦਾ ਹੈ, ਜਿਸ ਨੂੰ ਸਮੁੰਦਰੀ ਕਿਨਾਰੇ ਵਾਲੇ 200 ਥਾਣੇ ਚਲਾ ਰਹੇ ਹਨ। ਇਨ੍ਹਾਂ ਥਾਣਿਆਂ ਨੂੰ ਕਿਸ਼ਤੀਆਂ ਤੇ ਚਾਰ ਪਹੀਆ ਅਤੇ ਦੋ ਪਹੀਆ ਵਾਹਨਾਂ ਦੇ ਨਾਲ ਹੋਰ ਸਹੂਲਤਾਂ ਅਤੇ ਸਾਜ਼ੋ-ਸਾਮਾਨ ਦਿੱਤੇ ਗਏ ਹਨ।

# ਬੱਸ ਅਤੇ ਬੋਲੈਰੋ ਦੀ ਟੱਕਰ ਵਿੱਚ ਚਾਰ ਨੌਜਵਾਨਾਂ ਦੀ ਮੌਤ




ਮੋਗਾ, 20 ਅਕਤੂਬਰ (ਪੋਸਟ ਬਿਊਰੋ)- ਇੱਕ ਵਿਆਹ ਸਮਾਰੋਹ 'ਚ ਬਰਨਾਲਾ ਦੇ ਪਿੰਡ ਤਾਜੋਕੇ ਜਾ ਰਹੇ ਨੌਂ ਮੋਗਾ ਨਾਲ ਸੰਬੰਧਤ ਨੌਜਵਾਨਾਂ ਨਾਲ ਭਰੀ ਬੋਲੇਰੋ ਗੱਡੀ ਦੀ ਉਲਟ ਪਾਸਿਓਂ ਆਈ ਮਾਲਵਾ ਕੰਪਨੀ ਦੀ ਪ੍ਰਾਈਵੇਟ ਬੱਸ ਨਾਲ ਆਹਮੋ ਸਾਹਮਣੇ ਟੱਕਰ ਹੋ ਗਈ। ਹਾਦਸੇ 'ਚ ਚਾਰ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ। ਤਿੰਨਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਦੋ ਨੂੰ ਨਿਹਾਲ ਸਿੰਘ ਵਾਲਾ ਦੇ ਦੀਪ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਮੋਗਾ 'ਚ ਬਰਨਾਲਾ ਜ਼ਿਲ੍ਹੇ ਦੇ ਤਪਾ ਥਾਣਾ ਖੇਤਰ ਦੇ ਪਿੰਡ ਤਾਜੋਕੇ ਤੋਂ ਇੱਕ ਬਰਾਤ ਆਈ ਹੋਈ ਸੀ। ਵਿਆਹ ਤੋਂ ਬਾਅਦ ਬਰਾਤ ਵਿੱਚ ਸ਼ਾਮਲ ਲੋਕ ਵਾਪਸ ਪਰਤ ਰਹੇ ਸਨ। ਬੋਲੇਰੋ ਗੱਡੀ ਜਿਵੇਂ ਹੀ ਮੋਗਾ ਬਰਨਾਲਾ ਹਾਈਵੇ 'ਤੇ ਪਿੰਡ ਬੋਡੇ ਨੇੜੇ ਪੁੱਜੀ ਤਾਂ ਉਲਟੀ ਦਿਸ਼ਾ ਤੋਂ ਆਈ ਮਾਲਵਾ ਕੰਪਨੀ ਦੀ ਬੱਸ ਨਾਲ ਗੱਡੀ ਦੀ ਟੱਕਰ ਹੋ ਗਈ। ਬੱਸ ਵਿੱਚ ਕੋਈ ਯਾਤਰੀ ਨਹੀਂ ਸੀ, ਸਿਰਫ ਡਰਾਈਵਰ ਸੀ। ਦੋਵੇਂ ਗੱਡੀਆਂ ਦੀ ਟੱਕਰ 'ਚ ਬੋਲੇਰੋ ਚੱਕਨਾਚੂਰ ਹੋ ਗਈ। ਹਾਦਸੇ ਤੋਂ ਬਾਅਦ ਬੱਸ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਸੂਚਨਾ ਮਿਲਦੇ ਸਾਰ ਮਨਜੀਤ ਸਿੰਘ ਡੀ ਐਸ ਪੀ ਨਿਹਾਲ ਸਿੰਘ ਵਾਲਾ ਅਤੇ ਥਾਣਾ ਬੱਧਨੀ ਕਲਾਂ ਦੀ ਪੁਲਸ ਮੌਕੇ 'ਤੇ ਪੁੱਜੀ। ਡੀ ਐਸ ਪੀ ਮਨਜੀਤ ਸਿੰਘ ਦੇ ਮੁਤਾਬਕ ਮਰਨ ਵਾਲਿਆਂ 'ਚ ਇਕਬਾਲ ਸਿੰਘ, ਸੁਖਦੀਪ ਸਿੰਘ, ਭੂਸ਼ਣ ਅਤੇ ਲੱਖਾ ਹਨ, ਜਿਨ੍ਹਾਂ ਦੀ ਉਮਰ 22 ਸਾਲ ਤੋਂ ਲੈ ਕੇ 26 ਸਾਲ ਵਿਚਕਾਰ ਸੀ। ਚਾਰੇ ਨੌਜਵਾਨ ਵਿਆਹੁਤਾ ਸਨ ਤੇ ਚਾਰਾਂ ਦੇ ਦੋ-ਦੋ ਬੱਚੇ ਦੱਸੇ ਗਏ ਹਨ। ਦੋ ਜ਼ਖਮੀਆਂ ਨੂੰ ਨਿਹਾਲ ਸਿੰਘ ਵਾਲਾ ਦੇ ਦੀਪ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ

ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ,
ਰੀਅਲ ਏਸਟੇਟ ਵਾਲੇ ਵੀਰ ਕਾਲ ਨਾ ਕਰਨ

647-868-0954




Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਲੜਕਾ, ਉਮਰ 25 ਸਾਲ, ਕਦ 5'8'', ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿੱਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW


AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters


AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ


ਹਰਜੀਤ ਧਨੋਆ

416.230.4000 • 647.409.1092
www.STARLANEPAINTING.com

# ਦਮਦਮੀ ਟਕਸਾਲ ਵੱਲੋਂ ਮੋਗਾ ਵਿਖੇ ਪੰਜਵਾਂ ਅੰਤਰਰਾਸ਼ਟਰੀ ਸੈਮੀਨਾਰ





ਮੋਗਾ, 20 ਅਕਤੂਬਰ ( ਗਿਆਨ ਸਿੰਘ): ਦਮਦਮੀ ਟਕਸਾਲ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ 'ਚ ਗੁਰੂ ਨਾਨਕ ਕਾਲਜ ਮੋਗਾ ਦੇ ਖੁਲੇ ਵਿਹੜੇ 'ਚ ਦਮਦਮੀ ਟਕਸਾਲ ਦੇ ਮੌਜੂਦਾ ਹੈੱਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਸਥਾਪਨਾ ਦੀ 50 ਸਾਲਾ ਅਰਧ ਸ਼ਤਾਬਦੀ ਨੂੰ ਸਮਰਪਿਤ ਪੰਜਵਾਂ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਇਸ ਤੋਂ ਪਹਿਲਾਂ ਪੰਥ 'ਚ ਜਾਗ੍ਰਿਤੀ ਪੈਦਾ ਕਰਨ ਲਈ ਅੰਮ੍ਰਿਤਸਰ, ਨਵੀਂ ਦਿੱਲੀ, ਪਟਿਆਲਾ ਅਤੇ ਮੁੰਬਈ 'ਚ ਸੈਮੀਨਾਰ ਕਰਾਏ ਜਾ ਚੁਕੇ ਹਨ।

ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਅਕਾਲ ਤਖਤ ਜਥੇਦਾਰ ਸਾਹਿਬ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਪੰਥਕ ਮੁੱਦਿਆਂ ਪ੍ਰਤੀ ਵਿਦਵਾਨਾਂ 'ਚ ਸੰਵਾਦ ਰਚਾਉਣ ਲਈ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਹਕੂਮਤ ਘੱਟਗਿਣਤੀ ਕੌਮਾਂ ਨੂੰ ਦਬਾਉਣ 'ਤੇ ਉਤਾਰੂ ਹਨ। ਉਨ੍ਹਾਂ ਕਿਹਾ ਸਿੱਖ ਇਕ ਮਾਰਸ਼ਲ ਕੌਮ ਹੈ ਜੋ ਰਾਜਭਾਗ ਸਥਾਪਿਤ ਕਰਨ ਪ੍ਰਤੀ ਸਮਰੱਥਾਵਾਨ ਹੈ। ਉਨ੍ਹਾਂ ਕਿਹਾ ਕਿ ਸਿੱਖੀ ਸਿਧਾਂਤਾਂ ਤੇ ਨਿਸ਼ਾਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਕੌਮੀ ਸ਼ਖ਼ਸੀਅਤਾਂ ਦਾ ਚਰਿਤਰਹਨਨ ਲਈ ਵਿਰੋਧੀਆਂ ਵੱਲੋਂ ਸਾਡੇ ਹੀ ਵਰਗੇ ਹੀ ਸਰੂਪ ਵਾਲਿਆਂ ਨੂੰ ਅਗੇ ਕੀਤਾ ਹੋਇਆ ਹੈ, ਜੋ ਕਿ ਸਾਡੇ ਲਈ ਬਹੁਤ ਵਡੀ ਚੁਨੌਤੀ ਹੈ ਜਿਸ ਪ੍ਰਤੀ ਕੌਮ ਨੂੰ ਸੁਚੇਤ ਰੂਪ ਵਿਚ ਵਕਤ ਸਿਰ ਲਕੀਰ ਖਿੱਚਣ ਹੋਣ ਦੀ ਲੋੜ ਹੈ। ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਨੇ ਕਿਹਾ ਕਿ ਕੌਮ ਦੀ ਵਿਚਾਰਧਾਰਾ ਤੇ ਸਿਧਾਂਤ 'ਤੇ ਹੋ ਰਹੇ ਬੌਧਿਕ ਹਮਲਿਆਂ ਨੂੰ ਰੋਕਣ ਲਈ ਵਡੀ ਘਾਲਣਾ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਸੈਮੀਨਾਰ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਯਾਦ ਨੂੰ ਸਮਰਪਿਤ ਹੈ, ਜਿਨ੍ਹਾਂ ਵੀਹਵੀਂ ਸਦੀ ਦੌਰਾਨ ਸਿਖ ਕੌਮ ਦੀ ਅਣਖ ਅਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ ਅਜ਼ਮਤ ਲਈ ਸ਼ਹੀਦੀ ਦਿੰਦਿਆਂ ਕੌਮ ਨੂੰ ਨਵੀਂ ਦਿਸ਼ਾ ਦਿਤੀ। ਉਨ੍ਹਾਂ ਇਸ ਗੱਲੋਂ ਤਸੱਲੀ ਪ੍ਰਗਟਾਈ ਕਿ ਜਦ ਵੀ ਕਿਸੇ ਸਿੱਖ ਨੂੰ ਆਂਚ ਆਉਂਦੀ ਹੈ ਦੁਨੀਆ ਭਰ ਦੇ ਸਿਖ ਉੱਠ ਖੜੇ ਹੁੰਦੇ ਹਨ। ਬਾਬਾ ਲੱਖਾ ਸਿੰਘ ਨਾਨਕਸਰ ਨੇ ਕਿਹਾ ਕਿ ਸਾਡੇ ਹੀ ਪਹਿਰਾਵੇ 'ਚ ਕੁੱਝ ਲੋਕ ਗੁਰ-ਮਤਿ, ਗੁਰਬਾਣੀ ਅਤੇ ਗੁਰ ਇਤਿਹਾਸ 'ਤੇ ਕਿੰਤੂ ਕਰ ਰਹੇ ਹਨ, ਜਿਨ੍ਹਾਂ ਪ੍ਰਤੀ ਸੁਚੇਤ ਹੁੰਦਿਆਂ ਪਹਿਰਾ ਦੇਣ ਦੀ ਲੋੜ ਹੈ। ਸੰਤ ਬਾਬਾ ਪ੍ਰਦੀਪ ਸਿੰਘ ਬੋਰੇਵਾਲ ਨੇ ਬਾਬਾ ਹਰਨਾਮ ਸਿੰਘ ਖ਼ਾਲਸਾ ਵੱਲੋਂ ਕੀਤੇ ਜਾ ਰਹੇ ਪੰਥਕ ਕਾਰਜਾਂ ਤੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਸ਼ਰਧਾਹੀਣਾਂ ਵੱਲੋਂ ਮਰਿਆਦਾ 'ਤੇ ਟੀਕਾ ਟਿੱਪਣੀ ਕਰਨ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਟਕਸਾਲ ਨੂੰ ਜੀਵਨ ਜਾਂਚ ਸਿਖਾਉਣ ਦਾ ਗੜ੍ਹ ਦਸਿਆ। ਮੁਖ ਮਹਿਮਾਨ ਸ: ਨਿਰਮਲ ਸਿੰਘ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਨੇ ਸੰਤ ਭਿੰਡਰਾਂਵਾਲਿਆਂ ਦੀ ਅਧਿਆਤਮਿਕਤਾ 'ਤੇ ਰੌਸ਼ਨੀ ਪਾਈ। ਜਥੇਦਾਰ ਤੋਤਾ ਸਿੰਘ ਨੇ ਦਮਦਮੀ ਟਕਸਾਲ ਦੇ ਉਦਮ ਨੂੰ ਸਲਾਹਿਆ। ਸਿੱਖ ਚਿੰਤਕ ਸ: ਹਰਭਜਨ ਸਿੰਘ ਡੇਹਰਾਦੂਨ ਨੇ ਕਿਹਾ ਕਿ ਦਮਦਮੀ ਟਕਸਾਲ ਪੰਥ ਦਾ ਸਭ ਤੋਂ ਕੀਮਤੀ ਸਰਮਾਇਆ ਹੈ। ਪ੍ਰੋ: ਸੁਖਦਿਆਲ ਸਿੰਘ ਨੇ ਵੀਰ ਰਸ 'ਚ ਆਉਂਦਿਆਂ ਹਿੰਦ ਹਕੂਮਤ ਵੱਲੋਂ ਸਿੱਖ ਕੌਮ ਨਾਲ ਕੀਤੇ ਗਏ ਵਿਸ਼ਵਾਸਘਾਤ ਅਤੇ ਵਿਤਕਰਿਆਂ ਲਈ ਸਖ਼ਤ ਆਲੋਚ-ਨਾ ਕੀਤੀ।

# ਰਿਜ਼ਰਵ ਬੈਂਕ ਨੇ 2000 ਰੁਪਏ ਦੇ ਨੋਟਾਂ ਦੀ ਛਪਾਈ ਵੀ ਰੋਕੀ

ਮੁੰਬਈ, 20 ਅਕਤੂਬਰ (ਪੋਸਟ ਬਿਊਰੋ)- ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੇ 2000 ਰੁਪਏ ਦੇ ਨੋਟਾਂ ਦੀ ਛਪਾਈ ਰੋਕ ਦਿੱਤੀ ਹੈ। ਚਾਲੂ ਵਰ੍ਹੇ 'ਚ 2000 ਰੁਪਏ ਦਾ ਇੱਕ ਵੀ ਨੋਟ ਨਹੀਂ ਛਾਪਿਆ ਗਿਆ। ਆਰ ਬੀ ਆਈ ਨੇ ਦਾਇਰ ਕਰਵਾਈ ਗਈ ਇੱਕ ਆਰ ਟੀ ਆਈ ਦੇ ਜਵਾਬ 'ਚ ਇਹ ਖੁਲਾਸਾ ਕੀਤਾ ਹੈ।

ਆਰ ਬੀ ਆਈ (ਭਾਰਤੀ ਰਿਜ਼ਰਵ ਬੈਂਕ) ਨੇ ਦੱਸਿਆ ਹੈ ਕਿ ਵਿੱਤੀ ਵਰ੍ਹੇ 2016-17 ਵਿੱਚ 2000 ਰੁਪਏ ਦੇ 354.29 ਕਰੋੜ ਨੋਟ ਛਾਪੇ ਗਏ, ਜਦ ਕਿ ਸਾਲ 2017-18 'ਚ 11.15 ਕਰੋੜ ਨੋਟਾਂ ਦੀ ਛਪਾਈ ਹੋਈ। 2018-19 'ਚ ਇਹ ਗਿਣਤੀ ਘੱਟ ਕੇ 4.66 ਕਰੋੜ ਰਹਿ ਗਈ। ਚਾਲੂ ਵਿੱਤੀ ਵਰ੍ਹੇ 'ਚ ਇੱਕ ਵੀ ਨੋਟ ਨਹੀਂ ਛਾਪਿਆ ਗਿਆ। ਪਿਛਲੇ ਵਿੱਤੀ ਵਰ੍ਹੇ ਦੌਰਾਨ 2000 ਰੁਪਏ ਦੇ ਨੋਟਾਂ ਦਾ ਕਾਫੀ ਘੱਟ ਹੋਣ ਪਿੱਛੋਂ ਇਸ ਦੀ ਗਿਣਤੀ ਵਿੱਚ 7.2 ਕਰੋੜ ਦੀ ਕਮੀ ਦਰਜ ਕੀਤੀ ਗਈ, ਜਿਹੜੀ ਹੋਰ ਵੀ ਹੋ ਸਕਦੀ ਹੈ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



TransExpert NOW HIRING! Skylark Logistics Inc.
Full Time Mechanic Also Needed
Highway US Drivers & Owner Operators Wanted
- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hassle at scales.
- On site fuel and scale.

Also Flatbed owner operators are needed. Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.



JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP Call: 416-319-0551



ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 647.898.4042/416.505.6857
(Call from 9am to 6pm)



amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0



Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6



GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
Canadian Red Cross Training Partner



V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ: 416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ



AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators
◦ AZ-DZ Drivers
◦ Forklift Driver
◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



RESIDENTIAL - COMMERCIAL PROPERTY - INDUSTRIAL
KARAM SINGH PUNIAN Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਲਾਪਤਾ ਲੜਕੇ ਨੂੰ ਲੱਭਣ ਦੇ ਬਹਾਨੇ ਵਾਰਸਾਂ ਤੋਂ ਢਾਈ ਲੱਖ ਠੱਗੇ

ਗੋਇੰਦਵਾਲ ਸਾਹਿਬ, 20 ਅਕਤੂਬਰ (ਪੋਸਟ ਬਿਊਰੋ)- ਲਾਪਤਾ ਲੜਕਾ ਵਾਰਸਾਂ ਹਵਾਲੇ ਕਰਨ ਦੇ ਨਾਂ ਉਤੇ ਆਪਣੇ ਆਪ ਨੂੰ ਐਸ ਐਸ ਪੀ ਦਾ ਰੀਡਰ ਦੱਸ ਕੇ ਉਸ ਪਰਵਾਰ ਨਾਲ ਢਾਈ ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਜਗਤਾਰ ਸਿੰਘ ਵਾਸੀ ਵੜਿੰਗ ਸੂਬਾ ਸਿੰਘ ਦੇ ਖਿਲਾਫ ਥਾਣਾ ਗੋਇੰਦਵਾਲ ਸਾਹਿਬ ਵਿੱਚ ਕੇਸ ਦਰਜ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਆਦਮਪੁਰ, ਜ਼ਿਲ੍ਹਾ ਜਲੰਧਰ ਦੀ ਰਹਿਣ ਵਾਲੀ ਹਰਜੀਤ ਕੌਰ ਪਤਨੀ ਦਲਜੀਤ ਸਿੰਘ ਨੇ ਦੱਸਿਆ ਕਿ 10 ਅਗਸਤ 2014 ਨੂੰ ਉਸ ਦਾ ਨਾਬਾਲਿਗ ਲੜਕਾ ਗੁਰਕੀਰਤ ਸਿੰਘ ਅਚਾਨਕ ਲਾਪਤਾ ਹੋ ਗਿਆ ਸੀ। ਉਸ ਦੀ ਗੁੰਮਸ਼ਦਗੀ ਬਾਰੇ ਪਰਵਾਰ ਨੇ 21 ਅਪ੍ਰੈਲ 2019 ਨੂੰ ਅਖਬਾਰ ਵਿੱਚ ਇੱਕ ਲੱਖ ਰੁਪਏ ਇਨਾਮ ਦਾ ਇਸ਼ਤਿਹਾਰ ਦਿੱਤਾ ਸੀ। ਇੱਕ ਦਿਨ ਉਨ੍ਹਾਂ ਨੂੰ ਫੋਨ ਆਇਆ ਕਿ ਅੰਮ੍ਰਿਤਸਰ ਐਸ ਐਸ ਪੀ ਇੰਟੈਲੀਜੈਂਸ ਗੁਰਮੀਤ ਸਿੰਘ ਦਾ ਰੀਡਰ ਬੋਲ ਰਿਹਾ ਹੈ ਅਤੇ ਉਨ੍ਹਾਂ ਦਾ ਲੜਕਾ ਗੁਰਕੀਰਤ ਸਿੰਘ ਪੁਲਸ ਨੇ ਕਿਸੇ ਮਾਮਲੇ ਵਿੱਚ ਫੜ ਲਿਆ ਹੈ। ਇਸ ਜਿਸ ਮਾਮਲੇ ਵਿੱਚ ਉਕਤ ਰੀਡਰ ਨੇ ਗੁਰਕੀਰਤ ਸਿੰਘ ਨੂੰ ਛੱਡਣ ਲਈ ਚਾਰ ਲੱਖ ਰੁਪਏ ਦੀ ਮੰਗ ਕੀਤੀ। ਉਸ ਨੇ ਪੈਸੇ ਪਾਉਣ ਲਈ ਆਪਣਾ ਖਾਤਾ ਨੰਬਰ ਦਿੱਤਾ। ਹਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਉਕਤ ਖਾਤੇ ਵਿੱਚ ਢਾਈ ਲੱਖ ਰੁਪਏ ਪਾ ਦਿੱਤੇ। ਪਰਵਾਰ ਨੇ ਕਿਹਾ ਕਿ ਰੀਡਰ ਬਣ ਕੇ ਫੋਨ ਕਰ ਰਹੇ ਉਕਤ ਵਿਅਕਤੀ ਦੇ ਦੱਸੇ ਪਤੇ 'ਤੇ ਜਦ ਉਹ ਗੁਰਕੀਰਤ ਸਿੰਘ ਨੂੰ ਲੈਣ ਥਾਣਾ ਅਜਨਾਲਾ ਪੁੱਜੇ ਤਾਂ ਗੁਰਕੀਰਤ ਸਿੰਘ ਨਹੀਂ ਮਿਲਿਆ। ਜਦ ਇਹ ਸਾਰਾ ਮਾਮਲਾ ਪੁਲਸ ਕੋਲ ਪੁੱਜਾ ਤਾਂ ਜਾਂਚ ਵਿੱਚ ਭੇਦ ਖੁੱਲ੍ਹਾ ਕਿ ਗੁਰਕੀਰਤ ਸਿੰਘ ਦੇ ਪਰਵਾਰ ਨਾਲ ਠੱਗੀ ਮਾਰਨ ਵਾਲਾ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਵੜਿੰਗ ਸੂਬਾ ਸਿੰਘ ਦਾ ਜਗਤਾਰ ਸਿੰਘ ਹੈ। ਥਾਣਾ ਗੋਇੰਦਵਾਲ ਸਾਹਿਬ ਦੇ ਐਸ ਐਚ ਓ ਬਲਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਉਕਤ ਵਿਅਕਤੀ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਇਸ ਵਿਅਕਤੀ ਖਿਲਾਫ ਪੁਲਸ ਅਧਿਕਾਰੀਆਂ ਦਾ ਰੀਡਰ ਬਣ ਕੇ ਆਮ ਲੋਕਾਂ ਨਾਲ ਠੱਗੀਆਂ ਮਾਰਨ ਦੇ ਚਾਰ ਪੰਜ ਕੇਸ ਪਹਿਲਾਂ ਵੀ ਦਰਜ ਹਨ।

## ਅਨੁਸੂਚਿਤ ਜਾਤੀਆਂ ਨਾਲ ਧੋਖਾ ਅਤੇ ਧੱਕੇਸ਼ਾਹੀ ਬੰਦ ਹੋਵੇ : ਕੈਂਥ



ਪਟਿਆਲਾ, 20 ਅਕਤੂਬਰ (ਗਿਆਨ ਸਿੰਘ): ਕੈਪਟਨ ਸਰਕਾਰ ਵਿੱਚ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਅਣਡਿੱਠ ਕਰਨ ਦੀ ਨੀਤੀ ਅਤੇ ਨੀਅਤ ਨੂੰ ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਗਿਣੀਮਿਥੀ ਸ਼ਾਜਿਸ਼ ਦੇ ਤਹਿਤ ਅਧਿਕਾਰਾਂ ਤੋਂ ਵਾਂਝਿਆਂ ਕਰਨ ਦੇ ਮਨਸੂਬਿਆਂ ਦਾ ਪੁਰਜ਼ੋਰ ਵਿਰੋਧ ਕਰੇਗਾ।

ਅੱਜ ਪਟਿਆਲਾ ਵਿੱਚ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦਿਆਂ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਨਾਲ ਗੰਭੀਰ ਮੁੱਦਿਆਂ ਨੂੰ ਕੈਪਟਨ ਸਰਕਾਰ ਜਾਣਬੁਝ ਕੇ ਨਜਰ ਅੰਦਾਜ਼ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਪੰਜਾਬ ਵਿੱਚ ਅਨੁਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦੇ ਹਿੱਤਾਂ ਦੀ ਰਖਵਾਲੀ ਕਰਨ ਬਜਾਏ ਗੈਰ ਅਨੁਸੂਚਿਤ ਜਾਤੀਆਂ ਸ਼੍ਰੇਣੀਆਂ ਨੂੰ ਜਾਅਲੀ ਸਰਟੀਫਿਕੇਟ ਬਣਾ ਕੇ ਸਰਕਾਰੀ ਨੌਕਰੀਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਦਾਖਲੇ, ਪੰਚ, ਸਰਪੰਚ ਦੀਆਂ ਚੋਣਾਂ ਵਿੱਚ ਚੋਣ ਲੜਨ ਦਾ ਸਿਲਸਿਲਾ ਜਾਰੀ ਹੈ, ਉਹਨਾਂ ਅੱਗੇ ਕਿਹਾ ਕਿ ਪਿੰਡਾਂ ਦੀਆਂ ਪੰਚਾਇਤੀ ਸ਼ਾਮਲਾਟ ਜ਼ਮੀਨਾਂ ਵਿੱਚ ਰਾਖਵੇਂ ਦੀ 1/3 ਹਿੱਸੇ ਦੀ ਜ਼ਮੀਨ ਨੂੰ ਜਾਅਲੀ ਸਰਟੀਫਿਕੇਟ ਬਣਾ ਕੇ ਹੜੱਪਿਆਂ ਜਾ ਰਿਹਾ ਹੈ ਅਤੇ ਸਰਕਾਰੀ ਸੁਵਿਧਾਵਾਂ ਦਾ ਪੂਰਾ ਲਾਭ ਲੈਣ ਦੇ ਮਨਸੂਬਿਆਂ ਨਾ ਕਾਮਯਾਬ ਕੀਤਾ ਜਾਵੇਗਾ।

ਸ੍ਰ ਕੈਂਥ ਨੇ ਦੱਸਿਆ ਕਿ ਸਰਕਾਰੀ ਅਧਿਕਾਰੀ/ ਕਰਮਚਾਰੀ ਸਿਆਸੀ ਲੀਡਰਾਂ ਦੇ ਦਬਾਅ ਹੇਠ ਜਾਅਲੀ ਸਰਟੀਫਿਕੇਟ ਬਣਾਉਣ ਵਾਲੇ ਲੋਕਾਂ ਦੀ ਸ਼ਾਸਨ ਪ੍ਰਸ਼ਾਸਨ ਸ਼ਰੇਆਮ ਪੱਖ ਨੂੰ ਪੂਰਿਆ ਜਾ ਰਿਹਾ ਹੈ।ਪਟਿਆਲਾ ਦੇ ਪਿੰਡ ਅਲਾਮਪੂਰ ਦੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਗੈਰ ਅਨੁਸੂਚਿਤ ਜਾਤੀ ਸ਼੍ਰੇਣੀ ਦੇ ਲੋਕਾਂ ਨੇ ਪੰਚਾਇਤਾਂ ਚੋਣਾਂ ਲੜਨ ਵਾਲਿਆਂ ਅਤੇ ਸ਼ਾਮਲਾਟ ਜ਼ਮੀਨ ਚੌਕੋਤੇ ਉਤੇ ਲੈਣ ਵਾਲੇ ਕੇਸਾਂ ਵਿੱਚ ਕੈਪਟਨ ਸਰਕਾਰ ਦੇ ਅਗੂਆਂ ਵੱਲੋਂ ਸ਼ਰੇਆਮ ਧੱਕੇਸ਼ਾਹੀ ਅਤੇ ਹਮਾਇਤ ਕੀਤੀ ਜਾ ਰਹੀ ਹੈ।

ਕੈਪਟਨ ਸਰਕਾਰ ਦੇ ਅਨੁਸੂਚਿਤ ਜਾਤੀ ਦੇ ਕੈਬਨਿਟ ਮੰਤਰੀ ਅਤੇ ਵਿਧਾਇਕ ਅਜਿਹੀਆਂ ਘਟਨਾਵਾਂ ਉਤੇ ਕੋਈ ਕਾਰਵਾਈ ਕਰਵਾਉਣ ਵਿੱਚ ਅਸਮਰੱਥ ਹਨ।

ਕੈਂਥ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਸਮਾਜਿਕ ਨਿਆਂ, ਸ਼ਕਤੀਕਰਨ ਅਤੇ ਘੱਟ ਗਿਣਤੀ ਵਿਭਾਗ ਕੋਲ ਜਾਅਲੀ ਸਰਟੀਫਿਕੇਟਾਂ ਦਾ ਨਿਪਟਾਰਾ ਕਰਨ ਦੀ ਪ੍ਰਕਿਰਿਆ ਨੂੰ ਅਖੌਤੀ ਉਚ ਵਰਗ ਦੇ ਅਧਿਕਾਰੀ/ਕਰਮਚਾਰੀਆਂ ਵੱਲੋਂ ਜਾਣਬੁਝ ਕੇ ਕਾਰਵਾਈ ਨਹੀਂ ਕੀਤੀ ਜਾਦੀਂ ਸਗੋਂ ਸ਼ਿਕਾਇਤ ਕਰਨ ਵਾਲੇ ਲੋਕਾਂ ਨੂੰ ਖਜਲ-ਖੁਆਰ ਕਰਨ ਦੇ ਮਨਸੂਬਿਆਂ ਵਿੱਚ ਕਾਮਯਾਬ ਹਨ। ਨੈਸ਼ਨਲ ਸ਼ਡਿਊਲਡ ਅਲਾਇੰਸ ਜਾਅਲੀ ਅਨੁਸੂਚਿਤ ਜਾਤੀ ਪ੍ਰਾਪਤ ਸਰਟੀਫਿਕੇਟ ਵਾਲਿਆਂ ਨੂੰ ਬੇਨਕਾਬ ਕਰਨ ਦੀ ਮੁਹਿੰਮ ਦੀ ਸ਼ੁਰੂਆਤ ਕਰ ਰਿਹਾ ਹੈ। ਇਸ ਜਾਅਲੀ ਸਰਟੀਫਿਕੇਟ ਦੇ ਗੋਰਖਧੰਦੇ ਵਿੱਚ ਸ਼ਮੂਲੀਅਤ ਕਰਨ ਵਾਲੇ ਅਧਿਕਾਰੀ/ਕਰਮਚਾਰੀ ਅਤੇ ਸਿਆਸੀ ਲੀਡਰਾਂ ਨੂੰ ਜਨਤਕ ਤੌਰ ਉਤੇ ਨੰਗਾ ਕੀਤਾ ਜਾਵੇਗਾ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਕਾਂਗਰਸ ਸਰਕਾਰ ਜੇਕਰ ਗੰਭੀਰ ਮੁੱਦਿਆਂ ਬਾਰੇ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਰੱਖਿਆ ਕਰਨ ਵਾਲੀ ਵਿਜੀਲੈਂਸ ਮੋਨੀਟਰਿੰਗ ਕਮੇਟੀ ਦੀ ਮੀਟਿੰਗ ਨੂੰ ਤੁਰੰਤ ਸੱਦਿਆ ਜਾਵੇ। ਅਨੁਸੂਚਿਤ ਜਾਤੀ ਨਾਲ ਧੋਖਾ ਅਤੇ ਧੱਕੇਸ਼ਾਹੀ ਨੂੰ ਬੰਦ ਕਰਾਉਣ ਲਈ ਮੰਤਰੀ ਤੇ ਵਿਧਾਇਕਾਂ ਅਤੇ ਅਨੁਸੂਚਿਤ ਜਾਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਪੰਜਾਬ ਸਰਕਾਰ ਦੀ ਵਿਧਾਨ ਸਭਾ ਕਮੇਟੀ ਨੂੰ ਮਿਲਨ ਦਾ ਪ੍ਰੋਗਰਾਮ ਬਣਾਇਆ ਗਿਆ ਹੈ।ਇਸ ਮੀਟਿੰਗ ਵਿੱਚ ਜਰਨੈਲ ਸਿੰਘ,ਐਡਵੋਕੇਟ ਰਵਿੰਦਰ ਸਿੰਘ, ਬਲਵੀਰ ਸਿੰਘ ਆਲਮਪੁਰ, ਗੁਰਸੇਵਕ ਸਿੰਘ ਮੈਣਮਾਜਰੀ, ਦਲੀਪ ਸਿੰਘ ਬੂਚੜੇ, ਇੰਜੀਨੀਅਰ ਗੁਰਮੇਲ ਸਿੰਘ, ਪਰਮਿੰਦਰ ਕੁਮਾਰ,ਸੂਬੇਦਾਰ ਸੁਰਜਨ ਸਿੰਘ, ਪ੍ਰੇਮ ਖੋੜਾ, ਚੰਦ ਸਿੰਘ ਭਟੇੜੀ, ਸਰਨਜੀਤ ਬਹਿਰੂ, ਪ੍ਰੇਮ ਸਿੰਘ ਖਾਲਸਾ, ਗੁਰਦੀਪ ਸਿੰਘ, ਰਾਜ ਕੁਮਾਰ, ਸੁਖਵਿੰਦਰ ਕਾਲਾ, ਗੁਰਪ੍ਰੀਤ ਘੋਲੀ, ਇੰਜੀਨੀਅਰ ਛੋਟਾ ਰਾਮ ਆਦਿ, ਵੱਡੀ ਗਿਣਤੀ ਔਰਤਾਂ ਨੇ ਸ਼ਮੂਲੀਅਤ ਕੀਤੀ।

# 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 3 ਦਿਨਾ 'ਰਬਾਬ ਉਤਸਵ'

### ਚੰਨੀ ਨੇ ਗੁਰੂ ਸਾਹਿਬ ਨਾਲ ਸਬੰਧਿਤ ਥਾਵਾਂ ਦੇ ਵਿਕਾਸ ਦੀ ਵਚਨਬੱਧਤਾ ਨੂੰ ਦੁਹਰਾਇਆ



ਸੁਲਤਾਨਪੁਰ ਲੋਧੀ, 20 ਅਕਤੂਬਰ (ਗਿਆਨ ਸਿੰਘ): ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਵਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਗੁਰਦੁਆਰਾ ਰਬਾਬਸਰ ਸਾਹਿਬ ਭਰੋਆਣਾ ਵਿਖੇ ਕਰਵਾਇਆ ਗਿਆ 3 ਦਿਨਾ ਰਬਾਬ ਉਤਸਵ ਅੱਜ ਸੰਗਤ ਨੂੰ ਰੂਹਾਨੀਅਤ ਨਾਲ ਜੋੜਦਾ ਹੋਇਆ ਸਮਾਪਤ ਹੋ ਗਿਆ।

ਰਬਾਬ ਉਤਸਵ ਦੌਰਾਨ ਕੁੱਲ 27 ਕੀਰਤਨੀ ਜਥਿਆਂ ਵਲੋਂ ਗੁਰਬਾਣੀ ਦਾ ਰਾਗ ਅਧਾਰਿਤ ਕੀਰਤਨ ਕੀਤਾ ਗਿਆ ਉੱਥੇ ਹੀ ਵੱਖ-ਵੱਖ ਯੂਨੀਵਰਸਿਟੀਆਂ ਦੇ ਵਿਦਵਾਨਾਂ ਵਲੋਂ ਗੁਰਬਾਣੀ ਤੇ ਰਬਾਬ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਗਿਆ। ਰਬਾਬ ਉਤਸਵ ਦੌਰਾਨ ਮੁੱਖ ਤੌਰ 'ਤੇ ਪ੍ਰਦਮ ਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ ਤੇ ਪ੍ਰਦਮ ਸ਼੍ਰੀ ਸਿੰਘ ਬੰਧੂ ਭਾਈ ਸੁਰਿੰਦਰ ਸਿੰਘ ਵਲੋਂ ਆਪਣੀ ਕਲਾ ਰਾਹੀਂ ਸੰਗਤ ਨੂੰ ਆਨੰਦਿਤ ਕੀਤਾ ਗਿਆ।

ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ , ਵਿਧਾਇਕ ਨਵਤੇਜ ਸਿੰਘ ਚੀਮਾ, ਡਿਪਟੀ ਕਮਿਸ਼ਨਰ ਵਲੋਂ ਵੀ ਅੱਜ ਰਬਾਰ ਉਤਸਵ ਦੇ ਆਖਰੀ ਦਿਨ ਸ਼ਿਰਕਤ ਕੀਤੀ ਗਈ। ਇਸ ਮੌਕੇ ਸ. ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਵੱਖ-ਵੱਖ ਅਸਥਾਨਾਂ ਦੇ ਵਿਕਾਸ ਵੱਲ ਵਿਸ਼ੇਸ਼ ਤਵੱਜ਼ੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 'ਸ਼੍ਰੀ ਗੁਰੂ ਨਾਨਕ ਐਂਡਵਾਂਸ ਸਟੱਡੀਜ਼ ' ਚੇਅਰ ਸਥਾਪਿਤ ਕਰਨ ਦੀ ਲੋੜ 'ਤੇ ਜ਼ੋਰ ਵੀ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਸੈਰ ਸਪਾਟਾ ਵਿਭਾਗ ਰਾਗ ਅਧਾਰਿਤ ਕੀਰਤਨ, ਸੂਖਮ ਕਲਾ ਨੂੰ ਪ੍ਰਫੁੱਲਿਤ ਕਰਨ ਲਈ ਭਵਿੱਖ ਵਿਚ ਵੀ ਅਜਿਹੇ ਸਮਾਗਮ ਕਰਵਾਏਗਾ।

ਇਸ ਮੌਕੇ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਪੰਜਾਬ ਸਰਕਾਰ ਤੇ ਪੰਜਾਬੀ ਯੂਨੀਵਰਸਿਟੀ ਦਾ ਸੁਲਤਾਨਪੁਰ ਲੋਧੀ ਦੀ ਧਰਤੀ 'ਤੇ ਅੰਤਰਰਾਸ਼ਟਰੀ ਪੱਧਰ ਦਾ ਸੈਮੀਨਾਰ ਕਰਵਾਉਣ 'ਤੇ ਧੰਨਵਾਦ ਕੀਤਾ।

ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਬੀ.ਐਸ. ਘੁੰਮਣ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਨੂੰ ਘਰ-ਘਰ ਪਹੁੰਚਾਉਣ ਲਈ ਇਸੇ ਸਾਲ ਹੀ 55 ਸੈਮੀਨਾਰ, ਕਾਨਫਰੰਸਾਂ ਤੇ ਸੰਗੀਤਕ ਗੋਸ਼ਟੀਆਂ ਕਰਵਾਈਆਂ ਹਨ।

ਅੱਜ ਆਖਰੀ ਦਿਨ ਭਾਈ ਮਰਦਾਨਾ ਜੀ ਤੇ ਰਬਾਬ ਦੀ ਗੁਰਮਤਿ ਸੰਗੀਤ ਵਿਚ ਮਹਾਨਤਾ ਬਾਰੇ ਇਕ ਕੌਮੀ ਸੈਮੀਨਾਰ ਵੀ ਕਰਵਾਇਆ ਗਿਆ ਜਿਸ ਵਿਚ ਡਾ. ਗੁਰਨਾਮ ਸਿੰਘ ਸਾਬਕਾ ਮੁਖੀ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੁੱਖ ਤੌਰ 'ਤੇ ਵਿਚਾਰ ਰੱਖੇ। ਇਸ ਤੋਂ ਇਲਾਵਾ ਪ੍ਰੋ. ਯਸ਼ਪਾਲ ਸ਼ਰਮਾ ਤੇ ਪ੍ਰੋ. ਗੁਰਮੀਤ ਸਿੰਘ ਜੋ ਕਿ ਪੰਜਾਬੀ ਯੂਨੀਵਰਸਿਟੀ ਵਲੋਂ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੇ ਇੰਚਾਰਜ ਹਨ , ਵਲੋਂ ਵੀ ਆਪਣੇ ਕੀਮਤੀ ਵਿਚਾਰ ਰੱਖੇ ਗਏ।

ਇਸ ਮੌਕੇ ਡਾ. ਕੰਵਲਜੀਤ ਸਿੰਘ , ਮੁਖੀ ਸੰਗੀਤ ਵਿਭਾਗ, ਪ੍ਰੋ. ਰਵੇਲ ਸਿੰਘ, ਪ੍ਰੋ. ਸਵਰਲੀਨ ਕੌਰ, ਡਾ. ਜਸਵੰਤ ਸਿੰਘ, ਹਜ਼ੂਰੀ ਰਾਗੀ ਭਾਈ ਨਰਿੰਦਰ ਸਿੰਘ ਬਨਾਰਸੀ, ਪ੍ਰੋ. ਅਰਸ਼ਪ੍ਰੀਤ ਸਿੰਘ, ਡਾ. ਜਸਬੀਰ ਕੌਰ ਪਟਿਆਲਾ ਹਾਜ਼ਰ ਸਨ।

## ਕਿਸਾਨਾਂ ਲਈ ਕੋਈ ਵੀ ਸਰਕਾਰ ਬਚਨਬੱਧ ਨਹੀਂ ਹੋਈ : ਡਾ. ਜੌਹਲ




ਮੋਗਾ, 20 ਅਕਤੂਬਰ (ਗਿਆਨ ਸਿੰਘ) ਲੋਕ ਅਧਿਕਾਰ ਲਹਿਰ ਦੀ ਕਾਨਫਰੰਸ'ਚ ਭ੍ਰਿਸਟਾਚਾਰ, ਅਨਪੜ੍ਹਤਾ, ਬੇਰੁਜਗਾਰੀ ਅਤੇ ਸੂਬੇ'ਚ ਨਸ਼ਿਆਂ ਕਾਰਨ ਗਲਤਾਨ ਹੋ ਰਹੀ ਜਵਾਨੀ ਆਦਿ ਸਮੱਸਿਆਵਾਂ ਉੱਤੇ ਚਿੰਤਾਂ ਦਾ ਪ੍ਰਗਟਾਵਾ ਕਰਦੇ ਲੋਕਾਂ ਨੂੰ ਹੱਕਾ ਦੀ ਲੜਾਈ ਲਈ ਲਹਿਰ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਜਲਦੀ ਸੁਬਾਈ ਕਾਨਫਰੰਸ ਕਰਨ ਦਾ ਐਲਾਨ ਕੀਤਾ ਗਿਆ।

ਇਸ ਮੋਕੇ ਉੱਘੇ ਅਰਥ ਸਾਸ਼ਤਰੀ ਤੇ ਜਥੇਬੰਦੀ ਕਨਵੀਨਰ ਡਾ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਸਾਨੂੰ ਰੁਜ਼ਗਾਰ, ਸਿੱਖਿਆ ,ਸਿਹਤ ਸਹੂਲਤਾਂ, ਇਮਾਨਦਾਰ ਪ੍ਰਸ਼ਾਸਨ, ਨਿਆਂ ਦੀ ਲੋੜ ਹੈ ਪਰ ਸੂਬੇ'ਚ ਸਾਰਾ ਕੁਝ ਉਲਟ ਹੋ ਰਿਹਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਜਥੇਬੰਦੀ ਦਾ ਕੋਈ ਸਿਆਸੀ ਏਜੰਡਾਂ ਨਹੀਂ ਸਿਰਫ਼ ਤੇ ਸਿਰਫ਼ ਲੋਕਾਂ ਨੂੰ ਅਧਿਕਾਰਾਂ ਪ੍ਰਤੀ ਜਾਗਰੂਕ ਕਰਨਾਂ ਹੈ। ਉਨ੍ਹਾਂ ਸੂਬੇ'ਚ ਬਦਤਰ ਹਾਲਾਤਾਂ ਦਾ ਜ਼ਿਕਰ ਕਰਦੇ ਇਸਦਾ ਮੁਕਾਬਲਾ ਕਰਨ ਲਈ ਸੂਝਵਾਨ ਤੇ ਸੰਘਰਸ਼ੀਲ ਧਿਰਾਂ ਦੀ ਸਾਂਝੀ ਰਣਨੀਤੀ ਬਣਾਉਣ ਅਤੇ ਵਿਗੜੇ ਸਿਆਸੀ,ਪ੍ਰਸ਼ਾਸਨਿਕ ਤੇ ਸਮਾਜਿਕ ਪ੍ਰਬੰਧ ਲਈ ਇੱਕ ਮੰਚ'ਤੇ ਇਕੱਠਾ ਹੋਣ ਦੀ ਲੋੜ 'ਤੇ ਜੋਰ ਦਿੰਦੇ ਕਿਹਾ ਕਿ ਸਾਨੂੰ ਰਿਵਾਇਤੀ ਸਿਆਸੀ ਪਾਰਟੀਆਂ ਤੋਂ ਭਲੇ ਦੀ ਉਮੀਦ ਨਹੀਂ ਰੱਖਣੀ ਚਾਹੀਦੀ।

ਡਾ. ਜੌਹਲ ਨੇ ਗੱਲਬਾਤ ਕਰਦੇ ਕਿਹਾ ਕਿ ਕਿਸਾਨਾਂ ਦੀ ਬਿਹਤਰੀ ਲਈ ਹੁਣ ਤੱਕ ਕੋਈ ਵੀ ਸਰਕਾਰ ਬਚਨਬੱਧ ਨਹੀਂ ਹੋਈ। ਕਿਸਾਨਾਂ ਦੇ ਭੱਖਦੇ ਮਸਲਿਆਂ ਬਾਰੇ ਪੁੱਛੇ ਸਵਾਲਾਂ ਦਾ ਜਵਾਬ ਦਿੰਦੇ ਡਾ. ਜੌਹਲ ਨੇ ਕਿਹਾ ਕਿ ਮਸਲਿਆਂ ਦੇ ਹੱਲ ਹਨ ਪਰ ਸਿਆਸੀ ਇੱਛਾ ਸ਼ਕਤੀ ਹੋਣੀ ਚਾਹੀਦੀ ਹੈ ਜਿਹੜੀ ਕੋਈ ਸਰਕਾਰ ਨਹੀਂ ਦਿਖਾ ਸਕੀ। ਉਨ੍ਹਾਂ ਪਰਾਲੀ ਸਾੜਨ ਦੀ ਸਮੱਸਿਆ ਨੂੰ ਕਿਸਾਨ ਦੀ ਲਾਹਪ੍ਰਵਾਹੀ ਤੇ ਸਰਕਾਰ ਦੀ ਨਲਾਇਕੀ ਆਖਦੇ ਕਿਹਾ ਕਿ ਬਹੁਤ ਆਸਾਨ ਤੇ ਇੱਕੋ ਇੱਕ ਹੱਲ ਉਲਟਾਂਵੇ ਹਲਾਂ ਨਾਲ ਖੇਤ ਨੂੰ ਵਾਹਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਸਭ ਤੋਂ ਵੱਡਾ ਮਸਲਾ,ਖਰਚਾ ਵੱਧ ਤੇ ਆਮਦਨ ਘੱਟ ਹੋਣਾ ਹੈ,ਉਨ੍ਹਾਂ ਕੋਲ ਪੀੜ੍ਹੀ ਦਰ ਪੀੜ੍ਹੀ ਵੰਡ ਕਾਰਨ ਜਮੀਨ ਥੋੜ੍ਹੀ-ਥੋੜ੍ਹੀ ਰਹਿ ਗਈ ਹੈ।


ਪਿੰਡ ਟੱਲੇਵਾਲ ਜ਼ਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਬਾਬਾ ਲਾਲ ਸਿੰਘ ਜੀ (ਬਰੱਕਤ) ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਟੱਲੇਵਾਲ ਜਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਲਾਲ ਸਿੰਘ ਬਰੱਕਤ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 25 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਿਖ ਹੇਰੀਟੇਜ ਸੈਂਟਰ ਤੇ 10 ਵਜੇ ਆਰੰਭ ਕੀਤੇ ਜਾ ਰਹੇ ਹਨ ਤੇ ਭੋਗ 27 ਅਕਤੂਬਰ ਦਿਨ ਐਤਵਾਰ ਨੂੰ 12 ਵਜੇ ਨੂੰ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

Sikh Heritage Centre
11796 Airport Rd, Brampton, ON L6R 0C7

ਜਗਦੇਵ ਸਿੰਘ: 437-241-6044
ਜਸਵਿੰਦਰ ਸਿੰਘ: 416-819-5540
ਮਨਿੰਦਰ ਸਿੰਘ (ਮਨੂੰ): 416-939-9866
ਨਿਸ਼ਾਨ ਸਿੰਘ ਤੁੰਗ: 647-407-0013
ਜਾਂ 905-789-5955

APEX
CONCRETE & LANDSCAPE
RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE
Limited Life Time Warranty
• STAMP CONCRETE • PLAIN CONCRETE • STEPS/SIDE ENTRANCE
• INTERLOCK • LAND SCAPE • SODING
• DRIVEWAY • SIDEWALK • PATIO
647-575-6102
Email: apexconstruc16@gmail.com
Laddi

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

| 40k Deposit Structure | |
|---|---|
| | $10,000 Submitted with offer |
| | $10,000 Submitted 90 days after Offer Date |
| | $20,000 Submitted 150 days after Offer Date |

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348



